ਜਨਵਰੀ 2026

# ਗੁਰਮਤਿ ਵਿਰਸਾ

GURMAT VIRSA गुरमति विरसा

ਜਨ ਗਿਆਨ ਪ੍ਰਗਾਸੁ ਅਗਿਆਨ ਮਿਟੰਤ
GIAN
ਗੁਰਮਤਿ ਗਿਆਨ

Year-7, Issue-6, January 2026, Ludhiana gurmatvirsa@gmail.com Multilingual Price 25/-

## ਤਖ਼ਤ ਸ੍ਰੀ ਪਟਨਾ ਸਾਹਿਬ

# ਪਰਟ ਅਗੰਮੜਾ ਗੁਰੂ ਗੋਬਿੰਦ ਸਿੰਘ ਜੀ

## ਪ੍ਰਕਾਸ਼ ਪੁਰਬ 23 ਪੋਹ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




(ਖੱਬੇ) ਕੇਂਦਰ ਨਵਾਂਸ਼ਹਿਰ ਵਲੋਂ ਸਰਕਾਰੀ ਸੀ.ਸੈ. ਸਕੂਲ ਜਾਡਲਾ ਅਤੇ (ਖੱਬੇ) ਸਰਕਾਰੀ ਸੀ.ਸੈ. ਸਕੂਲ ਉਸਮਾਨਪੁਰ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਬੱਚਿਆਂ ਨੂੰ ਜਾਣੂੰ ਕਰਵਾਇਆ ਗਿਆ।



ਕੇਂਦਰ ਨਵਾਂਸ਼ਹਿਰ ਦੇ ਸਰਕਾਰੀ ਸੀ.ਸੈ. ਸਕੂਲ ਪਿੰਡ ਹਿਆਲਾ ਵਿਖੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ।



ਕੇਂਦਰ ਨਵਾਂਸ਼ਹਿਰ ਦੇ ਸਰਕਾਰੀ ਸੀ.ਸੈ. ਸਕੂਲ ਪਿੰਡ ਪੱਲੀ ਝਿੱਕੀ ਵਿਖੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸੈਮੀਨਾਰ ਉਪਰੰਤ ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ



ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਲਤਾਲਾ ਦੇ ਸਕੂਲ ਵਿਖੇ ਸ਼ਹੀਦੀ ਦਿਹਾੜਿਆਂ ਮੌਕੇ ਬੱਚਿਆਂ ਨਾਲ ਗੁਰਬਾਣੀ ਦੀ ਸਾਂਝ ਪਾਈ ਗਈ।



ਕੇਂਦਰ ਮਹਾਂ ਸਿੰਘ ਨਗਰ (ਲੁਧਿਆਣਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ


ਜਨਵਰੀ 2026 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਪੋਹ-ਮਾਘ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਪਾਤਸ਼ਾਹੀ ਦਸਵੀਂ : 23 ਪੋਹ (05 ਜਨਵਰੀ)
- ਮਾਘੀ ਮੁਕਤਸਰ : 01 ਮਾਘ (13 ਜਨਵਰੀ)
- ਨੀਂਹ ਪੱਥਰ ਦਰਬਾਰ ਸਾਹਿਬ : 01 ਮਾਘ (13 ਜਨਵਰੀ)
- ਚਾਬੀਆਂ ਦਾ ਮੋਰਚਾ : 07 ਮਾਘ (19 ਜਨਵਰੀ)
- ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ : 14 ਮਾਘ (26 ਜਨਵਰੀ)
- ਪ੍ਰਕਾਸ਼ ਪਾਤਸ਼ਾਹੀ ਸੱਤਵੀਂ : 19 ਮਾਘ (31 ਜਨਵਰੀ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਮਰਦ ਅਗੰਮੜਾ ਗੁਰੂ ਗੋਬਿੰਦ ਸਿੰਘ ਜੀ | 10 |
| ਗੁਰੂ ਦੇ ਮੁਕਤੇ | 12 |
| ਕਾਜ਼ੀ ਨੂਰ ਮੁਹੰਮਦ ਅਤੇ ਉਸਦਾ ਜੰਗਨਾਮਾ | 18 |
| ਸ਼ੇਰਿ ਪੰਜਾਬ ਦੇ ਪਹਿਲੇ ਸਮਾਚਾਰ ਤੇ ਉਸਦੀ ਜਾਨ ਲੈਣ ਦਾ ਯਤਨ | 20 |
| ਨੰਨੇ ਵਾਰਸ | 22 |
| ਰਾਮੁ ਸਿਮਰਿ ਰਾਮੁ ਸਿਮਰਿ... | 24 |
| ਸਤਿਨਾਮੁ ਦਾ ਸੰਕਲਪ | 27 |
| ਸੀਨੀਅਰ ਵਿਦਿਆਰਥੀਆਂ ਦੇ ਮਾਪਿਆਂ ਦੀ ਇਕੱਤਰਤਾ | 28 |
| ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... | 29 |
| ਕਾਵਿ ਕਿਆਰੀ | 34 |
| **गुरू हरि राय साहिब जी** | **35** |
| Guru Har Rai Sahib Ji | 37 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਨਵੰਬਰ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਪੰਜਾਬ ਦੇ ਲੀਡਰਾਂ ਵਿਚ ਬੌਧਿਕਤਾ ਦੀ ਕੰਗਾਲੀ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਪੜ੍ਹਾਈ ਕਰਕੇ ਵੱਡੀਆਂ ਡਿਗਰੀਆਂ ਹਾਸਲ ਕਰ ਲੈਣੀਆਂ ਕੋਈ ਵੱਡੀ ਗੱਲ ਨਹੀਂ ਹੈ, ਵੱਡੀ ਗੱਲ ਤਾਂ ਇਹ ਹੁੰਦੀ ਹੈ ਕਿ ਜ਼ਿੰਦਗੀ ਦੇ ਮਹੱਤਵ ਨੂੰ ਕਿੰਨਾ ਸਮਝਿਆ ਹੈ। ਇਨਸਾਨ ਚੰਗਾ ਕਿੰਨਾ ਬਣਿਆ ਹੈ। ਐਮ. ਐਲ. ਏ. ਜਾਂ ਐਮ. ਪੀ. ਬਣ ਜਾਣਾ ਕੋਈ ਵੱਡੀ ਗੱਲ ਨਹੀਂ ਹੈ, ਸਭ ਤੋਂ ਵੱਡੀ ਗੱਲ ਇਹ ਹੁੰਦੀ ਹੈ ਕਿ ਜਿਸ ਮਕਸਦ ਲਈ ਲੋਕਾਂ ਨੇ ਚੁਣਿਆ ਹੈ ਕੀ ਉਸ ਨੂੰ ਸੂਬੇ ਦੇ ਹਿੱਤਾਂ ਦੀ ਬਰੀਕ ਸੂਝ ਵੀ ਹੈ? ਕੀ ਨੇਤਾਵਾਂ ਕੋਲ ਸੂਬੇ ਦੀ ਬੇਹਤਰੀ ਲਈ ਕੋਈ ਪ੍ਰੋਗਰਾਮ ਵੀ ਹੈ? ਜਦੋਂ ਵਿਧਾਨ ਸਭਾ ਜਾਂ ਪਾਰਲੀਮੈਂਟ ਵਿੱਚ ਬੋਲਣਾ ਹੈ ਤਾਂ ਕੀ ਕੋਈ ਤਿਆਰੀ ਵੀ ਕੀਤੀ ਹੈ? ਕੀ ਕਦੇ ਰਲ਼ ਕੇ ਪੰਜਾਬ ਦੇ ਮੁੱਦਿਆਂ ਪ੍ਰਤੀ ਕੇਂਦਰੀ ਨੇਤਾਵਾਂ ਨਾਲ ਕੋਈ ਮੀਟਿੰਗ ਵੀ ਕੀਤੀ ਹੈ ਜਾਂ ਸਰਕਾਰੀ ਸਹੂਲਤਾਂ ਦੀ ਮੌਜ ਹੀ ਮਾਣੀ ਹੈ?

ਇੱਕ ਵਾਰ ਜਿਹੜਾ ਨੇਤਾ ਚੁਣਿਆ ਜਾਂਦਾ ਹੈ ਉਹ ਪੀੜ੍ਹੀਆਂ ਦੀਆਂ ਰੋਟੀਆਂ ਇਕੱਠੀਆਂ ਕਰਨ ਵਿੱਚ ਲੱਗ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਸੁਣਾਉਣ ਦਾ ਅਰਥ ਹੁੰਦਾ ਹੈ ਕਿ ਬੀਤੇ ਸਮੇਂ ਦੀਆਂ ਘਟਨਾਵਾਂ ਦੀ ਪੜਚੋਲ ਕਰਕੇ ਅਗਾਂਹ ਕੁਝ ਨਵਾਂ ਸਿੱਖਿਆ ਜਾਏ। ਜਿਹੜੀਆਂ ਪਿੱਛੇ ਗਲਤੀਆਂ ਹੋਈਆਂ ਹਨ ਉਹ ਮੁੜ ਨਾ ਹੋਣ। ਵਰਤਮਾਨ ਸਮੇਂ ਵਿੱਚ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਵਿੱਚ ਬੌਧਿਕਤਾ ਦੀ ਕੰਗਾਲੀ ਆ ਚੁੱਕੀ ਹੈ। ਸਾਰੇ ਨੇਤਾਵਾਂ ਕੋਲ ਗੁਜ਼ਰ ਚੁੱਕੇ ਨੇਤਾਵਾਂ ਨੂੰ ਕੋਸਣ ਤੋਂ ਬਿਨਾਂ ਹੋਰ ਕੋਈ ਮੁੱਦਾ ਹੀ ਨਹੀਂ ਰਿਹਾ। ਚੰਗੇ ਨੂੰ ਚੰਗਾ ਕਹਿਣ ਵਾਲੀ ਬਿਰਤੀ ਹੀ ਖ਼ਤਮ ਹੋ ਚੁੱਕੀ ਹੈ। ਆਪਣੇ ਵਿਰੋਧੀ ਦੀ ਨਿਗੂਣੀ ਜਿਹੀ ਗੱਲ ਨੂੰ ਵੀ ਵਧਾ ਚੜ੍ਹਾਅ ਕੇ ਪੇਸ਼ ਕਰਨ ਦਾ ਰੁਝਾਨ ਪੈਦਾ ਹੋ ਗਿਆ ਹੈ। ਘਟੀਆ ਤੋਂ ਘਟੀਆ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਖ਼ਲਾਕ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹੀ। ਭਾਰਤ ਦੇ ਹੋਰ ਸੂਬਿਆਂ ਵਿੱਚ ਬਹੁਤ ਹੀ ਬਰੀਕ ਬਿਰਤੀ ਵਾਲੇ ਨੇਤਾ ਹਨ ਜਿੰਨ੍ਹਾਂ ਨੂੰ ਲੋਕ ਸਾਹ ਰੋਕ ਕੇ ਸੁਣਦੇ ਹਨ। ਸਾਡੇ ਕਿਸੇ ਵੀ ਨੇਤਾ ਦੀ ਕਿਸੇ ਵੀ ਵਿਸ਼ੇ 'ਤੇ ਕੋਈ ਮੁਹਾਰਤ ਨਹੀਂ ਹੈ। ਨਾ ਹੀ ਕੋਈ ਲੀਡਰ ਪੜ੍ਹਨ ਸੁਣਨ ਲਈ ਤਿਆਰ ਹੈ। ਆਪਣੇ ਆਲ਼ੇ ਦੁਆਲੇ ਅਜਿਹੇ ਲੋਕਾਂ ਦੀ ਛਾਂ ਤਿਆਰ ਕਰ ਲੈਂਦੇ ਹਨ, ਜੋ ਹਮੇਸ਼ਾਂ ਗਲਤ ਰਾਇ ਦਿੰਦੇ ਰਹਿੰਦੇ ਹਨ। ਚਮਚਿਆਂ ਦੀ ਐਨੀ ਭਰਮਾਰ ਹੋ ਜਾਂਦੀ ਹੈ ਕਿ ਅਸਲੀਅਤ ਸੁਣਨ ਲਈ ਸਮਾਂ ਹੀ ਨਹੀਂ ਬਚਦਾ। ਪੰਜਾਬ ਦੇ ਨੇਤਾਵਾਂ ਕੋਲ ਪੰਜਾਬ ਲਈ ਕੋਈ ਨੀਤੀਗਤ ਪ੍ਰੋਗਰਾਮ ਨਹੀਂ ਹੈ, ਸਵਾਏ ਇੱਕ ਦੂਜੇ ਨੂੰ ਭੰਡਣ ਦੇ। ਜਿਹੜੇ ਦੋ ਚਾਰ ਪੰਜਾਬੀ ਲੀਡਰ ਪੰਜਾਬ ਦੀ ਧਰਾਤਲ ਨਾਲ ਜੁੜੇ ਹਨ ਉਹ ਆਪਣੀ ਪਾਰਟੀ ਦੀ ਮਜ਼ਬੂਰੀ ਹੇਠ ਦਬੇ ਹੋਏ ਹਨ। ਕਿਸੇ ਵੀ ਪਾਰਟੀ ਕੋਲ ਉਸਾਰੂ ਸੋਚ ਨਹੀਂ ਹੈ। ਆਪਾ-ਧਾਪੀ ਪਈ ਹੋਈ ਹੈ। ਪੰਜਾਬ ਸਿੰਆ ਤੇਰਾ ਰੱਬ ਹੀ ਰਾਖਾ ਹੈ। ਸਭ ਤੇਰੀ ਆਰਥਿਕਤਾ ਨੂੰ ਨਚੋੜਨ 'ਤੇ ਲੱਗੇ ਹੋਏ ਹਨ।

ਪੰਜਾਬ ਜਿਸ ਨੂੰ ਪਹਿਲਾਂ ਦੇਸ਼ ਪੰਜਾਬ ਕਿਹਾ ਜਾਂਦਾ ਸੀ। 1849 ਤੱਕ ਦੇਸ਼ ਪੰਜਾਬ ਵੱਖਰਾ ਮੁਲਕ ਸੀ। ਅੰਗਰੇਜ਼ਾਂ ਨੇ ਭਾਰਤ ਦੀਆਂ ਲਗਪਗ ਸਾਰੀਆਂ ਰਿਆਸਤਾਂ ਤੇ ਕਬਜ਼ਾ ਕਰ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰ ਜਾਣ 'ਤੇ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ। ਜਦੋਂ ਸਿੱਖਾਂ ਨੇ ਅੰਗਰੇਜ਼ਾਂ ਦੀ ਗ਼ੁਲਾਮੀ ਵਾਲਾ ਜੂਲਾ ਗਲੋਂ ਲਾਹੁੰਣ ਲਈ ਕਮਰ ਕੱਸੇ ਕਰ ਲਏ ਤਾਂ ਕਰਮਚੰਦ ਗਾਂਧੀ, ਮਦਨ ਮੋਹਨ ਮਾਲਵੀਆ, ਨਹਿਰੂ ਤੇ ਪਟੇਲ ਵਰਗਿਆਂ ਨੇ ਸਿੱਖ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਆਓ ਪਹਿਲਾਂ ਰਲ਼ ਕੇ ਅੰਗਰੇਜ਼ਾਂ ਤੋਂ ਮੁਲਕ ਅਜ਼ਾਦ ਕਰਾ ਲਈਏ ਫਿਰ ਆਪਾਂ ਆਪਸ ਵਿੱਚ ਬੈਠ ਕੇ ਵੰਡ-ਵੰਡਾਈ ਕਰ ਲਵਾਂਗੇ। ਸਿੱਖ ਨੇਤਾਵਾਂ ਨੇ ਇਨ੍ਹਾਂ ਆਗੂਆਂ ਦੀਆਂ ਚੋਪੜੀਆਂ ਤੇ ਚੀਕਨੀਆਂ ਗੱਲਾਂ ਤੇ ਰੱਬ ਵਾਂਗ ਭਰੋਸਾ ਕਰ ਲਿਆ। ਸਿੱਖ ਨੇਤਾਵਾਂ ਨੇ ਆਪਣੇ ਘਰ-ਬਾਰ, ਮਾਲ-ਜਾਨ ਦੀ ਕੁਰਬਾਨੀ ਦੇ ਕੇ ਮੁਲਕ ਅਜ਼ਾਦ ਕਰਾ ਲਿਆ। ਇਸ ਅਜ਼ਾਦੀ ਵਿੱਚ ਪੰਜਾਬ ਦੀ ਭੂਗੋਲਿਕ ਵਿਰਾਸਤ ਸਦਾ ਲਈ ਸਾਡੇ ਕੋਲੋਂ ਖੋਹ ਲਈ ਗਈ। ਪੱਛਮੀ ਪੰਜਾਬ ਦੇ ਸ਼ਹਿਰਾਂ, ਪਿੰਡਾਂ ਦੇ ਨਾਂ ਤੇ ਇਤਿਹਾਸਕ ਗੁਰਦੁਆਰਿਆਂ ਦੀ ਹੂਕ ਸਾਡੇ ਦਿਲ ਦੀ ਤਹਿ ਵਿੱਚ ਵੱਸੀ ਹੋਈ ਹੈ। ਪੰਜਾਬ ਦੀ ਕਲਹਿਣੀ ਵੰਡ ਨੂੰ ਯਾਦ ਕਰਦਿਆਂ ਆਮ ਮੁਹਾਰੇ ਅਥਰੂਆਂ ਦਾ ਵਹਿਣ ਬਣ ਜਾਂਦਾ ਹੈ।

ਇਤਿਹਾਸ ਦੇ ਗਰਭ ਵਿਚੋਂ ਜਿੰਨ੍ਹਾਂ ਚਿਰ ਵਕਤ ਤੇ ਹਾਕਮਾਂ ਵਲੋਂ ਸਿਰਜੇ ਜਾਂਦੇ ਬ੍ਰਿਤਾਂਤਾਂ ਦੀ ਤਰਤੀਬ ਨਹੀਂ ਸਮਝਾਂਗੇ ਓਨਾਂ ਚਿਰ ਅਸੀਂ ਆਪਣਿਆਂ ਨੂੰ ਹੀ ਗਾਲ਼-ਮੰਦਾ ਕਰਦੇ ਰਹਾਂਗੇ। ਇਤਿਹਾਸ ਦੀਆਂ ਗਹਿਰਾਈਆਂ ਵਿੱਚ ਅਸਲ ਇਤਿਹਾਸ ਨੂੰ ਛੁਪਾਉਣ ਲਈ ਨਵਾਂ ਬ੍ਰਿਤਾਂਤ ਸਿਰਜਿਆ ਜਾਂਦਾ ਹੈ। ਇਸ ਦੀ ਤਾਜ਼ਾ ਮਿਸਾਲ ਜੂਨ 1984 ਦੇ ਕਹਿਰ ਵਿਚੋਂ ਦੇਖੀ ਜਾ ਸਕਦੀ ਹੈ। ਮੁੱਦਾ 8 ਅਪ੍ਰੈਲ 1982 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਨੇ ਕਪੂਰੀ ਵਿਖੇ ਸਤਲੁਜ ਯਮਨਾ ਲਿੰਕ ਨਹਿਰ ਤੇ ਟੱਕ ਲਗਾਇਆ ਸੀ। ਇਸ ਦਾ ਵਿਰੋਧ ਕਰਨ ਲਈ ਅਕਾਲੀ ਦਲ ਨੇ ਮੋਰਚਾ ਲਾਇਆ ਸੀ, ਜਿਹੜਾ ਪੰਜਾਬ ਵਿੱਚ ਭਿਆਨਕਤਾ ਦਾ ਰੂਪ ਧਾਰਨ ਕਰ ਗਿਆ। ਘਰਾਂ ਦੇ ਘਰ ਬਰਬਾਦ ਕੀਤੇ ਗਏ, ਝੂਠੇ ਪੁਲਿਸ ਮੁਕਾਬਲੇ ਬਣਾ ਬਣਾ ਕੇ ਸਿੱਖ ਨੌਜਵਾਨਾਂ ਦੇ ਕਤਲ ਕੀਤੇ ਗਏ। ਇਸ ਸਾਰੇ ਸੰਤਾਪ ਦੁਆਰਾ ਕਾਂਗਰਸ ਪਾਰਟੀ ਕੇਂਦਰ ਤੇ ਸੂਬਿਆਂ ਵਿੱਚ ਆਪਣੀ ਸਰਕਾਰ ਬਣਾਉਂਦੀ ਰਹੀ। ਸਾਰੇ ਭਾਰਤ ਵਿੱਚ ਇਹ ਬ੍ਰਿਤਾਂਤ ਸਿਰਜਿਆ ਗਿਆ ਕਿ ਸਿੱਖ ਦੇਸ਼ ਨਾਲੋਂ ਵੱਖਰਾ ਹੋਣਾ ਚਾਹੁੰਦੇ ਹਨ। ਦੇਸ਼ ਦੇ ਟੁਕੜੇ ਕਰਨਾ ਚਾਹੁੰਦੇ ਹਨ। ਇਸ ਪ੍ਰਭਾਵ ਹੇਠ ਬਹੁ-ਗਿਣਤੀ ਇਨ੍ਹਾਂ ਨੂੰ ਵੋਟਾਂ ਪਾਉਂਦੀ ਰਹੀ। ਪੰਜਾਬ ਵਿੱਚ ਵਾਰੀ ਵਾਰੀ ਅਕਾਲੀਏ ਤੇ ਕਾਂਗਰਸੀਏ ਸਰਕਾਰਾਂ ਦਾ ਅਨੰਦ ਮਾਣਦੇ ਰਹੇ। ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕੀਤੀ। ਸਭ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਜਿਹੜੇ ਵਾਅਦੇ ਕਰਕੇ ਸਰਕਾਰ ਬਣਾਉਂਦੇ ਸੀ, ਉਹ ਸਦਾ ਲਈ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਰਹੇ। ਪਾਣੀਆਂ ਦੇ ਮੁੱਦੇ ਸਮੇਤ ਕਦੇ ਵੀ ਕਿਸੇ ਨੇਤਾ ਨੇ ਗੱਲ ਨਹੀਂ ਕੀਤੀ। ਜੇ ਕੀਤੀ ਵੀ ਹੈ ਤਾਂ ਦਬਵੀਂ ਅਵਾਜ਼ ਵਿੱਚ ਤਾਂ ਕਿ ਪਾਰਟੀ ਨੂੰ ਕੋਈ ਇਤਰਾਜ਼ ਨਾ ਹੋ ਜਾਏ।

ਬ੍ਰਿਤਾਂਤ ਏਦਾਂ ਦਾ ਸਿਰਜ ਦਿੱਤਾ ਗਿਆ ਹੈ ਕਿ ਜੇ ਕੋਈ ਪੰਜਾਬ ਜਾਂ ਸਿੱਖ ਮੁੱਦਿਆਂ ਦੀ ਗੱਲ ਕਰਦਾ ਵੀ ਹੈ ਤਾਂ ਉਸ ਨੂੰ ਦੇਸ਼ ਧਰੋਹੀ, ਵੱਖਵਾਦੀ, ਦੇਸ਼ ਦੇ ਟੁਕੜੇ ਕਰਨਾ ਚਾਹੁੰਦਾ ਹੈ, ਅਜਿਹੇ ਫਿਕਰਿਆਂ ਨਾਲ ਉਸ ਦੀ ਅਵਾਜ਼ ਸਦਾ ਲਈ ਬੰਦ ਕਰ ਦਿੱਤੀ ਜਾਂਦੀ ਹੈ। ਸਰਕਾਰਾਂ ਵਲੋਂ ਸਿਰਜੇ ਜਾਂਦੇ ਬ੍ਰਿਤਾਂਤ ਵਿੱਚ ਅਸਲ ਮੁੱਦੇ ਗਵਾਚ ਜਾਂਦੇ ਹਨ। ਸਰਕਾਰਾਂ ਉਹ ਮੁੱਦੇ ਸਾਡੇ ਹੱਥਾਂ ਵਿੱਚ ਫੜਾ ਦਿੰਦੀਆਂ ਹਨ, ਜਿਸ ਨਾਲ ਉਹਨਾਂ ਨੂੰ ਲਾਭ ਹੋਵੇ। ਸਰਕਾਰੀ ਤੰਤਰ ਅਜਿਹਾ ਸ਼ਬਦ ਜਾਲ ਸਿਰਜਦਾ ਹੈ ਕਿ ਅਸੀਂ ਆਪਣਿਆਂ

ਦੇ ਹੀ ਵਿਰੁੱਧ ਹੋ ਜਾਂਦੇ ਹਾਂ। ਇੰਝ ਹੀ ਮੁਲਕ ਦੀ ਅਜ਼ਾਦੀ ਸਮੇਂ ਹੋਏ ਵਰਤਾਰੇ ਨੂੰ ਸਮਝਣ ਦੀ ਥਾਂ 'ਤੇ ਅਸੀਂ ਆਪਣੇ ਸਿੱਖ ਨੇਤਾਵਾਂ ਨੂੰ ਚੁਰਾਹੇ ਵਿੱਚ ਹਮੇਸ਼ਾਂ ਖੜ੍ਹਾ ਕਰਦੇ ਆ ਰਹੇ ਹਾਂ। ਸਹੀ ਪੜਚੋਲ ਵੱਲ ਬਹੁਤ ਘੱਟ ਵਿਦਵਾਨ ਤਵੱਜੋਂ ਦਿੰਦੇ ਹਨ। ਜੇ ਕਿਸੇ ਨੇ ਆਪਣੇ ਨਿੱਜੀ ਵਿਚਾਰ ਲਿਖੇ ਹਨ ਤਾਂ ਅਸੀਂ ਉਸ ਵਰਤਾਰੇ ਨੂੰ ਸਮਝਣ ਦੀ ਥਾਂ 'ਤੇ ਆਪਣਿਆਂ ਨੂੰ ਹੀ ਕੋਸੀ ਜਾਂਦੇ ਹਾਂ। ਇਹ ਜ਼ਰੂਰੀ ਨਹੀਂ ਕਿ ਅਸੀਂ ਭਾਈ ਅੰਮ੍ਰਿਤਪਾਲ ਸਿੰਘ ਦੇ ਵਿਚਾਰ ਨਾਲ ਸਹਿਮਤ ਹੋਈਏ ਪਰ ਜਿਹੜੀ ਧਾਰਾ ਲਾ ਕੇ ਲਗਾਤਾਰ ਜੇਲ੍ਹ ਵਿੱਚ ਬੰਦ ਕੀਤਾ ਹੈ, ਕੀ ਇਸ ਵਰਤਾਰੇ 'ਤੇ ਪੰਜਾਬ ਦੇ ਸਿਰ ਕੱਢ ਆਗੂਆਂ ਨੂੰ ਬੋਲਣਾ ਨਹੀਂ ਚਾਹੀਦਾ? ਸ਼੍ਰੋਮਣੀ ਅਕਾਲੀ ਦਲ ਜਿਹੜਾ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਆ ਰਿਹਾ ਹੈ, ਘੱਟੋ ਘੱਟ ਭਾਈ ਅੰਮ੍ਰਿਤਪਾਲ ਸਿੰਘ ਦੀ ਹੋਈ ਗ੍ਰਿਫ਼ਤਾਰੀ ਸਬੰਧੀ ਕੋਈ ਚੱਜ ਅਚਾਰ ਦੇ ਬਿਆਨ ਹੀ ਦੇ ਦੇਵੇ। ਸ਼੍ਰੋਮਣੀ ਅਕਾਲੀ ਦਲ ਜਿਸ ਨੇ ਸਿੱਖ ਮੁੱਦਿਆਂ ਤੇ ਪੰਜਾਬ ਦੇ ਹੱਕਾਂ ਦੀ ਗੱਲ ਕਰਨੀ ਸੀ, ਇਹ ਆਪਣੇ ਕਾਰੋਬਾਰ ਬਚਾਉਣ ਵਿੱਚ ਲੱਗਾ ਹੋਇਆ ਹੈ।

ਅਜ਼ਾਦ ਭਾਰਤ ਵਿੱਚ ਜਦੋਂ ਪੰਜਾਬ ਨਾਲ ਵਿਤਕਰਿਆਂ ਦਾ ਦੌਰ ਸ਼ੁਰੂ ਹੁੰਦਾ ਹੈ ਤਾਂ ਪੰਜਾਬ ਦੇ ਨੇਤਾ ਨਹਿਰੂ ਨੂੰ ਮਿਲੇ ਤਾਂ ਨਹਿਰੂ ਕਹਿੰਦਾ ਹੁਣ ਵਕਤ ਬੀਤ ਗਿਆ ਹੈ, ਬੱਸ ਇਥੋਂ ਹੀ ਪੰਜਾਬ ਦਾ ਦੁਖਾਂਤ ਸ਼ੁਰੂ ਹੁੰਦਾ ਹੈ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਉਹ ਲੀਡਰ ਜਿਊਦੇ ਸਨ, ਜਿਨ੍ਹਾਂ ਨੇ ਪੰਜਾਬ ਦੀ ਵੰਡ ਦਾ ਦਰਦ ਹੰਢਾਇਆ ਹੋਇਆ ਸੀ ਤੇ ਪੰਜਾਬ ਦੇ ਬਣਦੇ ਹੱਕਾਂ ਦੀ ਹਕੀਕਤ ਨੂੰ ਸਮਝਦੇ ਸਨ। ਵੋਟਾਂ ਦੇ ਰਾਜ ਵਿੱਚ ਸਿੱਖ ਨੇਤਾਵਾਂ ਨੂੰ ਸੂਬੇ ਦੀ ਵਾਗਡੋਰ ਤਾਂ ਮਿਲ ਗਈ, ਪਰ ਨਾਲ ਹੀ ਪੰਜਾਬ ਪ੍ਰਤੀ ਦਰਦ ਵੀ ਗਵਾਚ ਗਿਆ। ਆਪਣੀ ਕੁਰਸੀ ਪੱਕੀ ਕਰਨ ਲਈ ਗੁਜ਼ਰ ਚੁੱਕੇ ਨੇਤਾਵਾਂ ਨੂੰ ਕੋਸ ਕੋਸ ਕੇ ਵੋਟਾਂ ਬਟੋਰਦੇ ਰਹੇ। ਕੇਂਦਰ ਦੀਆਂ ਲੂੰਬੜ ਚਾਲਾਂ ਤੋਂ ਅੱਕੇ ਅਕਾਲੀਆਂ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਲਈ ਅਨੰਦਪੁਰ ਦਾ ਮਤਾ ਲਿਆਂਦਾ, ਜਿਸ ਨੂੰ ਬਹੁਤਾਤ ਵਿੱਚ ਭਾਰਤ ਦੇ ਸੂਬਿਆਂ ਨੇ ਸਲਾਹਿਆ। ਉਸ ਸਮੇਂ ਕੇਂਦਰ ਵਿੱਚ ਕਾਂਗਰਸੀ ਪਾਰਟੀ ਰਾਜ ਕਰ ਰਹੀ ਸੀ, ਜਿਸ ਨੇ ਆਪਣੇ ਮਾਧਿਅਮ ਰਾਹੀਂ ਇਹ ਅਨੰਦਪੁਰ ਦੇ ਮਤੇ ਨੂੰ ਵੱਖਵਾਦੀ ਕਹਿ ਕੇ ਨਿਕਾਰਨਾ ਸ਼ੁਰੂ ਕੀਤਾ।

ਮੁਲਕ ਅਜ਼ਾਦ ਹੋਇਆ, ਪੰਜਾਬ ਦੀ ਬਰਬਾਦੀ ਹੋਈ, ਘਰ-ਬਾਰ ਤਬਾਹ ਹੋ ਗਏ, ਨਵੇਂ ਸਿਰੇ ਤੋਂ ਜ਼ਿੰਦਗੀ ਆਰੰਭ ਕੀਤੀ ਗਈ। 80 ਸਾਲ ਹੋ ਚਲੇ ਹਨ, ਪੰਜਾਬ ਦੇ ਬਟਵਾਰੇ ਨੂੰ, ਪਰ ਜਿਊਂਦੀਆਂ ਮਾਵਾਂ ਦੇ ਅਜੇ ਤੱਕ ਅੱਥਰੂ ਨਹੀਂ ਸੁੱਕੇ। ਦਿੱਲੀ ਪ੍ਰਤੀ ਨੇਤਾਵਾਂ ਦੀਆਂ ਪੰਜਾਬ ਪ੍ਰਤੀ ਬੇਈਮਾਨੀਆਂ ਸ਼ੁਰੂ ਹੁੰਦੀਆਂ ਹਨ। ਦਿੱਲੀ ਨੇਤਾਵਾਂ ਨੇ ਇਹ ਸਮਝ ਲਿਆ ਕਿ ਮੁਲਕ ਵਿੱਚ ਘੱਟ ਗਿਣਤੀ ਦੇ ਕੌਮਾਂ ਨੂੰ ਦਾਬੇ ਮਾਰ ਕੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਘੱਟ ਗਿਣਤੀ ਭਾਈਚਾਰੇ ਸਬੰਧੀ ਅਜਿਹੇ ਬ੍ਰਿਤਾਂਤ ਸਿਰਜੇ ਜਾਂਦੇ ਰਹੇ ਕਿ ਹਿੰਦੂ ਬਹੁ-ਗਿਣਤੀ ਸਰਕਾਰੀ ਪੱਖ ਵਿੱਚ ਭੁਗਤਦੀ ਆ ਰਹੀ ਹੈ। ਪੰਜਾਬ ਦੇ ਇਤਿਹਾਸ, ਵਰਤਾਰੇ, ਪੰਜਾਬੀ ਸਭਿਆਚਾਰ, ਪੰਜਾਬ ਦੀ ਖ਼ੂਬਸੂਰਤੀ, ਪੰਜਾਬੀ ਅਣਖ, ਪੰਜਾਬੀ ਮਿੱਟੀ ਨੂੰ ਭਾਰਤੀ ਨੇਤਾਵਾਂ ਨੇ ਨਹੀਂ ਸਮਝਿਆ। ਇਤਿਹਾਸ ਦੇ ਉਸ ਪੰਨੇ ਨੂੰ ਵੀ ਭੁੱਲ ਗਏ ਹਨ ਕਿ ਕਦੇ ਦੁਨੀਆਂ ਜਿੱਤਣ ਦਾ ਸੁਪਨਾ ਦੇਖਣ ਵਾਲੇ ਮਹਾਨ ਸਿਕੰਦਰ ਦਾ ਰਾਹ ਵੀ ਪੰਜਾਬੀ ਪੁੱਤ ਪੋਰਸ ਨੇ ਰੋਕ ਲਿਆ ਸੀ। ਅਣਖ਼ੀ ਕੌਮ ਦੇ ਸਮੁੱਚੇ ਫਲਸਫੇ ਨੂੰ ਹਿੰਦੂਵਤਾ ਦੀ ਪਾਹ ਚਾੜ੍ਹਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਦਾ ਖ਼ਿਆਲ ਹੈ ਬਾਹਰੋਂ ਸਿੱਖ ਜ਼ਰੂਰ ਦਿਸਣ, ਪਰ ਇਨ੍ਹਾਂ ਦੇ ਰੀਤੀ ਰਿਵਾਜ ਸਾਡੇ ਵਾਲੇ ਹੀ ਹੋਣੇ ਚਾਹੀਦੇ ਹਨ।

ਪੰਜਾਬ ਦੇ ਵਰਤਾਰੇ ਵਿੱਚ ਕੇਂਦਰ ਨੇ ਹਰ ਪ੍ਰਕਾਰ ਦੀ ਬੇਈਮਾਨੀ ਵਰਤੀ ਹੈ। ਬਣਦੇ ਹੱਕ ਨਹੀਂ ਦਿੱਤੇ ਪੰਜਾਬੀ ਸੂਬਾ ਤਾਂ ਬਣਾ ਦਿੱਤਾ, ਪਰ ਇਸ ਦੇ ਖੰਭ ਪੂਰੀ ਤਰ੍ਹਾਂ ਕੁਤਰ ਦਿੱਤੇ ਗਏ। ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖੇ ਗਏ। ਭਾਖੜਾ ਡੈਮ ਦਾ ਸਾਰਾ ਪ੍ਰਬੰਧ ਆਪਣੇ ਕਬਜ਼ੇ ਵਿੱਚ ਕਰ ਲਿਆ, ਚੰਡੀਗੜ੍ਹ ਪੰਜਾਬ ਦੀ ਸਰ ਜ਼ਮੀਨ 'ਤੇ ਉਸਾਰਿਆ ਗਿਆ, ਪਰ ਉਸ ਦਾ ਹੱਕ ਪੂਰੀ ਤਰ੍ਹਾਂ ਖੋਹ ਲਿਆ ਗਿਆ। ਫੌਜ ਵਿਚੋਂ ਭਰਤੀ ਕੋਟਾ ਘਟਾਇਆ ਗਿਆ। ਪੰਜਾਬ ਦੀ ਖੇਤੀ ਨਾਲ ਸੰਬਧਿਤ ਕੋਈ ਕਾਰਖਾਨਾ ਨਹੀਂ ਲਗਾਇਆ। ਇਕ ਸਮੇਂ ਬਟਾਲੇ ਵਰਗਾ ਸ਼ਹਿਰ ਪੂਰੀ ਤਰ੍ਹਾਂ ਕਾਰਖਾਨਿਆਂ ਨਾਲ ਭਰਿਆ ਹੁੰਦਾ ਸੀ, ਹੁਣ ਓੱਥੇ ਕਾਂ ਬੋਲਦੇ ਹਨ। ਲੁਧਿਆਣੇ ਦੀ ਸਮਾਲ ਇੰਡਸਟਰੀ ਲੱਗਪਗ ਗਾਇਬ ਵਰਗੀ ਸਥਿਤੀ ਵਿੱਚ ਹੈ। ਪੰਜਾਬ ਵਿਚੋਂ ਇੰਡਸਟਰੀ ਖਤਮ ਕਰਨ ਲਈ ਹਿਮਾਚਲ ਸੂਬੇ ਵਿੱਚ ਕਾਰਖਾਨੇ ਲਗਾਉਣ ਵਾਲਿਆਂ ਨੂੰ ਸਬ-ਸਿਟੀ ਦਿੱਤੀ ਗਈ, ਜਿਸ ਕਰਕੇ ਬਹੁਤੇ ਕਾਰਖਾਨੇ ਉੱਥੇ ਚਲੇ ਗਏ। ਬੇੜਾ ਬਹਿਜੇ, ਪੰਜਾਬ ਦੇ ਨੇਤਾਵਾਂ ਦਾ ਜਿਹੜੇ ਪੰਜਾਬ ਦੇ ਖ਼ਜ਼ਾਨੇ ਵਿਚੋਂ ਜਨਤਾ ਨੂੰ ਮੁਫਤ ਦੀਆਂ ਸਹੂਲਤਾਂ ਦੀ ਰਿਸ਼ਵਤ ਦੇ ਕੇ ਵੋਟਾਂ ਬਟੋਰਦੇ ਹਨ। ਕੀ ਅਸੀਂ ਇਨ੍ਹਾਂ ਨੂੰ ਪੰਜਾਬ ਦੇ ਪੁੱਤ ਕਹਿ ਸਕਦੇ ਹਾਂ? ਜਿਨ੍ਹਾਂ ਨੇ ਸਰਕਾਰੀ ਖ਼ਜ਼ਾਨੇ ਵਿਚੋਂ ਬਿਨਾਂ ਮੰਗਿਆਂ ਆਟਾ ਦਾਲ ਦੇ ਕੇ ਮਿਹਨਤ ਪੱਖੋਂ ਪੂਰੀ ਤਰ੍ਹਾਂ ਕਮਚੋਰ ਬਣਾ ਧਰਿਆ। ਹੱਦ ਤਾਂ ਓਦੋ 'ਹੋ ਗਈ ਜਦੋਂ ਟ੍ਰੈਕਟਰਾਂ ਵਾਲੇ ਵੀ ਸਰਕਾਰੀ ਦਾਲ ਆਟਾ ਲੈਣ ਲਈ ਲਾਈਨ ਵਿੱਚ ਲੱਗੇ ਹੁੰਦੇ ਹਨ। ਸਰਕਾਰੀ ਖਜ਼ਾਨੇ ਵਿਚੋਂ ਮੁਫਤ ਦੀ ਸਹੂਲਤਾਂ ਦੇਣ ਵਿੱਚ ਕੋਈ ਵੀ ਪਾਰਟੀ ਪਿੱਛੇ ਨਹੀਂ ਰਹੀ। ਆਮ ਆਦਮੀ ਪਾਰਟੀ ਜਿਸਦਾ ਨਾ ਕੋਈ ਸਿਰ ਤੇ ਨਾ ਕੋਈ ਪੈਰ ਤੇ ਨਾ ਹੀ ਪੰਜਾਬ ਲਈ ਕੋਈ ਏਜੰਡਾ ਸੀ, ਪੰਜਾਬੀਆਂ ਨੇ ਬਦਲਾਅ ਦੇ ਬਹਿਕਲਾਵੇ ਵਿੱਚ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਨੂੰ ਰਿਕਾਰਡ ਵੋਟਾਂ ਨਾਲ ਜਿਤਾ ਧਰਿਆ। ਚਲੋ ਵਗਦੀ ਗੰਗਾ ਵਿੱਚ ਇਨ੍ਹਾਂ ਇਸ਼ਨਾਨ ਕਰ ਲਿਆ। ਪਰ ਅੱਜ ਤੱਕ ਕਿਸੇ ਵੀ ਐਮ. ਐਲ. ਏ. ਨੇ ਪੰਜਾਬ ਦੇ ਬਣਦੇ ਹੱਕਾਂ, ਤੇ ਪੰਜਾਬ ਦੀ ਧਰਾਤਲ ਦੀ ਗੱਲ ਨਹੀਂ ਕੀਤੀ। ਇਹ ਚੁਣੇ ਹੋਏ ਨੇਤਾ ਇੰਝ ਮਹਿਸੂਸ ਹੁੰਦੇ ਹਨ ਜਿਵੇਂ ਪੰਜਾਬ ਦੇ ਪੁੱਤ ਹੀ ਨਹੀਂ ਹਨ। ਇਨ੍ਹਾਂ ਕਦੇ ਕੋਈ ਮਾੜੀ ਮੋਟੀ ਵੀ ਪੰਜਾਬ ਦੇ ਹੱਕ ਵਿੱਚ ਆਪਣੀ ਅਵਾਜ਼ ਨਹੀਂ ਉਠਾਈ। ਬਹੁਤਾਂਤ ਵਿੱਚ ਪੰਜਾਬ ਦੀ ਵਿਰਾਸਤ ਸਬੰਧੀ ਇਨ੍ਹਾਂ ਬੇ-ਨਾਮ ਨੇਤਾਵਾਂ ਨੂੰ ਪੰਜਾਬ ਨਾਲ ਕੋਈ ਲਗਾਓ ਹੀ ਨਹੀਂ ਲਗਦਾ। ਆਮ ਪਾਰਟੀ ਵਿੱਚ ਜਿਹੜੇ ਪੰਜਾਬ ਸਬੰਧੀ ਜਾਣਕਾਰੀ ਰੱਖਦੇ ਸਨ ਉਹ ਇੱਕ ਇੱਕ ਕਰਕੇ ਕਿਨਾਰੇ ਕਰ ਦਿੱਤੇ। ਪੰਜਾਬ ਲਈ ਪਿੱਛੇ ਬਚ ਗਏ ਉਹ ਨੇਤਾ ਜਿਹੜੇ ਜੇਲ੍ਹਾਂ ਦੀ ਸੈਰ ਕਰਕੇ ਆਏ ਹਨ।

ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ ਵਾਲੀ ਹਕੀਕਤ ਨੂੰ ਦਰਕਿਨਾਰ ਕਰਦਿਆਂ ਉਨ੍ਹਾਂ ਫੋਟੋਆਂ ਨੂੰ ਤਰਜੀਹ ਦਿੱਤੀ ਜਿਨ੍ਹਾਂ ਨਾਲ ਸਿਰਫ ਵੋਟਾਂ ਪੱਕੀਆਂ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਡਾ ਸਦਾਚਾਰਕ ਜੀਵਨ ਘੜਦੀ ਹੈ। ਵਰਤਮਾਨ ਵਰਤਾਰੇ ਵਿੱਚ ਪੰਜਾਬ ਦੇ ਉਨ੍ਹਾਂ ਨੇਤਾਵਾਂ ਵਿੱਚ ਬੌਧਿਕ ਕੰਗਾਲੀ ਆ ਗਈ ਹੈ, ਜਿਹੜੇ ਛੜੱਪੇ ਮਾਰ ਮਾਰ ਕੇ ਪਾਰਟੀਆਂ ਬਦਲਦੇ ਹਨ। ਅਜਿਹੇ ਨੇਤਾਵਾਂ ਦੀ ਜ਼ਮੀਰ ਹੀ ਮਰ ਗਈ ਲੱਗਦੀ ਹੈ। ਕੱਲ ਤੱਕ ਜਿਹੜੀ ਪਾਰਟੀ ਨੂੰ ਪਾਣੀ ਪੀ ਪੀ ਕੇ ਕੋਸਦੇ ਰਹੇ, ਅੱਜ ਪਾਰਟੀ ਬਦਲਦਿਆਂ ਹੀ ਪੁਰਾਣੀ ਪਾਰਟੀ ਜ਼ਹਿਰ ਵਰਗੀ ਹੋ ਗਈ। ਗਿਲ੍ਹਾ ਆਉਂਦਾ ਹੈ ਭਾਈ ਸੁਨੀਲ ਜਾਖੜ ਵਰਗੇ ਲੋਕਾਂ 'ਤੇ ਜਿਨ੍ਹਾਂ ਨੂੰ ਉਨ੍ਹਾਂ ਦੀ ਮਾਂ ਪਾਰਟੀ ਨੇ ਪ੍ਰਧਾਨਗੀਆਂ ਦਿੱਤੀਆਂ, ਪਰ ਪ੍ਰਧਾਨਗੀ ਖੁੱਸਦਿਆਂ ਹੀ ਉਸ ਪਾਰਟੀ ਵਿੱਚ ਚਲੇ ਗਏ, ਜਿਸ ਨੂੰ ਸਦਾ ਫਿਰਕਾਪ੍ਰਸਤ ਕਹਿੰਦੇ ਹੁੰਦੇ ਸੀ। ਅਜਿਹੇ ਨੇਤਾਵਾਂ ਨੂੰ ਪੁੱਛਣਾ ਬਣਦਾ ਹੈ ਕਿ ਕੀ ਕੋਈ ਹੋਰ ਬੰਦਾ ਪ੍ਰਧਾਨ ਨਹੀਂ ਬਣ ਸਕਦਾ? ਜੇ ਲੋਕ ਰਾਜ ਦੀ ਪਰਿਭਾਸ਼ਾ ਨੂੰ ਤੁਸੀਂ ਨਹੀਂ ਸਮਝਦੇ ਤਾਂ ਲੋਕਾਂ ਨੂੰ ਕੀ ਸਮਝਾਓਗੇ? ਕੀ ਟਿਕਟਾਂ, ਪ੍ਰਧਾਨਗੀਆਂ, ਮੈਂਬਰੀਆਂ ਉੱਤੇ

ਰੱਜੇ ਪੁੱਜੇ ਪਰਿਵਾਰਾਂ ਦਾ ਹੀ ਹੱਕ ਬਣਦਾ ਹੈ? ਡਾ. ਮਨਮੋਹਨ ਸਿੰਘ ਸਬੰਧੀ ਭਾਈ ਸਿੱਧੂ ਦੀਆਂ ਟਿੱਪਣੀਆਂ ਕਿਸੇ ਤੋਂ ਗੁੱਝੀਆਂ ਨਹੀਂ ਹਨ, ਪਰ ਮੌਕਾ ਪ੍ਰਸਤੀ ਨੂੰ ਪੂਰੀ ਤਰ੍ਹਾਂ ਵਰਤਦਿਆਂ ਛੜੱਪਾ ਮਾਰ ਕੇ ਮਨਮੋਹਨ ਸਿੰਘ ਦੇ ਪੈਰਾਂ ਵਿੱਚ ਹੀ ਜਾ ਬਿਰਾਜੇ। ਕੀ ਆਹ ਇਨ੍ਹਾਂ ਦੀ ਜ਼ਬਾਨ ਹੈ? ਪੰਜਾਬ ਵਿੱਚ ਦਲ ਬਦਲੀਆਂ ਦੀ ਅਜਿਹੀ ਹਨੇਰੀ ਝੁੱਲ੍ਹੀ ਜਿਸ ਵਿੱਚ ਇਖ਼ਲਾਕ ਨਾਂ ਦੀ ਕੋਈ ਚੀਜ਼ ਰਹਿ ਹੀ ਨਹੀਂ ਗਈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਪੈਰ ਪਸਾਰਨ ਲਈ ਉਹ ਨੇਤਾ ਚਾਹੀਦੇ ਸਨ, ਜਿਹੜੇ ਪੱਲਿਓਂ ਪੈਸੇ ਖਰਚ ਕਰ ਸਕਣ। ਦਾਅਵਾ ਇਹ ਕੀਤਾ ਜਾਂਦਾ ਸੀ ਕਿ ਅਸੀਂ ਆਪਣੇ ਦਰੀਆਂ ਵਿਛਾਉਣ ਵਾਲੇ ਵਰਕਰਾਂ ਨੂੰ ਟਿਕਟਾਂ ਦੇਵਾਂਗੇ। ਇਨ੍ਹਾਂ ਭਾਈਆਂ ਨੇ ਸਭ ਤੋਂ ਪਹਿਲਾਂ ਦਲ ਬਦਲੀ ਕਰਨ ਵਾਲਿਆਂ ਨੂੰ ਟਿਕਟਾਂ ਦੇ ਕੇ ਨਿਵਾਜਿਆ। ਦਲ ਬਦਲੀ ਕਰਨ ਵਾਲਿਆਂ ਦੀ ਪਤਾ ਨਹੀਂ ਜ਼ਮੀਰ ਕਿੱਥੇ ਚਲੀ ਜਾਂਦੀ ਹੈ। ਭਾਈ ਬਿੱਟੂ ਜੋ ਖਾਨਦਾਨੀ ਕਾਂਗਰਸੀ ਰਹੇ ਤੇ ਛੋਟੀ ਉਮਰ ਵਿੱਚ ਅਗਲਿਆਂ ਐਮ. ਪੀ. ਬਣਾ ਦਿੱਤਾ। ਅਹਿਸਾਨ ਫਰਾਮੋਸ਼ੀ ਦਾ ਪੂਰਾ ਸਬੂਤ ਦੇ ਕੇ ਇੱਕ ਮਿੰਟ ਨਹੀਂ ਲਾਇਆ ਆਪਣੀ ਮਾਂ ਪਾਰਟੀ ਨੂੰ ਛੱਡਦਿਆਂ।

ਕੈਪਟਨ ਸਾਹਿਬ ਨੇ 1984 ਨੂੰ ਮੁੱਖ ਰੱਖਦਿਆਂ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਅਕਾਲੀ ਦਲ ਵਿੱਚ ਆ ਗਏ ਜੋ ਬਾਦਲ ਸਾਹਿਬ ਨੂੰ ਪ੍ਰਵਾਨ ਨਹੀਂ ਸਨ। ਟੋਹੜਾ ਸਾਹਿਬ ਦੇ ਖਾਤੇ ਵਿੱਚ ਹੋਣ ਕਰਕੇ ਬਾਦਲ ਸਾਹਿਬ ਨੇ ਟਿਕਟ ਨਾ ਦਿੱਤੀ ਉਹ ਮੁੜ ਕਾਂਗਰਸ ਵਿੱਚ ਚਲੇ ਗਏ। ਕਿਸੇ ਨੂੰ ਕੋਈ ਗਿਲਾ ਨਹੀਂ ਸੀ। ਪਤਾ ਨਹੀਂ ਹੁਣ ਕਿਹੜੀ ਮਜ਼ਬੂਰੀ ਸੀ ਕਿ ਭਾਰਤੀ ਜਨਤਾ ਪਾਰਟੀ ਵਿੱਚ ਚਲੇ ਗਏ। ਹੁਣ ਬਿਆਨਬਾਜ਼ੀ ਕਰੇ ਦਸ ਰਹੇ ਹਨ ਕਿ ਭਾਈ ਮੈਂ ਵੀ ਹੈਗਾਂ। ਕੈਪਟਨ ਸਾਹਿਬ ਪੁਰਾਣੇ ਲੀਡਰ ਹਨ ਇਨ੍ਹਾਂ ਨੂੰ ਪੰਜਾਬ ਦੇ ਮੁੱਦਿਆਂ ਦੀ ਪੂਰੀ ਸੂਝ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਸਾਲਾਂ ਬੱਧੀ ਸਿਆਸਤ ਵਿਚੋਂ ਗਾਇਬ ਹੀ ਹੋ ਜਾਂਦੇ ਹਨ। ਬੌਣੇ ਕੱਦ ਵਾਲੇ ਲੀਡਰਾਂ ਦੀ ਗੱਲ ਛੱਡੋ ਕਹਿੰਦੇ ਕਹਾਉਂਦੇ ਲੀਡਰ ਦਲ ਬਦਲੀਆਂ ਦਾ ਰਿਕਾਰਡ ਕਾਇਮ ਕਰ ਗਏ। ਜਿਹੜੀ ਪਾਰਟੀ ਨੂੰ ਦਿਨੇ ਰਾਤ ਪਾਣੀ ਪੀ ਪੀ ਕੋਸਦੇ ਰਹੇ ਉਹ ਸਵੇਰ ਨੂੰ ਦੁੱਧ ਧੋਤੀ ਪਾਰਟੀ ਹੋ ਗਈ, ਸਦਕੇ ਜਾਈਏ ਇਨ੍ਹਾਂ ਲੀਡਰਾਂ ਦੇ। ਭਾਰਤੀ ਜਨਤਾ ਪਾਰਟੀ ਜਿਹੜੀ ਇਹ ਕਹਿੰਦੀ ਸੀ ਕਿ ਫਲਾਣੇ ਬੰਦੇ ਨੇ ਕਰੱਪਸ਼ਨ ਬਹੁਤ ਕੀਤੀ ਹੈ ਪਰ ਜਦੋਂ ਉਹ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲੈਂਦਾ ਹੈ ਤਾਂ ਉਹ ਰਾਤੋ ਰਾਤ ਡਰਾਈਕਲੀਨ ਹੋ ਜਾਂਦਾ ਹੈ। ਵਰਤਮਾਨ ਵਰਤਾਰੇ ਵਿੱਚ ਥੋੜੇ ਜੇਹੇ ਨੇਤਾ ਛੱਡ ਦਈਏ ਬਹੁਤਿਆਂ ਨੂੰ ਪੰਜਾਬ ਦੀਆਂ ਸਮੱਸਿਆਵਾਂ ਸਬੰਧੀ ਕੋਈ ਸੂਝ ਨਹੀਂ ਹੈ। ਜੇ ਸੂਝ ਹੈ ਤਾਂ ਉਹ ਇੰਨੇ ਡਰੇ ਹੋਏ ਹਨ ਕਿ ਕਿਸੇ ਵੀ ਸਹੀ ਮੁੱਦੇ ਸਬੰਧੀ ਬੋਲਦੇ ਨਹੀਂ ਹੈ। ਸਾਡਾ ਮੰਨਣਾ ਹੈ ਚਲੋ ਕੋਈ ਗੱਲ ਨਹੀਂ, ਤੁਸੀਂ ਕਿਸੇ ਵੀ ਪਾਰਟੀ ਵਿੱਚ ਚਲੇ ਜਾਓ। ਪਰ ਜਿਸ ਪਾਰਟੀ ਵਿੱਚ ਵੀ ਹੋਵੋ, ਘੱਟੋ ਘੱਟ ਪੰਜਾਬ ਦੀ ਵਿਰਾਸਤ ਨੂੰ ਤਾਂ ਨਾ ਭੁੱਲੋ।

ਵਰਤਮਾਨ ਵਰਤਾਰੇ ਵਿੱਚ ਲੀਡਰਾਂ ਨੂੰ ਪੰਜਾਬ ਦੇ ਹਿੱਤਾਂ ਨਾਲੋਂ ਆਪਣੇ ਹਿੱਤ ਜ਼ਿਆਦਾ ਪਿਆਰੇ ਹਨ। ਕੁਰਸੀ ਮਿਲਣੀ ਚਾਹੀਦੀ ਹੈ ਫਿਰ ਕੁਰਸੀ ਬਚਣੀ ਚਾਹੀਦੀ ਹੈ, ਸੁਰੱਖਿਆ ਮਿਲਣੀ ਚਾਹੀਦੀ ਹੈ। ਕਾਰੋਬਾਰਾਂ ਵਿੱਚ ਵਾਧਾ ਹੋਣਾ ਚਾਹੀਦਾ ਹੈ। ਪੰਜਾਬ ਦੇ ਮੁੱਦਿਆਂ ਨਾਲ ਇਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਹੈ। ਪੰਜਾਬ ਨੂੰ ਸਭ ਤੋਂ ਵੱਧ ਭਰੋਸਾ ਸ਼੍ਰੋਮਣੀ ਅਕਾਲੀ ਦਲ ਦੀ ਪਾਰਟੀ ਤੇ ਰਿਹਾ ਹੈ, ਜਿਹੜੀ

## ਕਿਤਾਬ ਖਜ਼ਾਨਾ

# ਵਿਧਾਇਕਾਂ ਦਾ ਖਾਤਾ ਖਾਲੀ..!

**ਚਰਨਜੀਤ ਭੁੱਲਰ**

ਚੰਡੀਗੜ੍ਹ : ਪੰਜਾਬ ਦੇ ਵਿਧਾਇਕ ਤੇ ਵਜ਼ੀਰ ਹੁਣ ਕਿਤਾਬਾਂ ਤੋਂ ਦੂਰ ਹੋਣ ਲੱਗੇ ਹਨ। ਕੋਈ ਵੇਲਾ ਸੀ ਜਦੋਂ ਨੇਤਾ ਜਣਾਂ 'ਤੇ ਕਿਤਾਬੀ ਮੋਹ ਭਾਰੂ ਹੁੰਦਾ ਸੀ ਪ੍ਰੰਤੂ ਹੁਣ ਕਿਤਾਬਾਂ ਦੀ ਥਾਂ ਵਪਾਰ ਨੇ ਲੈ ਲਈ ਹੈ। ਪੰਜਾਬ ਦੇ ਮੁੱਖ ਮੰਤਰੀ ਵੀ ਪੰਜਾਬ ਵਿਧਾਨ ਸਭਾ ਦੀ ਲਾਇਬਰੇਰੀ ਚੋਂ ਕਿਤਾਬਾਂ ਲੈਣੋਂ ਹਟ ਗਏ ਹਨ। ਸਾਲ 2007 ਤੋਂ ਬਾਅਦ ਵਿਧਾਨ ਸਭਾ ਲਾਇਬ੍ਰੇਰੀ ਚੋਂ ਕਿਸੇ ਵੀ ਮੁੱਖ ਮੰਤਰੀ ਨੇ ਅੱਜ ਤੱਕ ਕੋਈ ਕਿਤਾਬ ਜਾਰੀ ਨਹੀਂ ਕਰਾਈ। ਪ੍ਰਤਾਪ ਸਿੰਘ ਕੈਰੋਂ ਬਾਰੇ ਮਸ਼ਹੂਰ ਸੀ ਕਿ ਉਹ ਕਿਤਾਬਾਂ ਸਿਰਹਾਣੇ ਰੱਖ ਕੇ ਸੌਂਦੇ ਸਨ। ਮਰਹੂਮ ਸੰਸਦ ਮੈਂਬਰ ਜਗਦੇਵ ਸਿੰਘ ਖੁੱਡੀਆਂ ਕਿਤਾਬਾਂ ਗੱਡੀ 'ਚ ਰੱਖ ਕੇ ਤੁਰਦੇ ਸਨ। ਗਿਆਨੀ ਗੁਰਮੁਖ ਸਿੰਘ ਜੋ ਖ਼ੁਦ ਕਈ ਪੁਸਤਕਾਂ ਦੇ ਰਚੇਤਾ ਤੇ ਕਵੀ ਸਨ, ਪੰਜਾਬੀ ਸੂਬੇ ਦੇ ਪਹਿਲੇ ਮੁੱਖ ਮੰਤਰੀ ਬਣੇ। ਸਾਹਿਤ ਅਕਾਦਮੀ ਅਵਾਰਡ ਜੇਤੂ ਸਨ। ਗਿਆਨੀ ਗੁਰਮੁਖ ਸਿੰਘ ਦੀ ਕਹਾਣੀ 'ਤੇ ਬਣੀ ਫ਼ਿਲਮ 'ਬਾਗ਼ੀ ਦੀ ਧੀ' ਨੇ ਹਾਲ ਹੀ ਵਿਚ ਕੌਮੀ ਐਵਾਰਡ ਜਿੱਤਿਆ ਹੈ।

ਮਰਹੂਮ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਕਿਤਾਬਾਂ ਪੜ੍ਹਨ ਤੇ ਲਿਖਣ ਦੇ ਵੀ ਸ਼ੌਕੀਨ ਸਨ। ਬਰਨਾਲਾ ਨੇ ਬਤੌਰ ਮੁੱਖ ਮੰਤਰੀ ਵਿਧਾਨ ਸਭਾ ਦੀ ਲਾਇਬ੍ਰੇਰੀ ਚੋਂ 9 ਕਿਤਾਬਾਂ ਜਾਰੀ ਕਰਾਈਆਂ ਸਨ। ਕੈਪਟਨ ਅਮਰਿੰਦਰ ਸਿੰਘ ਦੀ ਆਪਣੀ ਨਿੱਜੀ ਲਾਇਬ੍ਰੇਰੀ ਵੀ ਹੈ ਅਤੇ ਉਨ੍ਹਾਂ ਖੁਦ ਵੀ ਕਿਤਾਬਾਂ ਲਿਖੀਆਂ ਹਨ। ਅਮਰਿੰਦਰ ਸਿੰਘ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ 11 ਕਿਤਾਬਾਂ ਵਿਧਾਨ ਸਭਾ ਲਾਇਬ੍ਰੇਰੀ ਚੋਂ ਜਾਰੀ ਕਰਾਈਆਂ ਜਦੋਂ ਕਿ ਦੂਸਰੇ ਕਾਰਜਕਾਲ ਦੌਰਾਨ ਕੋਈ ਕਿਤਾਬ ਜਾਰੀ ਨਹੀਂ ਕਰਾਈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਸਾਲ 1977-1980 ਦੌਰਾਨ ਵਿਧਾਨ ਸਭਾ ਲਾਇਬ੍ਰੇਰੀ ਚੋਂ 23 ਕਿਤਾਬਾਂ ਅਤੇ 1997-2002 ਵਾਲੇ ਦੌਰਾਨ ਪੰਜ ਕਿਤਾਬਾਂ ਜਾਰੀ ਕਰਾਈਆਂ। ਫਿਰ ਉਨ੍ਹਾਂ ਨੇ ਵਿਧਾਨ ਸਭਾ ਲਾਇਬ੍ਰੇਰੀ ਵੱਲ ਮੂੰਹ ਨਹੀਂ ਕੀਤਾ। ਦਰਬਾਰਾ ਸਿੰਘ ਨੇ ਬਤੌਰ ਮੁੱਖ ਮੰਤਰੀ ਸਾਲ 1980 ਤੋਂ 1983 ਦੌਰਾਨ 10 ਕਿਤਾਬਾਂ ਜਾਰੀ ਕਰਾਈਆਂ ਜਦੋਂ ਕਿ ਬੇਅੰਤ ਸਿੰਘ ਨੇ ਲਾਇਬ੍ਰੇਰੀ ਚੋਂ 10 ਕਿਤਾਬਾਂ ਜਾਰੀ ਕਰਾਈਆਂ ਸਨ।

ਹਰਚਰਨ ਸਿੰਘ ਬਰਾੜ ਨੇ ਬਤੌਰ ਮੁੱਖ ਮੰਤਰੀ ਸਿਰਫ਼ ਇੱਕ ਕਿਤਾਬ ਜਾਰੀ ਕਰਾਈ ਜਦੋਂ ਰਜਿੰਦਰ ਕੌਰ ਭੱਠਲ ਦਾ ਲਾਇਬਰੇਰੀ 'ਚ ਖਾਤਾ ਖਾਲੀ ਰਿਹਾ। ਗਿਆਨੀ ਜ਼ੈਲ ਸਿੰਘ ਨੇ ਮੁੱਖ ਮੰਤਰੀ ਹੁੰਦੇ ਹੋਏ 1972 ਤੋਂ 1977 ਤੱਕ 9 ਕਿਤਾਬਾਂ ਵਿਧਾਨ ਸਭਾ ਲਾਇਬ੍ਰੇਰੀ ਚੋਂ ਲਈਆਂ ਸਨ। ਚਰਨਜੀਤ ਸਿੰਘ ਚੰਨੀ ਨੇ ਵੀ ਲਾਇਬ੍ਰੇਰੀ ਚੋਂ ਕੋਈ ਕਿਤਾਬ ਨਹੀਂ ਲਈ। ਹਾਲਾਂ ਕਿ ਥੋੜ੍ਹਾ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਆਪਣੀ ਪੀ ਐੱਚ ਡੀ ਮੁਕੰਮਲ ਕੀਤੀ ਹੈ। ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਪ੍ਰੇਮੀ ਹਨ ਅਤੇ ਕਵਿਤਾ ਵੀ ਲਿਖਦੇ ਹਨ। ਪ੍ਰੰਤੂ ਉਨ੍ਹਾਂ ਨੇ ਵਿਧਾਨ ਸਭਾ ਲਾਇਬ੍ਰੇਰੀ ਚੋਂ ਕੋਈ ਕਿਤਾਬ ਜਾਰੀ ਨਹੀਂ ਕਰਾਈ। ਪੁਰਾਣੇ ਨੇਤਾ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਸਨ। ਹੁਣ ਜ਼ਿਆਦਾ ਕਾਰੋਬਾਰੀ ਲੋਕ ਆ ਗਏ ਹਨ। ਪੁਰਾਣੇ ਵਿਧਾਨਕਾਰ ਹਰਦੇਵ ਅਰਸ਼ੀ ਆਖਦੇ ਹਨ ਕਿ ਜਦੋਂ ਸਿਆਸੀ ਆਗੂ ਵਪਾਰੀ ਹੋਣ ਤਾਂ ਫਿਰ ਪੜ੍ਹਨ ਲਿਖਣ ਦੀ ਕੀ ਲੋੜ।

ਸਾਹਿਤ ਰਸੀਏ ਵਿਧਾਇਕਾਂ 'ਚ ਅੱਠ ਵਾਰ ਵਿਧਾਇਕ ਬਣੇ ਡਾ. ਕੇਵਲ ਕ੍ਰਿਸ਼ਨ, ਅਕਾਲੀ ਮੰਤਰੀ ਜਸਦੇਵ ਸਿੰਘ ਸੰਧੂ, ਆਤਮਾ ਸਿੰਘ, ਚਰਨਜੀਤ ਸਿੰਘ ਅਟਵਾਲ, ਬੀਰਦਵਿੰਦਰ ਸਿੰਘ, ਜਗਮੀਤ ਸਿੰਘ ਬਰਾੜ, ਮਨਪ੍ਰੀਤ ਸਿੰਘ ਬਾਦਲ, ਸੰਗਰੂਰ ਤੋਂ ਸਾਬਕਾ ਮੰਤਰੀ ਜਸਵੀਰ ਸਿੰਘ, ਗੁਰਦੀਪ ਸਿੰਘ ਭੈਣੀ, ਬਲਬੀਰ

ਸਿੰਘ ਬਾਠ, ਸਮੇਤ ਕਿੰਨੇ ਵੀ ਸਿਆਸੀ ਆਗੂ ਸਨ ਜਿਨ੍ਹਾਂ ਦਾ ਕਿਤਾਬਾਂ ਬਿਨਾਂ ਸਰਦਾ ਨਹੀਂ ਸੀ।ਮੌਜੂਦਾ ਵਿਧਾਇਕਾਂ 'ਤੇ ਨਜ਼ਰ ਮਾਰੀਏ ਤਾਂ ਪਹਿਲੀ ਅਪਰੈਲ 2022 ਤੋਂ ਹੁਣ ਤੱਕ ਪੰਜਾਬ ਦੇ ਦੋ ਤਿਹਾਈ ਵਿਧਾਇਕਾਂ ਨੇ ਵਿਧਾਨ ਸਭਾ ਦੀ ਲਾਇਬ੍ਰੇਰੀ ਦਾ ਮੂੰਹ ਨਹੀਂ ਦੇਖਿਆ। ਮੁੱਖ ਮੰਤਰੀ ਤੇ ਵਜ਼ੀਰਾਂ ਸਮੇਤ 81 ਵਿਧਾਇਕ ਅਜਿਹੇ ਹਨ ਜਿਨ੍ਹਾਂ ਨੇ ਲਾਇਬ੍ਰੇਰੀ ਚੋਂ ਕੋਈ ਕਿਤਾਬ ਨਹੀਂ ਲਈ। ਵਿਧਾਨ ਸਭਾ ਸਕੱਤਰੇਤ ਦੀ ਲਾਇਬ੍ਰੇਰੀ 'ਚ ਦੁਰਲੱਭ ਖ਼ਜ਼ਾਨਾ ਪਿਆ ਹੈ। ਲਾਇਬ੍ਰੇਰੀ ਚੋਂ ਕਿਤਾਬਾਂ ਲੈਣ ਵਾਲੇ ਸਿਰਫ਼ ਚਾਰ ਮੰਤਰੀ ਬਰਿੰਦਰ ਕੁਮਾਰ ਗੋਇਲ, ਡਾ. ਬਲਜੀਤ ਕੌਰ, ਹਰਭਜਨ ਸਿੰਘ ਈਟੀਓ ਤੇ ਹਰਦੀਪ ਸਿੰਘ ਮੁੰਡੀਆਂ ਹਨ।

ਵਿਧਾਇਕ ਫੌਜਾ ਸਿੰਘ ਸਰਾਰੀ ਨੇ ਸਭ ਤੋਂ ਵੱਧ 16 ਕਿਤਾਬਾਂ ਅਤੇ ਦੂਜੇ ਨੰਬਰ 'ਤੇ ਮਨਵਿੰਦਰ ਸਿੰਘ ਗਿਆਸਪੁਰਾ ਨੇ 15 ਕਿਤਾਬਾਂ ਲਈਆਂ ਹਨ। ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਰਜਨ ਕਿਤਾਬਾਂ ਲਈਆਂ ਹਨ। ਚਾਰ ਵਿਧਾਇਕ ਔਰਤਾਂ ਨਰਿੰਦਰ ਕੌਰ ਭਰਾਜ ਨੇ 12 ਕਿਤਾਬਾਂ, ਪ੍ਰੋ. ਬਲਜਿੰਦਰ ਕੌਰ ਨੇ ਇੱਕ, ਇੰਦਰਜੀਤ ਕੌਰ ਮਾਨ ਨੇ ਦੋ ਅਤੇ ਸਰਵਜੀਤ ਕੌਰ ਮਾਣੂਕੇ ਨੇ ਸੱਤ ਕਿਤਾਬਾਂ ਜਾਰੀ ਕਰਾਈਆਂ ਹਨ। ਇਵੇਂ ਹੀ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ 9, ਗੁਰਪ੍ਰੀਤ ਸਿੰਘ ਵਣਾਂਵਾਲੀ ਨੇ ਇੱਕ, ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਨੇ ਪੰਜ ਅਤੇ ਡਾ. ਵਿਜੇ ਸਿੰਗਲਾ ਨੇ ਚਾਰ ਕਿਤਾਬਾਂ ਜਾਰੀ ਕਰਾਈਆਂ ਹਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਕਿਤਾਬ ਅਤੇ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਚਾਰ ਕਿਤਾਬਾਂ ਲਈਆਂ ਹਨ। ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਵਿਧਾਇਕ ਵੱਲੋਂ ਕੋਈ ਕਿਤਾਬ ਨਹੀਂ ਲਈ ਹੈ।

ਐਤਕੀਂ ਵਿਧਾਨ ਸਭਾ 'ਚ 68 ਵਿਧਾਇਕ ਤਾਂ ਗਰੈਜੂਏਟ ਜਾਂ ਇਸ ਤੋਂ ਜ਼ਿਆਦਾ ਪੜ੍ਹੇ ਲਿਖੇ ਹਨ। 'ਆਪ' ਦੇ ਕੁੱਲ ਵਿਧਾਇਕਾਂ ਚੋਂ 18.48 ਫ਼ੀਸਦੀ ਪੋਸਟ ਗਰੈਜੂਏਟ 23.91 ਫ਼ੀਸਦੀ ਗਰੈਜੂਏਟ ਹਨ। 'ਆਪ' ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਸਿੱਖਿਆ ਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਵਿਧਾਨ ਸਭਾ ਲਾਇਬਰੇਰੀ ਤੋਂ ਪਾਸਾ ਹੀ ਵੱਟੀ ਰੱਖਿਆ।

**ਸਿਆਸੀ ਬੁਨਿਆਦ 'ਚ ਵਿਗਾੜ ਪੈਦਾ ਹੋਏ : ਭੱਟੀ**

ਪੰਜਾਬੀ 'ਵਰਸਿਟੀ ਦੇ ਸਮਾਜ ਵਿਗਿਆਨ ਦੇ ਸਾਬਕਾ ਪ੍ਰੋ. ਹਰਵਿੰਦਰ ਭੱਟੀ ਆਖਦੇ ਹਨ ਕਿ ਅਸਲ 'ਚ ਸਿਆਸਤ 'ਚ ਹੁਣ ਕਾਰੋਬਾਰੀ ਲੋਕਾਂ ਦੀ ਭੀੜ ਬਣ ਗਈ ਹੈ ਜਦੋਂ ਕਿ ਪਹਿਲਾਂ ਸਮਾਜ ਦੇ ਹਰ ਤਬਕੇ ਚੋਂ ਸਿਆਸਤ 'ਚ ਪ੍ਰਤੀਨਿਧਤਾ ਹੁੰਦੀ ਸੀ। ਇਹੋ ਵਜ੍ਹਾ ਹੈ ਕਿ ਵਿਧਾਇਕਾਂ ਦਾ ਕਿਤਾਬਾਂ ਨਾਲ ਕੋਈ ਵਾਸਤਾ ਨਹੀਂ ਹੈ ਅਤੇ ਵਿਧਾਨ ਸਭਾ ਦੀ ਬਹਿਸ 'ਚ ਇਲਜ਼ਾਮਤਰਾਸੀ ਜ਼ਿਆਦਾ ਅਤੇ ਸੰਵਾਦ ਘਟਦਾ ਜਾ ਰਿਹਾ ਹੈ। ਸਿਆਸਤ ਦੀਆਂ ਤਰਜੀਹਾਂ ਬਦਲੀਆਂ ਹਨ ਜਿਸ ਨੇ ਨੇਤਾਵਾਂ ਦੀ ਸੋਚ ਤੇ ਪਹੁੰਚ 'ਤੇ ਪ੍ਰਭਾਵ ਛੱਡਿਆ ਹੈ।

**ਕਿਤਾਬਾਂ ਦੇ ਨਾਮ ਰੱਖ ਲਏ 'ਗੁਪਤ'**

ਪੰਜਾਬ ਵਿਧਾਨ ਸਭਾ ਸਕੱਤਰੇਤ 'ਚ ਇਹ ਨਵਾਂ ਬਦਲਾਅ ਦੇਖਣ ਨੂੰ ਮਿਲਿਆ ਹੈ ਕਿ ਵਿਧਾਨ ਸਭਾ ਨੇ ਵਿਧਾਇਕਾਂ ਨੂੰ ਜਾਰੀ ਕਿਤਾਬਾਂ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੂਚਨਾ ਦੇ ਅਧਿਕਾਰ ਤਹਿਤ ਸਕੱਤਰੇਤ ਨੇ ਕਿਤਾਬਾਂ ਦੀ ਗਿਣਤੀ ਤਾਂ ਦੇ ਦਿੱਤੀ ਹੈ ਪ੍ਰੰਤੂ ਕਿਤਾਬਾਂ ਦੇ ਨਾਮ ਇਹ ਤਰਕ ਦੇ ਕੇ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਜੇ ਵਿਧਾਇਕਾਂ ਨੂੰ ਜਾਰੀ ਹੋਈਆਂ ਕਿਤਾਬਾਂ ਦੀ ਨਿੱਜੀ ਸੂਚਨਾ ਦੇ ਦਿੱਤੀ ਤਾਂ ਇਹ ਵਿਧਾਇਕ ਲਈ ਖ਼ਤਰਾ ਬਣ ਸਕਦੀ ਹੈ। ਹਾਲਾਂਕਿ ਸਕੱਤਰੇਤ ਪਹਿਲਾਂ ਕਈ ਵਾਰ ਕਿਤਾਬਾਂ ਦੀ ਸੂਚਨਾ ਦੇ ਚੁੱਕਿਆ ਹੈ।

**'ਪੰਜਾਬੀ ਟ੍ਰਿਬਿਊਨ' ਵਿਚੋਂ ਧੰਨਵਾਦ ਸਹਿਤ**

ਪੰਜਾਬ ਦੇ ਮੁੱਦਿਆਂ ਨੂੰ ਸਦਾ ਉਭਾਰਦੀ ਰਹਿੰਦੀ ਸੀ। ਇਹ ਪਾਰਟੀ ਜ਼ਮੀਨੀ ਹਕੀਕਤ ਨਾਲ ਜੁੜੀ ਹੋਈ ਸੀ। ਸ਼੍ਰੋਮਣੀ ਅਕਾਲੀ ਹਮੇਸ਼ਾਂ ਮਨੁੱਖ ਅਧਿਕਾਰਾਂ ਦੀ ਡੱਟ ਕੇ ਗੱਲ ਕਰਦਾ ਸੀ, ਕੀ ਹੁਣ ਸਾਰੇ ਅਕਾਲੀ ਦਲਾਂ ਵਿੱਚ ਕੋਈ ਅਜਿਹਾ ਲੀਡਰ ਹੈ ਜਿਸ ਨੂੰ ਪੰਜਾਬ ਦੀਆਂ ਸਮੱਸਿਆਵਾਂ ਦਾ ਗੂੜ ਗਿਆਨ ਹੈ? ਅਕਾਲੀ ਦਲ ਦੇ ਪੱਤਣ ਦਾ ਮੂਲ ਕਾਰਨ ਇਹ ਪੰਜਾਬ ਦੀ ਵਿਰਾਸਤ ਨੂੰ ਹੀ ਭੁੱਲ ਗਏ। ਕੀ ਜੇਲ੍ਹਾਂ ਵਿੱਚ ਬੰਦ ਨੌਜਵਾਨਾਂ ਦੀ ਗੱਲ ਕੀਤੀ? ਕੀ ਸ੍ਰ: ਜਸਵੰਤ ਸਿੰਘ ਖਾਲੜੇ ਦੀ ਕੋਈ ਗੱਲ ਕੀਤੀ? ਕੀ ਜੱਥੇਦਾਰ ਕਉਂਕੇ ਦੀ ਫਾਈਲ ਖੋਲ੍ਹੀ? ਅਕਾਲੀ ਦਲ ਨੇ ਅਨੰਦਪੁਰ ਮਤੇ ਦਾ ਭੋਗ ਹੀ ਪਾ ਦਿੱਤਾ ਹੈ। ਮੇਰਾ ਮੰਨਣਾ ਹੈ ਵਰਤਮਾਨ ਵਰਤਾਰੇ ਵਿੱਚ ਬਹੁਤਾਂਤ ਅਕਾਲੀ ਨੇਤਾਵਾਂ ਨੇ ਅਨੰਦਪੁਰ ਦਾ ਮਤਾ ਪੜ੍ਹਿਆ ਹੀ ਨਹੀਂ ਹੈ। ਡਾਕਟਰ ਮਨਮੋਹਨ ਸਿੰਘ ਦੀ ਇਹ ਗੱਲ ਸਦਾ ਇਤਿਹਾਸ ਦਾ ਹਿੱਸਾ ਰਹੇਗੀ ਕਿ ਸਰਦਾਰ ਬਾਦਲ ਨੇ ਪੰਜਾਬ ਵਾਸਤੇ ਕਦੇ ਵੀ ਕੁਝ ਨਹੀਂ ਮੰਗਿਆ ਜੇ ਮੰਗਿਆ ਹੈ ਤਾਂ ਆਪਣੇ ਪ੍ਰਵਾਰ ਲਈ ਹੀ ਮੰਗਿਆ ਹੈ। ਲੋਕ ਸਭਾ ਵਿੱਚ ਅਕਾਲੀ ਦਲ ਵਲੋਂ ਸਭ ਤੋਂ ਸੀਨੀਅਰ ਆਗੂ ਪ੍ਰੇਮ ਸਿੰਘ ਲਾਲਪੁਰਾ ਤੇ ਸੁਖਦੇਵ ਸਿੰਘ ਢੀਂਡਸਾ ਤੇ ਹੋਰ ਵੀ ਕਈ ਸੀਨੀਅਰ ਨੇਤਾ ਮੌਜੂਦ ਸਨ। ਕੀ ਹਰਸਿਮਰਤ ਕੌਰ ਨੂੰ ਮੰਤਰੀ ਬਣਾਉਣਾ ਜ਼ਰੂਰੀ ਸੀ? ਅੰਨ੍ਹਾਂ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ। ਇਨ੍ਹਾਂ ਖ਼ੁਦਗ਼ਰਜ਼ ਲੀਡਰਾਂ ਦੀਆਂ ਚਾਲਾਂ ਦੇਖ ਕੇ ਕਚਿਆਣ ਆਉਂਦੀ ਹੈ। ਇਤਿਹਾਸ ਦੇ ਪੰਨੇ ਕਦੇ ਇਨ੍ਹਾਂ ਨੂੰ ਮੁਆਫ਼ ਨਹੀਂ ਕਰਨਗੇ। ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਸ਼੍ਰੋਮਣੀ ਕਮੇਟੀ ਹੋਵੇ, ਇਨ੍ਹਾਂ ਲੀਡਰਾਂ ਦੇ ਕੱਦ ਐਨੇ ਬੌਣੇ ਹੋ ਚੁੱਕੇ ਹਨ ਕਿ ਇਨ੍ਹਾਂ ਨੂੰ ਕੇਂਦਰੀ ਮੰਤਰੀਆਂ ਨੇ ਕੀ ਸਮਾਂ ਦੇਣਾ ਸੀ। ਇਨ੍ਹਾਂ ਨੂੰ ਜ਼ਿਲ੍ਹੇ ਦਾ ਡੀ. ਸੀ. ਸਮਾਂ ਨਹੀਂ ਦਿੰਦਾ। ਵਿਧਾਨ ਸਭਾ ਦੇ ਸ਼ੈਸ਼ਨ ਵਿੱਚ ਕਦੇ ਕਿਸੇ ਲੀਡਰ ਨੇ ਸੁਹਿਰਦਤਾ ਨਹੀਂ ਦਿਖਾਈ, ਘਟੀਆ ਪੱਧਰ ਦੀ ਬਹਿਸ ਹੁੰਦੀ ਹੈ। ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਨਵੀਂ ਰਵਾਇਤ ਚੱਲ ਪਈ ਹੈ। ਕੀ ਇਕ ਦੂਜੇ ਨੂੰ ਮਿਹਣੇ ਮਾਰਨ ਲਈ ਅਜਲਾਸ ਸੱਦਿਆ ਸੀ? ਅਜਲਾਸ ਵਿੱਚ ਰੌਲਾ ਪੈਂਦਾ ਹੈ, ਲੀਡਰ ਸੀਟਾਂ ਛੱਡ ਕੇ ਬਾਹਰ ਨੂੰ ਉੱਠ ਭੱਜਦੇ ਹਨ, ਕੀ ਤੁਸੀਂ ਸਦਨ ਵਿੱਚ ਵਿਚਾਰ ਵਟਾਂਦਰਾ ਕਰਨ ਲਈ ਗਏ ਹੋ ਜਾਂ ਕੁਰਸੀਆਂ ਛੱਡ ਕੇ ਭੱਜਣ ਲਈ ਗਏ ਹੋ? ਕੀ ਤੁਸਾਂ ਵਿਧਾਨ ਸਭਾ ਵਿੱਚ ਤਮਾਸ਼ਾ ਨਹੀਂ ਬਣਾਇਆ ਹੋਇਆ? ਕੀ ਇੰਝ ਕਰਨ ਨਾਲ ਪੰਜਾਬ ਦਾ ਕੋਈ ਭਲਾ ਹੋ ਸਕਦਾ ਹੈ? ਅਖੇ ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ।

ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਤਾਂ ਹੁਣ ਆਈ ਗਈ ਹੋ ਗਈ ਹੈ। ਚੰਡੀਗੜ੍ਹ ਮਸਲੇ ਦੇ ਹੱਲ ਲਈ ਕਦੇ ਸਰਬ ਪਾਰਟੀ ਮੀਟਿੰਗ ਨਹੀਂ ਹੋਈ। ਦਰਿਆਈ ਪਾਣੀਆਂ ਸਬੰਧੀ ਕਦੇ ਵੀ ਕੋਈ ਸਾਂਝਾ ਪੈਂਤੜਾ ਨਹੀਂ ਅਪਨਾਇਆ ਗਿਆ। ਪੰਜਾਬ ਦੀਆਂ ਮੁੱਖ ਸਮੱਸਿਆਵਾਂ ਖੇਤੀ ਨਾਲ ਸਬੰਧਿਤ ਹਨ। ਖੇਤੀ ਅਧਾਰਿਤ ਇੰਡਸਟਰੀ ਲਈ ਕਦੇ ਕੋਈ ਚਾਰਾਜੋਈ ਨਹੀਂ ਕੀਤੀ ਗਈ। ਕੀ ਕੇਂਦਰ ਸਰਕਾਰ ਨਾਲ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕਰ ਸਕਦੇ?

ਸਾਰੀਆਂ ਹੀ ਪੰਜਾਬ ਦੀਆਂ ਪਾਰਟੀਆਂ ਪੰਜਾਬ ਦੀ ਆਰਥਿਕਤਾ ਨੂੰ ਲੁੱਟਣ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਜਿਹੜੀ ਸਹੂਲਤਾਂ ਪੰਜਾਬੀਆਂ ਮੰਗੀਆਂ ਹੀ ਨਹੀਂ ਹਨ ਪੰਜਾਬ ਦੇ ਲੀਡਰਾਂ ਨੇ ਧੱਕੇ ਨਾਲ ਦਿੱਤੀਆਂ।

**ਬਾਕੀ ਸਫਾ 11 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ– ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧਕ ਕਿਸਨੂੰ ਨਿਯੁਕਤ ਕੀਤਾ ਗਿਆ?**

**ਜਵਾਬ**– ਪਹਿਲੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਭਾਈ ਮਨੀ ਸਿੰਘ ਜੀ ਨੂੰ ਅਤੇ ਦੁਬਾਰਾ ਮਾਤਾ ਸੁੰਦਰ ਕੌਰ ਜੀ ਨੇ ਸੰਮਤ 1778 ਸੰਨ 1721 ਨੂੰ ਦਿੱਲੀ ਤੋਂ ਪ੍ਰਬੰਧਕ ਨਿਯੁਕਤ ਕੀਤਾ।

**2. ਸਵਾਲ– ਸ੍ਰੀ ਦਰਬਾਰ ਸਾਹਿਬ ਆਮ ਜਮੀਨ ਤੋਂ ਨੀਵਾਂ ਕਿਉਂ ਬਣਾਇਆ ਗਿਆ ਹੈ। ਜਦੋਂ ਕਿ ਬਹੁਤੇ ਗੁਰਦੁਆਰੇ ਉੱਚੀ ਜਗ੍ਹਾਂ ਤੇ ਬਣੇ ਹਨ?**

**ਜਵਾਬ**– ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਵਾਲੀਆਂ ਪੌੜੀਆਂ ਹੇਠਾਂ ਵੱਲ ਜਾਂਦੀਆਂ ਹਨ ਅਤੇ ਦਰਬਾਰ ਸਾਹਿਬ ਜ਼ਮੀਨੀ ਪੱਧਰ ਤੋਂ ਹੇਠਾਂ ਬਣਾਇਆ ਗਿਆ ਹੈ। ਕਿਉਂਕਿ ਪਾਣੀ ਦਾ ਪੱਧਰ ਏਥੇ ਟਿਕਿਆ ਹੋਇਆ ਸੀ।

**3. ਸਵਾਲ– ਸਰੋਵਰ ਦੀ ਪ੍ਰਕਰਮਾ ਵਿੱਚ ਕਿੰਨੀਆਂ ਬੇਰੀਆਂ ਹਨ?**

**ਜਵਾਬ–** ਸਰੋਵਰ ਦੀ ਪ੍ਰਕਰਮਾ ਵਿੱਚ ਤਿੰਨ ਬੇਰੀ ਦੇ ਦਰਖ਼ਤ ਹਨ– 1. ਦੁਖਭੰਜਨੀ ਬੇਰੀ 2. ਬੇਰ ਬਾਬਾ ਬੁੱਢਾ ਸਾਹਿਬ ਜੀ 3. ਇਲੈਚੀ ਬੇਰੀ ਇਹ ਤਿੰਨ ਬੇਰ ਦੇ ਦਰਖ਼ਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਇਤਿਹਾਸ ਨੂੰ ਸਾਂਭੀ ਬੈਠੇ ਹਨ। ਪੁਰਾਣੇ ਸਮੇਂ ਵਿੱਚ ਇਥੇ ਬੇਰੀਆਂ ਦੇ ਬਹੁਤ ਸਾਰੇ ਦਰਖ਼ਤ ਹੁੰਦੇ ਸਨ।

**4. ਸਵਾਲ– ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਕਿੰਨੇ ਨਿਸ਼ਾਨ ਸਾਹਿਬ ਹਨ?**

**ਜਵਾਬ–** ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ 2 ਨਿਸ਼ਾਨ ਸਾਹਿਬ ਹਨ। ਇਹ ਨਿਸ਼ਾਨ ਸਾਹਿਬ ਤਾਂਬੇ ਤੇ ਲੋਹੇ ਦੇ ਮਿਸ਼ਰਨ ਨਾਲ ਬਣਾਏ ਗਏ ਹਨ। ਇਹ ਮੀਰੀ ਤੇ ਪੀਰੀ ਦੇ ਨਿਸ਼ਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ 1962 ਵਿੱਚ ਲਹਿਰਾਏ ਗਏ ਸਨ।

**5. ਸਵਾਲ– ਸ੍ਰੀ ਦਰਬਾਰ ਸਾਹਿਬ ਜੀ ਦੇ ਪਿਛਲੇ ਪਾਸੇ ਪੌੜੀਆਂ ਵਾਲੇ ਘਾਟ ਦਾ ਕੀ ਨਾਂ ਹੈ?**

**ਜਵਾਬ–** ਸ੍ਰੀ ਦਰਬਾਰ ਸਾਹਿਬ ਜੀ ਦੇ ਪਿਛਲੇ ਪਾਸੇ ਪੌੜੀਆਂ ਵਾਲੇ ਘਾਟ ਦਾ ਨਾਂ **ਹਰਿ ਕੀ ਪਾਉੜੀ** ਹੈ। ਪਰ ਇਹ ਨਾਂ ਦੇਖਾ-ਦੇਖੀ ਹੀ ਪ੍ਰਚਲਿਤ ਹੋ ਗਿਆ ਹੈ। ਜਦ ਕਿ ਸਾਰੇ ਤਲਾਬ ਨੂੰ ਸਰੋਵਰ ਹੀ ਕਿਹਾ ਜਾਂਦਾ ਹੈ।

**6. ਸਵਾਲ– ਮੀਰ ਮਨੂੰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਕਦੋਂ ਹਮਲਾ ਕੀਤਾ?**

**ਜਵਾਬ–** ਮੀਰ ਮਨੂੰ ਨੇ 1748 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਸ੍ਰੀ ਦਰਬਾਰ ਸਾਹਿਬ ਨੂੰ ਮਿੱਟੀ 'ਚ ਮਿਲਾਉਣ ਵਾਲਾ ਖੁਦ 3 ਨਵੰਬਰ 1753 ਈ: ਨੂੰ ਮਿੱਟੀ 'ਚ ਮਿਲ ਗਿਆ।

**7. ਸਵਾਲ– ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਤਲਾਬਾਂ ਦੀ ਗਿਣਤੀ ਕਿੰਨੀ ਹੈ?**

**ਜਵਾਬ–** ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਤਲਾਬਾਂ ਦੀ ਗਿਣਤੀ ਪੰਜ ਹੈ ਜਿਨ੍ਹਾਂ ਦੇ ਨਾਂ ਅੰਮ੍ਰਿਤਸਰ, ਸੰਤੋਖਸਰ, ਕੌਲਸਰ, ਬਿਬੇਕਸਰ ਅਤੇ ਰਾਮਸਰ ਹਨ।

**8. ਸਵਾਲ– ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਿੰਨੀ ਵਾਰੀ ਹੁਕਮਨਾਮਾ ਲਿਆ ਜਾਂਦਾ ਹੈ?**

**ਜਵਾਬ–** ਪਾਵਨ ਹੁਕਮਨਾਮੇ– ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਤਿੰਨ ਵਾਰ (ਟਾਈਮ) ਹੁਕਮਨਾਮਾ ਲਿਆ ਜਾਂਦਾ ਹੈ–

1. ਪ੍ਰਕਾਸ਼ ਵੇਲੇ 2. ਆਸਾ ਦੀ ਵਾਰ ਦੇ ਭੋਗ ਤੋਂ ਬਾਅਦ 3. ਰਾਤ ਨੂੰ ਸੁਖਆਸਣ ਵੇਲੇ।

ਨੋਟ– ਜੋ ਹੁਕਮਨਾਮਾ ਪ੍ਰਕਾਸ਼ ਵੇਲੇ ਆਉਂਦਾ ਹੈ ਉਹ ਹੀ ਸਾਰਾ ਦਿਨ ਦੁਬਾਰਾ ਪੜ੍ਹਿਆ ਜਾਂਦਾ ਹੈ।

**9. ਸਵਾਲ– ਤੋਸ਼ੇਖਾਨੇ ਦੀਆਂ ਕੀਮਤੀ ਵਸਤਾਂ ਕਿਹੜੀਆਂ ਹਨ?**

**ਜਵਾਬ–** ਤੋਸ਼ੇਖਾਨੇ ਦੀਆਂ ਕੀਮਤੀ ਵਸਤਾਂ–

ਸੋਨੇ ਦਾ ਛਤਰ 37 ਨਗ ਜੜੇ ਹੋਏ ਹਨ, ਜੜਾਊਂ ਸਿਹਰਾ, ਦੋ ਵੱਡੀਆਂ ਮਾਲਾ, ਸੋਨੇ ਦਾ ਆਸਾ, ਮਹਾਰਾਜਾ ਰਣਜੀਤ ਸਿੰਘ ਦੀ ਸਿਰੀ ਸਾਹਿਬ, ਸੁੱਚੇ ਮੋਤੀਆਂ ਦੀ 108 ਮਣਕੇ ਦੀ ਮਾਲਾ, ਸੋਨੇ ਦੇ ਦਰਵਾਜ਼ੇ, ਸੋਨੇ ਦੇ ਚੱਕਰ ਵਜ਼ਨ 18 ਤੋਲੇ 8 ਮਾਸੇ 6 ਰੱਤੀ, 2 ਸੋਨੇ ਦੇ ਪੱਖੇ, 5 ਸੋਨੇ ਦੀਆਂ ਕਹੀਆਂ, 5 ਚਾਂਦੀ ਦੇ ਬਾਟੇ, ਇਕ ਚਾਨਣੀ: ਇਸ ਵਿੱਚ ਜੜੇ ਇੱਕ ਇੱਕ ਹੀਰੇ ਦੀ ਕੀਮਤ (17ਵੀਂ ਸਦੀ ਵੇਲੇ) 500 ਰੁ: ਸੀ। ਚੰਦਨ ਦਾ ਚੌਰ, ਡਿਊਡੀ ਲਈ ਸੋਨੇ ਦੀ ਜੋੜੀ ਆਦਿ।

**10. ਸਵਾਲ– ਸ੍ਰੀ ਦਰਬਾਰ ਸਾਹਿਬ ਵਿੱਚ ਸੋਨਾ ਚੜ੍ਹਾਉਣ ਦੀ ਸੇਵਾ ਕਿਸ ਨੇ ਕੀਤੀ ਸੀ?**

**ਜਵਾਬ–** ਸੋਨੇ ਦੀ ਸੇਵਾ– ਇਹ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਮੁਸਲਮਾਨ ਮਿਸਤਰੀ ਯਾਰ ਮੁਹੰਮਦ ਖਾਨ ਤੋਂ 1803 ਵਿੱਚ ਸ਼ੁੱਧ ਸੋਨਾ 162 ਸੇਰ, 27 ਸਾਲਾਂ ਵਿੱਚ ਸੇਵਾ ਕਰਵਾਈ। ਇਸ ਦੀ ਕੀਮਤ ਲਗਭਗ 64,11,000 ਰੁ: ਸੀ। 90 ਦੇ ਦਹਾਕੇ ਵਿੱਚ, ਇਸਨੂੰ 500 ਕਿਲੋ ਸੋਨੇ ਨਾਲ ਨਵੀਨੀਕਰਨ ਕੀਤਾ ਗਿਆ ਸੀ ਜਿਸ ਦੀ ਕੀਮਤ 150 ਕਰੋੜ ਰੁਪਏ ਤੋਂ ਵੱਧ ਸੀ।

**11. ਸਵਾਲ– ਸ੍ਰੀ ਦਰਬਾਰ ਸਾਹਿਬ ਵਿਖੇ ਚੌਰ ਸਾਹਿਬ ਕਿਸ ਨੇ ਤੇ ਕਿਵੇਂ ਤਿਆਰ ਕੀਤਾ?**

**ਜਵਾਬ–** ਇੱਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਨੇ 9 ਮਣ, 14 ਸੇਰ ਚੰਦਨ ਦੀ ਲੱਕੜ ਵਿੱਚੋਂ 1 ਲੱਖ 45 ਹਜ਼ਾਰ ਤਾਰਾਂ ਕੱਢ ਕੇ 5 ਸਾਲ, 7 ਮਹੀਨੇ ਦੀ ਲਗਾਤਾਰ ਮਿਹਨਤ ਤੋਂ ਬਾਅਦ ਚੌਰ ਤਿਆਰ ਕਰਕੇ ਸ੍ਰੀ ਦਰਬਾਰ ਸਾਹਿਬ 31-12-1925 ਨੂੰ ਭੇਟ ਕੀਤਾ।

**12. ਸਵਾਲ– ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਲਾਈਵ ਰੇਡੀਓ ਪ੍ਰਸਾਰਨ ਕਦੋਂ ਸ਼ੁਰੂ ਹੋਇਆ?**

**ਜਵਾਬ–** ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਲਾਇਵ ਰੇਡੀਓ ਪ੍ਰਸਾਰਣ ਰੋਜ਼ਾਨਾਂ ਸਵੇਰੇ 4 ਤੋਂ 6 ਵਜੇ ਤੱਕ ਸ਼ਾਮ 4.30 ਤੋਂ 5.30 ਵਜੇ ਤੱਕ ਹੁੰਦਾ ਹੈ। ਵਰਣਨਯੋਗ ਹੈ, ਇਹ ਰੇਡੀਓ ਤੋਂ ਪ੍ਰਸਾਰਣ ਦਾ ਸਮਾਂ ਜੂਨ 1984 ਸਾਕਾ ਨੀਲਾ ਤਾਰਾ ਵੇਲੇ ਹੋਇਆ।

**13. ਸਵਾਲ– ਸ੍ਰੀ ਦਰਬਾਰ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਕੌਣ ਸੀ?**

**ਜਵਾਬ–** ਗੁਰੂ ਅਰਜਨ ਸਾਹਿਬ ਜੀ ਨੇ ਸਾਹਿਬ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਮਤ 1661 ਸੰਨ 1604 ਵਿੱਚ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਕਰਕੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ।




## ਬਿਰਧਿ ਭਇਓ ਸੂਝੈ ਨਹੀ...

### ਸਲੋਕ ੪
### ਕਮਲਾ ਕਿਉਂ ਹੋਇਆ ਫਿਰਦਾ ਹੈ

**ਭੂਮਿਕਾ—** ਆਮ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਬੰਦਾ ਜਦੋਂ ਬਜ਼ੁਰਗੀ ਵਿੱਚ ਪੈਰ ਰੱਖਦਾ ਹੈ ਤਾਂ ਸਰੀਰ ਪੂਰਾ ਸਾਥ ਨਹੀਂ ਦਿੰਦਾ। ਜਦੋਂ ਮਨੁੱਖ ਨੂੰ ਉੱਚਾ ਸੁਣਦਾ ਹੋਵੇ, ਗੋਡੇ ਕੜਕ ਕੜਕ ਕਰਦੇ ਹੋਣ, ਅੱਖਾਂ ਵਿਚੋਂ ਆਪਣੇ ਆਪ ਪਾਣੀ ਵਗੀ ਜਾਏ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਇਹ ਹੁਣ ਬਜ਼ੁਰਗ ਹੋ ਗਿਆ ਹੈ। ਬਜ਼ੁਰਗ ਨੂੰ ਸੋਟੀ ਦਾ ਸਹਾਰਾ ਲੈਣਾ ਪੈਂਦਾ ਹੈ। ਜਦੋਂ ਇਹ ਸਾਰਾ ਕੁਝ ਸਮਾਜ ਵਿੱਚ ਦੇਖਦੇ ਹਾਂ ਤਾਂ ਇਹ ਗੱਲ ਸਾਰਿਆਂ ਤੇ ਲਾਗੂ ਨਹੀਂ ਹੰਦੀ। ਕਈ ਬਜ਼ੁਰਗ ਵਡੇਰੀ ਉਮਰ ਹੋਣ ਦੇ ਬਾਵਜੂਦ ਵੀ ਆਪਣੇ ਸਰੀਰ ਦੀ ਸਾਰੀ ਪ੍ਰਕਿਰਿਆ ਆਪ ਸੰਭਾਲਦੇ ਹਨ ਤੇ ਜਵਾਨਾਂ ਵਾਂਙ ਕੰਮ ਕਰਦੇ ਹਨ। ਉਹ ਕਿਸੇ ਦੇ ਮੁਥਾਜ ਨਹੀਂ ਹੁੰਦੇ। ਦੂਸਰੇ ਪਾਸੇ ਕਈ ਨੌਜਵਾਨ ਬਜ਼ੁਰਗਾਂ ਨਾਲੋਂ ਵੀ ਕੰਮਜ਼ੋਰ ਬੱਲਹੀਣ, ਉਤਸ਼ਾਹ ਰਹਿਤ ਹੋ ਜਾਂਦੇ ਹਨ। ਕਈ ਨੌਜਵਾਨਾਂ ਨੂੰ ਵੀ ਉੱਚਾ ਸੁਣਦਾ ਹੈ। ਬਜ਼ੁਰਗੀ ਦਾ ਇੱਕ ਪ੍ਰਤੀਕ ਲੈ ਕੇ ਹਰੇਕ ਪ੍ਰਾਣੀ ਨੂੰ ਸਮਝਾਇਆ ਹੈ। ਕਈ ਵਾਰੀ ਬੰਦਾ ਪੈਸੇ ਵਿੱਚ ਏਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਪਰਾਏ ਦੀ ਸਮਝ ਹੀ ਨਹੀਂ ਰਹਿੰਦੀ। ਦਾਜ ਮੰਗਣ ਵਾਲੇ ਦੀ ਸੂਝ ਗਾਇਬ ਹੋ ਗਈ ਹੁੰਦੀ ਹੈ। ਅਜਿਹੀ ਅਵਸਥਾ ਵਿੱਚ ਆਤਮਿਕ ਮੌਤ ਸਾਹਮਣੇ ਖੜੀ ਹੁੰਦੀ ਹੈ। ਗੁਰਬਾਣੀ ਉਪਦੇਸ਼ ਹਰੇਕ ਵਰਗ 'ਤੇ ਲਾਗੂ ਹੁੰਦਾ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਲੋਕ—**

*ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥*

*ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥*

**ਪਦ ਅਰਥ—** ਬਿਰਧਿ-ਬੁੱਢਾ। ਸੂਝੈ ਨਹੀ-ਸਮਝ ਨਹੀਂ ਪੈਂਦੀ। ਕਾਲੁ-ਮੌਤ। ਆਨਿ-ਆ ਕੇ। ਨਰ ਬਾਵਰੇ-ਹੇ ਝੱਲੇ ਮਨੁੱਖ! ਨਾ ਭਜੈ-ਤੂੰ ਨਹੀਂ ਜਪਦਾ।

**ਅੱਖਰੀ ਅਰਥ—** ਹੇ ਨਾਨਕ! ਆਖ- ਹੇ ਝੱਲੇ ਮਨੁੱਖ! ਤੂੰ ਕਿਉਂ ਪਰਮਾਤਮਾ ਦਾ ਭਜਨ ਨਹੀਂ ਕਰਦਾ? ਵੇਖ, ਤੂੰ ਹੁਣ ਬੁੱਢਾ ਹੋ ਗਿਆ ਹੈਂ ਪਰ ਤੈਨੂੰ ਅਜੇ ਭੀ ਇਹ ਸਮਝ ਨਹੀਂ ਆ ਰਹੀ ਕਿ ਮੌਤ ਸਿਰ ਤੇ ਆ ਪਹੁੰਚੀ ਹੈ।੪।

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਉਂਝ ਮੌਤ ਦਾ ਕੋਈ ਸਮਾਂ ਨਹੀਂ ਹੈ, ਕਦੇ ਵੀ ਆ ਸਕਦੀ ਹੈ। ਪਰ ਕੁਦਰਤੀ ਨਿਯਮਾਵਲੀ ਅਨੁਸਾਰ ਜੇ ਬੰਦਾ ਤੰਦਰੁਸਤ ਰਹਿੰਦਾ ਹੈ ਤਾਂ ਉਹ ਬੁੱਢਾ ਹੋ ਕੇ ਮਰਦਾ ਹੈ। ਉਮਰ ਦੇ ਹਿਸਾਬ ਨਾਲ ਮਨੁੱਖੀ ਸੁਭਾਅ ਵਿੱਚ ਜਿੱਥੇ ਤਬਦੀਲੀ ਆਉਂਦੀ ਹੈ ਉਥੇ ਸਰੀਰਕ ਤੌਰ 'ਤੇ ਕੰਮਾਂ ਵਿੱਚ ਵੀ ਤਬਦੀਲੀ ਆਉਂਦੀ ਹੈ। ਜਿਹੜੇ ਕੰਮ ਜਵਾਨੀ ਵਿੱਚ ਕੀਤੇ ਜਾ ਸਕਦੇ ਸਨ, ਉਹ ਬੁਢੇਪੇ ਵਿੱਚ ਕਰਨੇ ਕਠਨ ਹੁੰਦੇ ਹਨ। ਗੁਰੂ ਸਾਹਿਬ ਜੀ ਇੱਕ ਨੁਕਤਾ ਸਮਝਾ ਰਹੇ ਹਨ, ਕਿ ਜੇ ਹੁਣ ਬੁੱਢਾ ਹੋ ਗਿਆ ਏਂ ਸਰੀਰ ਵਿੱਚ ਜਵਾਨੀ ਵਾਲੀ ਤਾਕਤ ਨਹੀਂ ਰਹੀ, *"ਬਿਰਧਿ ਭਇਓ ਸੂਝੈ ਨਹੀ"* ਬੁਢੇਪੇ ਵਿੱਚ ਕਈ ਵਾਰੀ ਯਾਦ ਸ਼ਕਤੀ ਵੀ ਘੱਟ ਜਾਂਦੀ ਹੈ। ਸਹੀ ਅਰਥਾਂ ਵਿੱਚ ਬੇਢੇਪਾ ਮੌਤ ਆਉਣ ਦੀ ਸੂਚਨਾ ਦੇ ਰਿਹਾ ਹੈ *"ਕਾਲੁ ਪਹੂਚਿਓ ਆਨਿ"* ਅੱਖਰੀ ਅਰਥ ਮੌਤ ਨੇੜੇ ਆ ਗਈ ਹੈ। ਉਹ ਮਨੁੱਖ ਵੀ ਕੀ ਹੋਇਆ ਜੇ ਚਿਤਾਵਨੀ ਸਮਝ ਲਏ? ਬੁਢੇਪਾ ਤਾਂ ਅਵੱਸ਼ ਆਏਗਾ ਪਰ ਬੁਢੇਪੇ ਵਾਲੇ ਕੰਮਾਂ ਦੀ ਚੋਣ ਤਾਂ ਕਰ ਸਕਦਾ ਏਂ, ਮੈਂ ਕਿਹੜਾ ਕੰਮ ਕਰ ਸਕਦਾ ਹਾਂ?

ਇਹ ਵੀ ਠੀਕ ਹੈ, ਸੰਸਾਰ ਵਿੱਚ ਜੋ ਵੀ ਆਇਆ ਹੈ ਉਸ ਨੇ ਇੱਕ ਦਿਨ ਚਲੇ ਜਾਣਾ ਹੈ ਪਰ ਸਵਾਲਾਂ ਦਾ ਸਵਾਲ ਹੈ ਕਿ ਉਸ ਨੇ ਨੇਕੀ ਵਾਲਾ ਕਰਮ ਕਿਹੜਾ ਕੀਤਾ ਹੈ? ਨਵਾਬ ਕਪੂਰ ਸਿੰਘ ਦਾ ਜੀਵਨ ਪੜ੍ਹਦੇ ਹਾਂ, ਤਾਂ ਉਹ ਜਵਾਨੀ ਵਿੱਚ ਜਰਨੈਲ ਸਨ। ਮੋਹਰਲੀਆਂ ਕਤਾਰਾਂ ਵਿੱਚ ਖੰਡਾ ਖੜਕਾਇਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਮੁੱਢ ਬੰਨ੍ਹਿਆ। ਜਦੋਂ ਨਵਾਬ ਕਪੂਰ ਸਿੰਘ ਬਜ਼ੁਰਗੀ ਵਿੱਚ ਚਲੇ ਗਏ ਤਾਂ ਉਹ ਕਛਹਿਰੇ ਤੇ ਚੋਲ਼ੇ ਹੱਥੀਂ ਸਿਊਣ ਲੱਗ ਪਏ, ਭਾਵ ਜ਼ਿੰਦਗੀ ਵਿੱਚ ਕਦੇ ਵੀ ਵਿਹਲੇ ਨਹੀਂ ਬੈਠੇ ਸਨ।

*"ਕਹੁ ਨਾਨਕ ਨਰ ਬਾਵਰੇ"* ਹੇ ਕਮਲ਼ੇ ਮਨੁੱਖ! ਧਿਆਨ ਨਾਲ ਗੱਲ ਸੁਣ। *"ਕਿਉਂ ਨਾ ਭਜੈ ਭਗਵਾਨੁ"* ਦੇ ਅੱਖਰੀ ਅਰਥ ਸਮਝਾਂਗੇ, ਤਾਂ ਇਹੋ ਸਮਝ ਆਉਂਦਾ ਹੈ, ਕਿ ਇਕ ਸ਼ਬਦ ਨੂੰ ਬਾਰ ਬਾਰ ਬੋਲੀ ਜਾਣਾ ਹੀ ਭਗਵਾਨ ਦਾ ਭਜਨ ਹੈ। ਜੇ ਤੱਤ ਨੂੰ ਸਮਝੀਏ ਤਾਂ ਗੁਰੂ ਸਾਹਿਬ ਜੀ ਕਹਿ ਰਹੇ ਨੇ ਕਿ ਬੰਦਿਆਂ ਤੂੰ ਬਹੁਤ ਕੁਝ ਕਰ ਸਕਦਾ ਏਂ? ਕਿਉਂ ਨਹੀਂ ਉਦਮ ਕਰਦਾ? ਕਿਉਂ ਦਲਿੱਦਰ ਦੀਆਂ ਪੰਡਾਂ ਬੰਨ੍ਹੀ ਬੈਠਾ ਏਂ? ਕਈ ਕੰਮ ਬੁਢੇਪੇ ਵਿੱਚ ਵੀ ਕਰ ਸਕਦੈਂ? ਕਿਉਂ ਨਾ ਭਜੈ ਭਗਵਾਨ ਦੀ ਸਹੀ ਤਰਜਮਾਨੀ ਉਦਮ ਦੇ ਰੂਪ ਵਿੱਚ ਉਗੜ ਕੇ ਸਾਹਮਣੇ ਆਉਂਦੀ ਹੈ।

ਜੇ ਕੌਮੀ ਤੌਰ 'ਤੇ ਸੋਚਿਆ ਜਾਏ, ਤਾਂ ਬਜ਼ੁਰਗਾਂ ਦੇ ਤਜਰਬੇ ਦਾ ਕੌਮ ਨੂੰ ਫਾਇਦਾ ਲੈਣਾ ਚਾਹੀਦਾ ਹੈ। ਹਰ ਪਿੰਡ ਵਿੱਚ ਬਜ਼ੁਰਗਾਂ ਦੀਆਂ ਇਕਾਈਆਂ ਹੋਣੀਆਂ ਚਾਹੀਦੀਆਂ ਹਨ। ਆਪਣੇ ਆਪਣੇ ਕਿੱਤੇ ਤੋਂ ਸੇਵਾ ਮੁਕਤ ਹੋਇਆ ਬੰਦਾ ਆਪਣੇ ਪਿੰਡ ਦੇ ਬੱਚਿਆਂ ਨੂੰ ਫਾਇਦਾ ਦੇ ਸਕਦਾ ਹੈ। ਜੇ ਕੋਈ ਫੌਜ ਵਿਚੋਂ ਸੇਵਾ ਮੁਕਤ ਹੋਇਆ ਹੈ ਤਾਂ ਉਹ ਪਿੰਡ ਦੇ ਬੱਚਿਆਂ ਨੂੰ ਫੌਜ ਵਿਚ ਭਰਤੀ ਹੋਣ ਦੀ ਤਿਆਰੀ ਕਰਾ ਸਕਦਾ ਹੈ। ਜੇ ਅਧਿਆਪਕ ਸੇਵਾ ਮੁਕਤ ਹੋਇਆ ਹੈ ਤਾਂ ਉਹ ਪਿੰਡ, ਗਲ਼ੀ ਮਹੱਲੇ ਵਿਚ ਆਪਣਿਆਂ ਬੱਚਿਆਂ ਨੂੰ ਪੜ੍ਹਾਈ ਦੀਆਂ ਸੇਵਾਵਾਂ ਦੇ ਸਕਦਾ ਹੈ। ਸਾਡੀਆਂ ਸਿਰਮੌਰ ਜੱਥੇਬੰਦੀਆਂ ਨੂੰ ਹਰ ਖੇਤਰ ਵਿਚੋਂ ਸੇਵਾ ਮੁਕਤ ਹੋਏ ਵਿਦਵਾਨਾਂ ਦੀਆਂ ਸੇਵਵਾਂ ਲੈਣੀਆਂ ਚਾਹੀਦੀਆਂ ਹਨ, ਕੌਮ ਦਾ ਭਵਿੱਖਤ ਹੋਰ ਸੁਨਹਿਰੀ ਹੋ ਸਕਦਾ ਹੈ--

ਗੁਰੂ ਨਾਨਕ ਸਾਹਿਬ ਜੀ ਮਨੁਖ ਨੂੰ ਸੁਚੇਤ ਕਰਦਿਆਂ ਕਿਹਾ ਹੈ, ਕਿ ਜਿਉਂਦਾ ਹੀ ਉਹ ਮਨੁੱਖ ਹੈ, ਜਿਸ ਨੇ ਜ਼ਿੰਦਗੀ ਬਾਕੀ ਸਫਾ 42 'ਤੇ

# ਮਰਦ ਅਗੰਮੜਾ ਗੁਰੂ ਗੋਬਿੰਦ ਸਿੰਘ ਜੀ

**ਸਿੱਖ ਪੰਥ ਦਾ ਨਿਸ਼ਾਨਾ ਗੁਰੂ ਸਾਹਿਬ ਦੀ ਸੋਚ ਨੂੰ ਸਾਕਾਰ ਰੂਪ ਵਿੱਚ ਪ੍ਰਵਾਨ ਚੜਾਉਣਾ ਹੈ। ਜੋ ਓਨਾ ਚਿਰ ਸੰਭਵ ਨਹੀਂ ਹੋ ਸਕੇਗਾ, ਜਿੰਨਾਂ ਚਿਰ ਇਸ ਦੀ ਸਹੀ ਘੋਖ ਕਰਕੇ ਸਹੀ ਅਰਥਾਂ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾਂਦਾ ਅਤੇ ਮਾਨਵ ਸਮਾਜ ਦੇ ਵੱਡੇ ਹਿੱਸੇ ਨੂੰ ਇਸ ਦੇ ਲਾਭਕਾਰੀ ਪ੍ਰਭਾਵਾਂ ਤੋਂ ਜਾਣੂ ਨਹੀਂ ਕਰਵਾਇਆ ਜਾਂਦਾ। ਅਜਿਹਾ ਕਰਕੇ ਹੀ ਅਸੀਂ ਸੱਚੇ ਸ਼ਹਿਨਸ਼ਾਹ ਦੇ ਰੂ- ਬ- ਰੂ ਸੁਰਖਰੂ ਹੋ ਸਕਦੇ ਹਾਂ। ਆਓ, ਖਾਲਸੇ ਬਣੀਏ। ਗੁਰੂ ਗ੍ਰੰਥ ਸਾਹਿਬ ਜੀ ਦੇ ਅਧਾਂਰ ਤੇ ਖਾਲਸਾਈ ਜੀਵਨ ਦੀ ਸਿਰਜਨਾ ਕਰਕੇ ਖਾਲਸਾਈ ਰਿਵਾਇਤਾਂ ਧਾਰਨ ਕਰਕੇ ਗੁਰੂ ਬਖਸ਼ੇ ਚਾਨਣ ਨੂੰ ਦੁਨੀਆ ਦੇ ਅੰਧਕਾਰ ਦੇ ਵਿਨਾਸ਼ ਲਈ ਪ੍ਰਗਟ ਕਰੀਏ।**

ਪ੍ਰਚਲਤ ਅਤੇ ਗਲਤ ਧਾਰਨਾਵਾਂ ਦੇ ਵਹਿਣ ਵਿੱਚ ਵਹਿ ਕੇ ਆਪਣਾ ਜੀਵਨ ਜਾਣਾ ਸੰਸਾਰ ਦੇ ਹਰ ਵਿਅਕਤੀ ਦੀ ਫਿਤਰਤ ਬਣੀ ਹੋਈ ਹੈ। ਪਰ ਕੁੱਝ ਜੀਵਨ ਅਜਿਹੇ ਵੀ ਹੁੰਦੇ ਹਨ ਜੋ ਪ੍ਰਚਲਤ ਰੂੜੀਵਾਦੀ ਧਾਰਨਾਵਾਂ ਵਿਚੋਂ ਆਪ ਹੀ ਨਹੀਂ ਉਭਰਦੇ ਬਲਕਿ ਅਜਿਹੀ ਬੋਝਮਈ ਅਵਸਥਾ ਤੋਂ ਸੰਸਾਰ ਦੇ ਬਾਕੀ ਜੀਵਾਂ ਨੂੰ ਵੀ ਮੁਕਤ ਕਰ ਜਾਂਦੇ ਹਨ। ਇਤਿਹਾਸ ਦੀ ਸਿਰਜਣਾ ਕਰਨ ਦੀ ਸਮਰੱਥਾ ਵਾਲੇ ਅਜਿਹੇ ਯੁਗਪੁਰਸ਼ਾਂ ਦਾ ਦਰਸ਼ਨ ਇਹ ਮਾਨਵ-ਜਾਤੀ ਬੜੀਆਂ ਮੁੱਦਤਾਂ ਬਾਅਦ ਕਰਦੀ ਹੈ। ਅਜਿਹੇ ਹੀ ਇਤਿਹਾਸ ਦੇ ਮਹਾਂ ਨਾਇਕ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਉਨ੍ਹਾਂ ਦਾ ਜੀਵਨ ਤਾਂ ਭਾਵੇ ਕੁੱਝ ਸਾਲਾਂ, ਮਹੀਨਿਆਂ ਅਤੇ ਦਿਨਾਂ ਤੱਕ ਸੀਮਤ ਕਰਕੇ ਵੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਉਪਰ ਵੀ ਮੋਟੇ ਤੌਰ ਤੇ ਨਜ਼ਰ ਮਾਰੀ ਜਾ ਸਕਦੀ ਹੈ ਪਰ ਉਨ੍ਹਾਂ ਦੀ ਆਮਦ ਅਤੇ ਜੀਵਨ ਰਹਿਣੀ ਨੇ ਜਿਨ੍ਹਾਂ ਆਦਰਸ਼ਾਂ ਦੀ ਪਾਲਣਾ ਕੀਤੀ ਅਤੇ ਆਪਣੇ ਮਹਾਨ ਗੁਣਾਂ ਸਦਕਾ ਮਨੁੱਖੀ ਸੱਭਿਅਤਾ ਵਿੱਚ ਬਹਾਰ ਪੈਦਾ ਕੀਤੀ ਉਹ ਆਪਣੀ ਮਿਸਾਲ ਆਪ ਹੈ ਜਿਸ ਦਾ ਕੋਈ ਪਾਰਾਵਾਰ ਵੀ ਨਹੀਂ ਅਤੇ ਸਾਨੀ ਵੀ ਨਹੀਂ। ਉਹ ਗੁਰੂ ਨਾਨਕ ਸਾਹਿਬ ਜੀ ਦੀ ਵੀਚਾਰਧਾਰਾ ਅਤੇ ਉਨ੍ਹਾਂ ਵਲੋਂ ਸੰਗਠਿਤ ਕੀਤੇ ਇਨਕਲਾਬੀ ਮਹਾਂ ਪੁਰਖਾਂ ਦੀ ਵਿਰਾਸਤ ਦੇ ਮਾਲਕ ਅਤੇ ਮਾਨਵਤਾ ਦੇ ਰਾਹ ਦਸੇਰੇ ਸਨ। ਉਨ੍ਹਾਂ ਕੋਲ ਗੁਰਮਤਿ ਵੀਚਾਰਧਾਰਾ ਦਾ ਵੱਡਾ ਜ਼ਖੀਰਾ ਸੀ ਜਿਸਦੀ ਸਾਂਝ ਉਨ੍ਹਾਂ ਦੇ ਪਹਿਲੇ ਰਹਿਬਰ ਦੁਨੀਆਂ ਨੂੰ ਪਵਾਉਂਦੇ ਆਏ ਸਨ। ਇਸੇ ਨੂੰ ਸੰਭਾਲ ਅਤੇ ਨੀਤੀਗਤ ਤਰੀਕੇ ਨਾਲ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਵਰਤਿਆ ਅਤੇ ਇਤਿਹਾਸ ਵਿੱਚ ਮਾਣਯੋਗ ਪ੍ਰਾਪਤੀਆਂ ਕਰਕੇ ਇੱਕ ਵੱਖਰੀ ਮਿਸਾਲ ਪੈਦਾ ਕੀਤੀ ਜਿਸ ਨਾਲ ਮਾਨਵਤਾ ਦੇ ਚਿਹਰੇ ਦੀ ਸੱਚਿਆਰੀ ਨੁਹਾਰ ਨੂੰ ਨਿਖਾਰਨ ਦੇ ਵੱਡੇ ਚਿੰਨ ਦਿਖਾਈ ਦਿੰਦੇ ਹਨ। ਪਰ ਇਸ ਦੇ ਨਾਲ ਇਹ ਵੀ ਵੱਡੀ ਅਤੇ ਨਾ ਝੁਠਲਾਈ ਜਾਣ ਵਾਲੀ ਸੱਚਾਈ ਹੈ ਕਿ ਅਜਿਹੇ ਮਹਾਨ ਨੇਤਾ, ਧਾਰਮਿਕ ਪੁਰਸ਼ ਅਤੇ ਇਨਕਲਾਬ ਦੀ ਪੈਦਾਵਾਰ ਕਰਨ ਵਾਲੀ ਪਵਿੱਤਰ ਰੂਹ ਦੀ ਵੀਚਾਰਧਾਰਾ ਅਤੇ ਆਸ਼ਿਆਂ ਦਾ ਦਾਇਰਾ ਅਸੀਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਰਾਹ ਤੇ ਚਲਣ ਦਾ ਦਮ ਭਰਨ ਵਾਲਿਆਂ ਵਿੱਚ ਉਹ ਝਲਕ ਕਿਉਂ ਨਹੀਂ ਪਰਤੀਤ ਹੁੰਦੀ ਜਿਸਦੀ ਪੈਦਾਇਸ਼ ਮਰਦ ਅਗੰਮੜੇ ਰਹਿਬਰ ਨੇ ਪੈਦਾ ਕੀਤੀ ਅਤੇ ਮਨੁੱਖੀ ਸਮਾਜ ਵਿੱਚ ਬੇਦਿਲੀ, ਬੇਗ਼ੈਰਤੀ, ਅਵੇਸਲੇਪਨ, ਅਤੇ ਭਟਕਣਾ ਦਾ ਇਹ ਆਲਮ ਕਿਉਂ ਹੈ? ਨਿਸ਼ਚੈ ਹੀ ਕਿਹਾ ਜਾ ਸਕਦਾ ਹੈ ਕਿ ਇਸ ਪਾਏ ਦਾ ਮਹਾਨ ਨਾਇਕ ਕਿਸੇ ਹੋਰ ਦੇਸ਼ ਜਾਂ ਕੌਮ ਵਿੱਚ ਪੈਦਾ ਹੁੰਦਾ ਤਾ ਇਤਿਹਾਸ ਦੀ ਰੁਮਕ ਕੁੱਝ ਹੋਰ ਹੀ ਹੁੰਦੀ। ਇਸ ਸਵਾਲ ਦਾ ਜਵਾਬ ਜੇਕਰ ਅਸੀ ਲੱਭੀਏ ਤਾਂ ਮੂਲ ਰੂਪ ਵਿੱਚ ਕਈ ਕਾਰਣ ਸਾਡੇ ਸਾਹਮਣੇ ਆ ਜਾਂਦੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਮਹਾਨ ਘਾਲਨਾਵਾਂ ਘਾਲ ਕੇ ਇੱਕ ਨਰੋਈ ਵੀਚਾਰਧਾਰਾ ਮਾਨਵਤਾ ਦੇ ਸਨਮੁੱਖ ਰੱਖੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵੀਚਾਰਧਾਰਾ ਦੀ ਪੈਰਵੀ ਕੀਤੀ ਅਤੇ ਭਾਰਤੀ ਸਮਾਜ ਦੀ ਦਸ਼ਾ ਅਤੇ ਭਾਵਨਾ ਵਿੱਚ ਵੱਡਾ ਪਰਿਵਰਤਨ ਲੈ ਆਂਦਾ, ਪਰ ਇਸ ਪਰਿਵਰਤਨ ਨੂੰ ਨਾ ਸਮਝਣ ਕਰਕੇ ਹੀ ਇਸ ਦੇ ਫੈਲਾਉ ਵਿੱਚ ਵੱਡੀ ਰੁਕਾਵਟ ਪਈ ਹੈ। ਗੁਰੂ ਘਰ ਵਲੋਂ ਸਿਰਜੇ ਮਹਾਨ ਸੱਭਿਆਚਾਰ ਨੂੰ ਪੁਰਾਤਨਤਾ ਅਤੇ ਰੂੜੀਵਾਦੀ ਸੋਚ ਨੇ ਪ੍ਰਵਾਨ ਨਹੀਂ ਕੀਤਾ ਜਿਸਦੀਆਂ ਕਾਰਵਾਈਆਂ ਦੇ ਨਿਸ਼ਾਨ ਇਤਿਹਾਸ ਵਿੱਚ ਲੱਗੇ ਦਿਖਾਈ ਦਿੰਦੇ ਹਨ।



ਕੈਪਟਨ ਅਵਤਾਰ ਸਿੰਘ
97819-90206

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਵੀਚਾਰਨ ਤੋਂ ਇਹ ਸ਼ਪੱਸ਼ਟ ਹੈ ਕਿ ਉਨ੍ਹਾਂ ਦੇ ਪੁਰਖਿਆਂ ਅਤੇ ਉਨ੍ਹਾਂ ਦੇ ਪਿਤਾ ਜੀ ਦੀ ਸ਼ਹਾਦਤ ਨੇ ਭਾਰਤ ਦੇ ਲੋਕਾਂ ਨੂੰ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਪਰ ਇਸ ਪਰਉਪਕਾਰ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਨਾਲ ਲੰਬਾ ਸਮਾਂ ਜੰਗਾਂ ਛੇੜ ਕੇ ਭਾਰਤ ਦੇ ਮੂਲ ਨਿਵਾਸੀ ਪਹਾੜੀ ਰਾਜਿਆਂ ਨੇ ਜਿਥੇ ਗੁਰੂ ਸਾਹਿਬਾਨ ਨਾਲ ਵੈਰ ਤਾਂ ਕਮਾਇਆ ਹੀ ਹੈ, ਉਥੇ ਇਹ ਵੀ ਸਾਬਤ ਕੀਤਾ ਹੈ ਕਿ ਉਨਾਂ ਨੂੰ ਗੁਰੂ ਆਸ਼ਿਆਂ ਦੀ ਉੱਕੀ ਹੀ ਸਮਝ ਨਹੀਂ ਆਈ। ਗੁਰੂ ਜੀ ਵਲੋਂ ਕੀਤੇ ਉਪਕਾਰਾਂ ਨੂੰ ਗ਼ਲਤ ਨਜ਼ਰ ਨਾਲ ਵੇਖ ਕੇ ਜਾਂ ਗ਼ਲਤ ਰੰਗਤ ਵਿੱਚ ਪ੍ਰਚਾਰ ਕੇ ਉਨ੍ਹਾਂ ਦੀ ਵੀਚਾਰਧਾਰਾ ਨਾਲ ਧ੍ਰੋਹ ਕਰਨ ਦਾ ਯਤਨ ਕੀਤਾ ਗਿਆ। ਭਾਵੇਂ ਇਸ ਵਿੱਚ ਕੁੱਝ ਵੀ ਸ਼ੱਕ ਨਹੀਂ ਹੈ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਗੁਰਸਿਖਾਂ ਨੇ ਆਪਣਾ ਆਪਾ ਤੱਕ ਗੁਰੂ ਆਸ਼ਿਆਂ ਤੋਂ ਘੋਲ ਘੁਮਾਇਆ ਪਰ ਕਿਤੇ ਨਾ ਕਿਤੇ ਸਿੱਖ ਧਰਮ ਵਿੱਚ ਅਜਿਹੇ ਤੱਤ ਵੀ ਸ਼ਾਮਲ ਹੁੰਦੇ ਰਹੇ ਜਿਨ੍ਹਾਂ ਗੁਰੂ ਵੀਚਾਰਧਾਰਾ ਨੂੰ ਨਾ ਸਮਝ ਕੇ ਆਪਣੇ ਪੁਰਾਣੇ ਸੰਸਕਾਰਾਂ ਅਤੇ ਹੂੜਮੱਤ ਅਧੀਨ ਇਸ ਦੇ ਨਾਂ ਤੇ ਕੁੱਝ ਹੋਰ ਹੀ ਕਰਮ ਕੀਤੇ ਅਤੇ ਇਸਦੀ ਦਿੱਖ ਨੂੰ ਖ਼ਰਾਬ ਕਰਨ ਦਾ ਕੋਝਾ ਯਤਨ ਕੀਤਾ। ਮਸੰਦਾਂ ਵਾਂਗ ਗੁਰੂ ਬਖਸ਼ੇ ਪਹਿਰਾਵੇ ਹੇਠ ਵੀ ਦੁਨੀਆਂ ਦੀ ਸੋਚ ਹੀ ਵਿਚਰਦੀ ਰਹੀ ਜਿਸ ਦੀ ਝਲਕ ਮਿਸਲਾਂ ਦੀ ਦਿਸ਼ਾਹੀਣ ਸਥਿਤੀ ਤੋਂ ਮਿਲ ਜਾਂਦੀ ਹੈ। ਵਿਚਾਰ ਕਰਨ'ਤੇ ਸ਼ੱਕ ਨਹੀਂ ਰਹੇਗਾ ਕਿ ਮਿਸਲਾਂ ਵਕਤ ਥੋੜੀਆਂ ਅਤੇ ਹੋਛੀਆਂ ਪਰਾਪਤੀਆਂ ਦੇ ਰਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਇਨਕਲਾਬੀ ਅਤੇ ਮਾਨਵਵਾਦੀ ਸੋਚ ਤੋਂ ਹੱਟ ਕੇ ਹੀ ਚੱਲੇ।

ਖਾਲਸੇ ਦੇ ਨਿਆਰੇਪਨ ਦਾ ਜਿਤਨਾ ਜ਼ਿਆਦਾ ਜ਼ਿਕਰ ਕੀਤਾ ਜਾਂਦਾ ਹੈ

ਨਿਆਰੇਪਨ ਦੀ ਝਲਕ ਜੀਵਨ ਵਿਚੋਂ ਉਨੀਂ ਹੀ ਮਨਫੀ ਹੋਈ ਪ੍ਰਤੀਤ ਹੁੰਦੀ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਰਾਹ ਰਸਤੇ ਤੇ ਤੁਰਨ ਵਾਲਾ ਕੋਈ ਨਹੀਂ ਸੀ। ਇਤਿਹਾਸ ਵਿੱਚ ਅਜਿਹੇ ਅਨੇਕਾਂ ਨਾਮ ਹਨ ਜਿਨ੍ਹਾਂ ਦੇ ਜੀਵਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਕੁੱਟ ਕੁੱਟ ਕੇ ਭਰੇ ਹੋਏ ਸਨ। ਸਾਡਾ ਕਹਿਣ ਦਾ ਮੰਤਵ ਇਸ ਮਹਾਨ ਭਾਵਨਾ ਦੇ ਫੈਲਾਅ ਤੋਂ ਹੈ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਸਿੱਖ ਧਰਮ ਦੇ ਆਰੰਭ ਤੋਂ ਹੀ ਇਸ ਨੂੰ ਅਣਸੁਖਾਵੇਂ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਅਣਸੁਖਾਵੇਂ ਹਲਾਤਾ ਦਾ ਕਾਰਣ ਵੀ ਇਸ ਦੇ ਵਖਰੇ ਨਿਵੇਕਲੇ, ਅਗਾਂਹ ਵਧੂ ਅਤੇ ਸੰਘਰਸ਼ਸ਼ੀਲ ਸਿਧਾਂਤ ਹਨ। ਜਿਨ੍ਹਾਂ ਨੂੰ ਸਮੇਂ ਸਮੇਂ ਤੇ ਹਰ ਵਿਰੋਧੀ ਨੇ ਮੁਕੰਮਲ ਤੌਰ ਤੇ ਦਬਾਉਣਾ ਚਾਹਿਆ। ਦਸਵੇਂ ਗੁਰੂ ਵੇਲੇ ਇਹ ਟਕਰਾਅ ਬਾਹਰੀ ਰੂਪ ਵਿੱਚ ਵੱਡਾ ਰੂਪ ਧਾਰਨ ਕਰ ਗਿਆ। ਪਰ ਇਸ ਵਿੱਚ ਵਿਚਾਰਣ ਯੋਗ ਗੱਲ ਇਹ ਵੀ ਹੈ ਕਿ ਭਾਰਤੀ ਖਿੱਤੇ ਦੀ ਸਭ ਤੋਂ ਵੱਡੀ ਮਜ਼ਲੂਮ ਧਿਰ ਦੇ ਅਖੌਤੀ ਆਗੂਆਂ ਵਲੋਂ ਇਸ ਵਿਰੋਧ ਵਿੱਚ ਹੱਦੋਂ ਵੱਧ ਯੋਗਦਾਨ ਪਾਇਆ ਗਿਆ। ਹਾਲਾਂ ਕਿ ਗੁਰੂ ਘਰ ਉਹਨਾਂ ਲਈ ਸਭ ਤੋਂ ਵੱਡੀ ਫਾਇਦੇਮੰਦ ਥਾਂ ਸੀ। ਦੂਜੇ ਧਰਮਾਂ ਦੀ ਕਟੱੜਵਾਦੀ ਲਾਬੀ ਆਪਣੇ ਏਕਾਧਿਕਾਰ ਅਤੇ ਪਕੜ ਨੂੰ ਬਣਾਈ ਰੱਖਣ ਲਈ ਧਾਰਮਿਕ ਤਾਕਤ ਦੀ ਵਰਤੋਂ ਰੱਬੀ ਰਾਹ ਦੇ ਪਾਂਧੀ ਗੁਰੂ ਸਾਹਿਬਾਂ ਵਿਰੁੱਧ ਵਰਤਦੀ ਰਹੀ। ਅੰਦਰ ਦੇ ਇਸ ਉਬਾਲ ਨੂੰ ਰਾਜਸੀ ਤਾਕਤ ਨੇ ਅੰਜਾਮ ਦੇਣ ਤੋਂ ਕਦੀ ਕੰਨੀ ਨਹੀਂ ਕਤਰਾਈ। ਅਸਲ ਵਿੱਚ ਇਹ ਇਨਕਲਾਬ ਅਤੇ ਰੂੜੀਵਾਦ ਦਾ ਵੱਡਾ ਟਕਰਾਅ ਸੀ। ਜੋ ਕਿਸੇ ਨਾ ਕਿਸੇ ਰੂਪ ਵਿੱਚ ਚੱਲਿਆ ਹੀ ਆ ਰਿਹਾ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਕੀਤੇ ਕਾਰਜਾਂ ਵਿੱਚ ਮਹਾਨ ਗੱਲ ਇਹ ਸੀ ਉਹਨਾਂ ਨੇ ਖਾਲਸਾ ਸਾਜ ਕੇ ਧਾਰਮਿਕ ਰਾਜਸੀ, ਆਰਥਕ ਅਤੇ ਸਮਾਜਿਕ ਬਰਾਬਰਤਾ ਅਤੇ ਵੱਡਾ ਪਰਿਵਰਤਨ ਪੈਦਾ ਕੀਤਾ ਜਿਸ ਦੀ ਸਮੇਂ ਦੇ ਵੇਗ ਨਾਲ ਸਹੀ ਤਸਵੀਰ ਧੁੰਦਲੀ ਕਰਨ ਦਾ ਵੱਡਾ ਯਤਨ ਹੋਇਆ ਹੈ ਅਤੇ ਚੰਦ ਕਥਾ ਕਹਾਣੀਆਂ ਤੋਂ ਬਿਨਾਂ ਇਸ ਨੂੰ ਸਮਝਣ ਦਾ ਯਤਨ ਹੀ ਨਹੀਂ ਹੋ ਸਕਿਆ ਅਤੇ ਮਨੁੱਖਤਾ ਦਾ ਆਮ ਹਿੱਸਾ ਜਿਸ ਨੂੰ ਆਪਣੀ ਪਕੜ ਰੱਖਣ ਦੇ ਚਾਹਵਾਨ ਲੋਕਾਂ ਨੇ ਸਦਾ ਹੀ ਇਸ ਤੋਂ ਦੂਰ ਰਖਿਆ। ਜਿਸ ਦੀ ਵਜਹ ਕਰਕੇ 'ਇਨ ਗਰੀਬ ਸਿਖਨ ਕੋ ਦਿਉਂ ਪਾਤਸ਼ਾਹੀ। ਯਹ ਯਾਦ ਕਰੈਂ ਹਮਰੀ ਗੁਰਆਈ'। ਦਾ ਸੰਕਲਪ ਕਹਿਣ ਮਾਤਰ ਹੀ ਰਹਿ ਰਿਹਾ ਹੈ ਅਤੇ ਇਸ ਆਸ਼ੇ ਦੀ ਪ੍ਰਾਪਤੀ ਦਾ ਮਾਮੂਲੀ ਯਤਨ ਵੀ ਨਹੀਂ ਹੋ ਰਿਹਾ। ਅਜੋਕੇ ਸਮੇ ਵਿੱਚ ਖਾਸ ਤੌਰ ਤੇ ਗੁਰੂ ਨਾਨਕ ਪ੍ਰਸਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਤੇ ਵਾਰਸਾਂ ਨੂੰ ਇਹ ਸੋਚਣਾ ਪਵੇਗਾ ਕਿ ਅਜਿਹੀ ਅਜ਼ੀਮ ਇਨਕਲਾਬੀ ਸੋਚ ਤੇ ਪਰਦਾ ਪਾਇਆ ਜਾਣਾ ਚਾਹੀਦਾ ਹੈ ਜਾਂ ਇਸ ਨੂੰ ਜੱਗ ਜ਼ਾਹਿਰ ਕਰਨਾ ਚਾਹੀਦਾ ਹੈ?



**"ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥**

**ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥"**

(645)

ਸਿੱਖ ਪੰਥ ਦਾ ਨਿਸ਼ਾਨਾ ਗੁਰੂ ਸਾਹਿਬ ਦੀ ਸੋਚ ਨੂੰ ਸਾਕਾਰ ਰੂਪ ਵਿੱਚ ਪ੍ਰਵਾਨ ਚੜ੍ਹਾਉਣਾ ਹੈ। ਜੋ ਓਨਾ ਚਿਰ ਸੰਭਵ ਨਹੀਂ ਹੋ ਸਕੇਗਾ, ਜਿੰਨਾਂ ਚਿਰ ਇਸ ਦੀ ਸਹੀ ਘੋਖ ਕਰਕੇ ਸਹੀ ਅਰਥਾਂ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾਂਦਾ ਅਤੇ ਮਾਨਵ ਸਮਾਜ ਦੇ ਵੱਡੇ ਹਿੱਸੇ ਨੂੰ ਇਸ ਦੇ ਲਾਭਕਾਰੀ ਪ੍ਰਭਾਵਾਂ ਤੋਂ ਜਾਣੂ ਨਹੀਂ ਕਰਵਾਇਆ ਜਾਂਦਾ। ਅਜਿਹਾ ਕਰਕੇ ਹੀ ਅਸੀਂ ਸੱਚੇ ਸ਼ਹਿਨਸ਼ਾਹ ਦੇ ਰੂ- ਬ- ਰੂ ਸੁਰਖਰੂ ਹੋ ਸਕਦੇ ਹਾਂ। ਆਓ, ਖਾਲਸੇ ਬਣੀਏ। ਗੁਰੂ ਗ੍ਰੰਥ ਸਾਹਿਬ ਜੀ ਦੇ ਅਧਾਰ ਤੇ ਖਾਲਸਾਈ ਜੀਵਨ ਦੀ ਸਿਰਜਨਾ ਕਰਕੇ ਖਾਲਸਾਈ ਰਿਵਾਇਤਾਂ ਧਾਰਨ ਕਰਕੇ ਗੁਰੂ ਬਖਸ਼ੇ ਚਾਨਣ ਨੂੰ ਦੁਨੀਆ ਦੇ ਅੰਧਕਾਰ ਦੇ ਵਿਨਾਸ਼ ਲਈ ਪ੍ਰਗਟ ਕਰੀਏ।

-0-

### ਸਫਾ 7 ਦਾ ਬਾਕੀ

ਕੀ ਸਰਕਾਰੀ ਖ਼ਜ਼ਾਨੇ ਵਿਚੋਂ ਮੁਫਤ ਦੀਆਂ ਬੇ-ਲੋੜੀਆਂ ਸਹੂਲਤਾਂ ਦੇਣੀਆਂ ਰਿਸ਼ਵੱਤ ਖੋਰੀ ਨਹੀਂ ਹੈ? ਵੋਟਾਂ ਲੈਣ ਦਾ ਨਵਾਂ ਪੈਂਤੜਾ ਸ਼ੁਰੂ ਕਰਕੇ ਪੰਜਾਬ ਦੀ ਆਰਥਿਕਤਾ ਨੂੰ ਕਰਜ਼ਾਈ ਨਹੀਂ ਕੀਤਾ ਗਿਆ? ਸਰਕਾਰੀ ਖ਼ਜ਼ਾਨੇ ਵਿਚੋਂ ਬੱਸ ਸਫਰ ਦੀ ਸਹੂਲਤ, ਸਰਕਾਰੀ ਖ਼ਜ਼ਾਨੇ ਵਿਚੋਂ ਮਹਿੰਗੇ ਭਾਅ ਬਿਜਲੀ ਖ਼ਰੀਦ ਕੇ ਮੁਫਤ ਬਿਜਲੀ ਦੇਣੀ ਇਹ ਕਿਧਰ ਦੀ ਸਿਆਣਪ ਹੈ? ਕੀ ਅਜਿਹਾ ਕਰਨ ਨਾਲ ਪੰਜਾਬ ਦੀ ਆਰਥਿਕਤਾ ਤਬਾਹ ਨਹੀਂ ਹੋਈ? ਕੀ ਪੰਜਾਬ ਸਿਰ ਕਰਜ਼ਾ ਨਹੀਂ ਚੜ੍ਹਿਆ? ਕੀ ਸਾਡੇ ਨੇਤਾਵਾਂ ਨੂੰ ਇਸ ਪ੍ਰਕਿਰਿਆ ਦੀ ਕੋਈ ਸੂਝ ਨਹੀਂ ਹੈ? ਦੂਜੇ ਸੂਬਿਆਂ ਨੂੰ ਮੁਫਤ ਜਾ ਰਹੇ ਪਾਣੀਆਂ ਸਬੰਧੀ ਇੱਕ ਅੱਧੇ ਨੇਤਾ ਨੂੰ ਛੱਡ ਕੇ ਕਦੇ ਵੀ ਕਿਸੇ ਨੇਤਾ ਨੇ ਇਸ ਸਬੰਧੀ ਵਿਚਾਰ ਨਹੀਂ ਕੀਤੀ ਕਿ ਸਾਨੂੰ ਇਨ੍ਹਾਂ ਸੂਬਿਆਂ ਤੋਂ ਪਾਣੀ ਦਾ ਮੁੱਲ ਮਿਲਣਾ ਚਾਹੀਦਾ ਹੈ? ਝੋਨੇ ਦੀ ਫਸਲ ਨੇ ਮੁਲਕ ਦਾ ਢਿੱਡ ਭਰਿਆ, ਪਰ ਫਸਲਾਂ ਲਈ ਵਰਤੀ ਜਾਂਦੀ ਕੀਟ ਨਾਸਕ ਦਵਾਈਆਂ ਨੇ ਨਵੇਂ ਰੋਗਾਂ ਨੂੰ ਜਨਮ ਦਿੱਤਾ। ਝੋਨੇ ਦੀ ਫਸਲ ਨੇ ਪੰਜਾਬ ਦਾ ਅੰਮ੍ਰਿਤ ਵਰਗਾ ਪਾਣੀ ਪੀ ਲਿਆ। ਪੰਜਾਬ ਦੀ ਸਰ-ਜ਼ਮੀਨ 'ਤੇ ਹੀ ਬੋਤਲਾਂ ਵਾਲਾ ਪਾਣੀ ਪੀਣ ਲਈ ਮਜ਼ਬੂਰ ਹੋਏ ਹਨ। ਅਸੀਂ ਇਸ ਬਿਰਤਾਂਤ ਵਿੱਚ ਫਸ ਗਏ ਹਾਂ, ਜਦੋਂ ਵੀ ਕੋਈ ਪੰਜਾਬ ਦਾ ਨੇਤਾ ਪੰਜਾਬ ਦੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਵੱਖਵਾਦੀ ਕਹਿ ਕੇ ਭੰਡਿਆ ਜਾਂਦਾ ਹੈ। ਪੰਜਾਬ ਦੇ ਨੇਤਾਵਾਂ ਵਿਚੋਂ ਪੰਜਾਬ ਵਾਲੀ ਤੜ੍ਹ ਹੀ ਮਰ ਚੁੱਕੀ ਹੈ। ਪੰਜਾਬ ਦੇ ਅਵਾਮ ਨੂੰ ਜਾਗਣ ਦੀ ਲੋੜ ਹੈ ਕਿ ਪੰਜਾਬ ਦੀ ਆਰਥਿਕਤਾ ਨੂੰ ਕਿਵੇਂ ਮਜ਼ਬੂਤ ਕੀਤਾ ਜਾਏ?

-0-

# ਗੁਰੂ ਦੇ ਮੁਕਤੇ



ਇਤਿਹਾਸ ਦੀ ਲਾਮਿਸਾਲ ਘਟਨਾ ਚਮਕੌਰ ਦੀ ਜੰਗ ਤੋਂ ਬਾਅਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਾਛੀਵਾੜੇ ਦੇ ਜੰਗਲ ਅਤੇ ਕਈ ਨਗਰਾਂ ਦਾ ਪੈਂਡਾ ਤੈਅ ਕਰਦਿਆਂ ਮੌਜੂਦਾ ਜ਼ਿਲ੍ਹੇ ਮੁਕਤਸਰ ਦੇ ਪਿੰਡ ਰਾਮੇਆਣਾ ਤੋਂ ਅੱਗੇ ਰੁਪੇਆਣਾ ਦੀ ਰੋਹੀ ਪਾਸ 29 ਦਸੰਬਰ 1705 ਈ: ਨੂੰ ਪੁੱਜੇ ਸਨ ਜਿਥੇ ਅੱਜ ਕਲ੍ਹ ਪਿੰਡ ਮੱਲਣ੍ਹ ਵਸਿਆ ਹੋਇਆ ਹੈ। ਇਥੇ ਗੁਰੂ ਸਾਹਿਬ ਜੀ ਨਾਲ ਮੁਖੀ ਸਿੱਖ ਭਾਈ ਦਇਆ ਸਿੰਘ ਪਰੋਹਿਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ ਜੋ ਕਿ ਭਾਈ ਬਚਿੱਤਰ ਸਿੰਘ ਦਾ ਪੁੱਤਰ ਤੇ ਭਾਈ ਮਨੀ ਸਿੰਘ ਦਾ ਪੋਤਾ ਸੀ ਆਦਿ ਹੋਰ ਵੀ ਸਿੱਖ ਨਾਲ ਸਨ। ਰੁਪੇਆਣਾ ਪਿੰਡ ਦੀ ਰੋਹੀ ਕੋਲ ਹੀ ਮਾਝੇ ਤੋਂ ਆ ਰਿਹਾ ਸਿੰਘਾਂ ਦਾ ਜਥਾ ਨਜ਼ਰੀਂ ਪੈਣ ਤੇ ਗੁਰੂ ਜੀ ਨੇ ਭਾਈ ਮਾਨ ਸਿੰਘ ਆਦਿਕ ਸਿੱਖਾਂ ਨੂੰ ਡੇਰਾ ਕਰਨ ਦਾ ਹੁਕਮ ਕੀਤਾ। ਮਾਝੇ ਤੋਂ ਆ ਰਿਹਾ ਇਹ ਜਥਾ ਅਸਲ ਵਿਚ ਮਾਝੇ ਦੇ ਮਸ਼ਹੂਰ ਨਗਰ ਪੱਟੀ ਵਿਚ ਇਕੱਠਾ ਹੋਇਆ ਸੀ। ਗੁਰੂ ਘਰ ਦੇ ਸ਼ਰਧਾਲੂ ਭਾਈ ਦੇਸ ਰਾਜ ਦੇ ਚਲਾਣੇ ਦੀਆਂ ਰਸਮਾਂ ਤੇ ਇਨ੍ਹਾਂ ਸਿੰਘਾਂ ਦਾ ਇਕੱਠ ਹੋਇਆ ਸੀ। ਚੌਧਰੀ ਦੇਸ ਰਾਜ ਭਾਈ ਨਿਧਾਨ ਸਿੰਘ ਵੜੈਚ ਦਾ ਪਿਤਾ ਅਤੇ ਮਾਈ ਭਾਗ ਕੌਰ ਦਾ ਸਹੁਰਾ ਸੀ। ਇਸ ਲਈ ਝਬਾਲ ਤੋਂ ਵੀ ਮਾਈ ਭਾਗ ਕੌਰ ਦੇ ਭਰਾ ਭਾਗ ਸਿੰਘ ਅਤੇ ਦਿਲਬਾਗ ਸਿੰਘ ਤੇ ਹੋਰ ਸਿੰਘ ਵੀ ਪਹੁੰਚੇ ਹੋਏ ਸਨ। ਇਥੇ ਹੀ ਗੁਰੂ ਸਾਹਿਬ ਜੀ ਦੇ ਅਨੰਦਪੁਰ ਛੱਡਣ ਅਤੇ ਚਮਕੌਰ ਦੀ ਜੰਗ ਵਰਗੀਆਂ ਮਹੱਤਵਪੂਰਨ ਘਟਨਾਵਾਂ ਦੀ ਸਿੱਖਾਂ ਵਿਚ ਚਰਚਾ ਚੱਲੀ ਅਤੇ ਸਾਰਿਆਂ ਨੇ ਮਿਲ ਕੇ ਮੌਜੂਦਾ ਹਾਲਾਤਾਂ ਉੱਤੇ ਚਰਚਾ ਕੀਤੀ। ਓੜਕ ਮਤਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕੀਤੇ ਜਾਣ ਅਤੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਜਾਵੇ। ਇਸ ਕਰਕੇ ਵਾਪਸ ਘਰ ਜਾਣ ਦੀ ਕਿਸੇ ਨਾ ਸੋਚੀ ਅਤੇ ਇਹ ਜਥਾ ਜੋ ਮਾਈ ਭਾਗ ਕੌਰ ਸਮੇਤ 41 ਦੀ ਗਿਣਤੀ ਵਿਚ ਸੀ ਪੱਟੀ ਤੋਂ ਚੱਲ ਕੇ ਹਰੀਕੇ ਪੱਤਣ ਰਾਹੀਂ ਜ਼ੀਰੇ ਪੁੱਜਾ। ਇਸ ਇਲਾਕੇ ਵਿਚ ਵੀ ਸਿੱਖ ਸੰਗਤ ਗੁਰੂ ਨਾਨਕ ਸਾਹਿਬ ਜੀ ਦੇ ਵਕਤ ਤੋਂ ਹੀ ਕਾਇਮ ਸੀ। ਇਥੋਂ ਦੇ ਸਿਖਾਂ ਨੇ ਲੋੜ ਮੁਤਾਬਿਕ ਜਥੇ ਦੀ ਸੇਵਾ ਕੀਤੀ ਅਤੇ ਇਹ ਜਥਾ ਮੋਗੇ ਵਲ ਨੂੰ ਵਧਿਆ ਇਥੇ ਮੋਗੇ ਕੋਲ ਹੀ ਇਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਲੱਖੀ ਜੰਗਲ ਦੀ ਤਰਫ ਜਾਣ ਦਾ ਪਤਾ ਲੱਗਾ। ਮਾਲਵੇ ਦੇ ਇਲਾਕੇ ਵਿਚ ਗੁਰ ਸ਼ਖਸੀਅਤਾਂ ਨੇ ਜੋ ਸਿੱਖੀ ਦੀ ਲਾਗ ਲਾਈ ਉਸ ਤੋਂ ਸਿਖਾਂ ਦੀ ਹੋਂਦ ਹਰ ਕਸਬੇ ਅਤੇ ਪਿੰਡ ਵਿਚ ਵੱਡੀ ਪੱਧਰ ਤੇ ਮੌਜੂਦ ਸੀ।


ਹਰਜਿੰਦਰ ਸਿੰਘ ਸਭਰਾ
98555-98833




ਸੋ ਸਿੱਖ ਸੰਗਤਾਂ ਤੋਂ ਪਤਾ ਚੱਲਦਾ ਗਿਆ ਅਤੇ ਇਹ ਸਾਰਾ ਜਥਾ ਗੁਰੂ ਜੀ ਨੂੰ ਰੁਪੇਆਣਾ ਪਿੰਡ ਦੀ ਰੋਹੀ ਕੋਲ ਜਾ ਮਿਲਿਆ। ਗੁਰੂ ਸਾਹਿਬ ਜੀ ਨਾਲ ਫਤਿਹ ਸਾਂਝੀ ਹੋਈ ਅਤੇ ਨਮਸ਼ਕਾਰਾਂ ਕੀਤੀਆਂ। ਆਪਣੇ ਪਿਆਰੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਨਾਲ ਹੀ ਵਾਪਰੇ ਹਾਲਾਤਾਂ ਬਾਰੇ ਵੀਚਾਰ ਵੀ ਹੋਈ। ਵਾਪਰੀਆਂ ਘਟਨਾਵਾਂ ਤੇ ਕੌਣ ਨਾ ਭਾਵੁਕ ਹੁੰਦਾ ਪਰ ਗੁਰੂ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ ਅਤੇ ਸੱਚ ਤੇ ਦ੍ਰਿੜ ਰਹਿਣ ਦੀ ਪ੍ਰੇਰਣਾ ਕੀਤੀ। ਚੱਲਦੀਆਂ ਵੀਚਾਰਾਂ ਵਿਚ ਅਜਿਹਾ ਵੀ ਜ਼ਿਕਰ ਇਸ ਜਥੇ ਦੇ ਸਿੰਘਾਂ ਵਿਚੋਂ ਚੱਲਿਆ ਕਿ ਇਨ੍ਹਾਂ ਭਾਰੀ ਨੁਕਸਾਨ ਹੋਣ ਤੇ ਸਾਨੂੰ ਥੋੜ੍ਹਾ ਬਚਾਉ ਦਾ ਉਪਰਾਲਾ ਅਰੰਭਣਾ ਚਾਹੀਦਾ ਹੈ। ਤਿਨ੍ਹਾਂ ਸਿਖਾਂ ਦੀ ਆਪਸੀ ਇਸ ਵੀਚਾਰ ਪਰ ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ "ਸਾਡਾ ਕਿਸੇ ਨਾਲ ਜ਼ਾਤੀ ਜਾਂ ਕਿਸੇ ਸੁਆਰਥ ਕਰਕੇ ਕੋਈ ਟਕਰਾਵ ਨਹੀਂ ਹੈ ਬਲਕਿ ਅਸੀਂ ਤਾਂ ਹੱਕ, ਸੱਚ ਅਤੇ ਇਨਸਾਫ ਦਾ ਸੰਘਰਸ਼ ਲੜ ਰਹੇ ਹਾਂ ਅਤੇ ਇਹ ਮਾਰਗ ਹੀ ਕੁਰਬਾਨੀਆਂ ਦਾ ਮਾਰਗ ਹੈ ਇਸ ਵਿਚ ਨਿਊਣਾਂ ਅਤੇ ਸਮਝੌਤੇ ਦੀਆਂ ਗੱਲਾਂ ਕਰਨਾ ਗੁਲਾਮੀ ਅਤੇ ਜ਼ੁਲਮ ਅੱਗੇ ਝੁਕ ਜਾਣ ਵਾਲੀ ਗੱਲ ਹੈ। ਸੋ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ ਕਿ ਅਸੀਂ ਮਹਾਨ ਪੁਰਖਿਆਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਛੁਟਿਆਉਣ ਦਾ ਯਤਨ ਕਰੀਏ। ਪਰ ਜਿਨ੍ਹਾਂ ਨੂੰ ਕੋਈ ਖਤਰਾ ਅਨੁਭਵ ਹੁੰਦਾ ਹੈ ਉਹ ਆਪਣਾ ਬਚਾਅ ਕਰ ਸਕਦੇ ਹਨ ਅਤੇ ਜਿਨ੍ਹਾਂ ਨੂੰ ਇਸ ਸੰਘਰਸ਼ ਨਾਲੋਂ ਸਰਕਾਰ ਦਾ ਜ਼ਿਆਦਾ ਹੇਜ਼ ਲਗਾਵ ਹੈ ਉਹ ਸਾਥੋਂ ਦੂਰ ਰਹਿ ਕੇ ਸਰਕਾਰੀ ਧਿਰ ਦੀ ਖੁਸ਼ੀ ਲੈ ਸਕਦਾ ਹੈ। ਪਰ ਯਾਦ ਰੱਖੋ ਗੁਰਮਤਿ ਨੂੰ ਪ੍ਰਣਾਏ ਜੀਵਨ ਇਸ ਮਾਰਗ ਨੂੰ ਤਿਆਗਦੇ ਨਹੀਂ ਸਗੋਂ ਅਗਾਹਾਂ ਕੂ ਤ੍ਰਾਂਘਿਦੇ ਹਨ"।

ਹੋਛਾਪਨ ਕਈ ਵਾਰ ਸੋਚ ਤੇ ਪਰਦਾ ਪਾ ਲੈਂਦਾ ਹੈ ਅਤੇ ਸੋਚ ਤੋਂ ਬਿਨ੍ਹਾਂ ਕਾਹਲ ਵਿਚ ਕੀਤਾ ਫੈਸਲਾ ਬਾਅਦ ਵਿਚ ਚੁਭਦਾ ਹੈ ਜਿਸ ਨੂੰ ਮਨੁੱਖ ਬਾਅਦ ਵਿਚ ਮਹਿਸੂਸ ਕਰਦਾ ਹੈ ਕਿ ਇਹ ਫੈਸਲਾ ਠੀਕ ਨਹੀਂ ਸੀ। ਐਸਾ ਹੀ ਕੁਝ ਇਸ ਜਥੇ ਦੇ ਮੋਹਤਬਰ ਸਿਖਾਂ ਨਾਲ ਹੋਇਆ ਜਿਹੜੇ ਕੁਝ ਸਰਕਾਰੀ ਅਸਰ ਰਸੂਖ ਵੀ ਰੱਖਦੇ ਸਨ। ਹੋਛੇਪਨ ਅਤੇ ਕਾਹਲ ਵਿਚ ਗੁਰੂ ਜੀ ਨੂੰ ਲਿਖ ਦਿੱਤਾ ਕਿ ਇਸ ਸੰਘਰਸ਼ ਨਾਲ ਸਾਡਾ ਕੋਈ ਵਾਸਤਾ ਨਹੀਂ ਹੈ ਅਤੇ ਅਸੀਂ ਆਮ ਸਿੱਖਾਂ ਵਾਂਗ ਜੀਵਨ ਬਸਰ ਕਰਨਾ ਲੋਚਦੇ ਹਾਂ। ਗੁਰੂ ਕੀਆਂ ਸਾਖੀਆਂ ਮੁਤਾਬਕ ਚਾਰ ਸਿੱਖਾਂ ਨੇ ਇਸ ਲਿਖਤ 'ਤੇ ਦਸਤਖਤ ਕੀਤੇ ਸਨ ਬਾਕੀਆਂ ਨੇ ਨਹੀਂ ਉਹ ਸਿੱਖ ਸਨ ਭਾਈ ਭਾਗ ਸਿੰਘ, ਦਿਲਬਾਗ ਸਿੰਘ, ਘਰਬਾਰਾ ਸਿੰਘ, ਗੰਡਾ ਸਿੰਘ (ਦਰਅਸਲ ਲਿਖਤ ਦਾ ਭਾਵ ਇਹ ਵੀ ਹੁੰਦਾ ਹੈ ਕਿ ਇਹ ਗੱਲ ਪੱਕੀ ਕਰ ਲਵੋ ਕਿ ਇਵੇਂ ਨਹੀਂ ਹੋਵੇਗਾ ਜਾਂ ਇਵੇਂ ਹੋ ਜਾਵੇਗਾ। ਸਾਡੇ ਲਿਖਾਰੀਆਂ ਦੀ ਵਖਰੇਵੇਂ ਭਰੀਆਂ ਲਿਖਤਾਂ ਅਤੇ ਤਰ੍ਹਾਂ ਤਰ੍ਹਾਂ ਦੀ ਵਿਆਖਿਆ ਨੇ ਬਾਤ ਦਾ ਬਤੰਗੜ ਬਣਾਉਣ ਵਾਲੀ ਕਹਾਵਤ ਸੱਚ ਕਰ ਵਿਖਾਈ ਹੈ ਅਤੇ ਗੁਰੂ ਜੀ ਨੂੰ ਸਿੱਖਾਂ ਦਾ ਇਹ ਲਿਖਣਾ ਕਿ ਅਸੀਂ ਤੇਰੇ ਸਿਖ ਨਹੀਂ ਤੂੰ ਸਾਡਾ ਗੁਰੂ ਨਹੀਂ ਵਾਲੀ ਗੱਲ ਨੂੰ ਬਾਰ ਬਾਰ ਪ੍ਰਚਾਰ ਕੇ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂ ਕਿ ਇਹ ਕੇਵਲ ਪ੍ਰਤੀਕ ਵਾਚਕ ਸ਼ਬਦ ਹਨ ਜਿਸ ਨੂੰ ਬੇਦਾਵਾ ਕਹਿ ਕੇ ਸੁਣਾਉਣ ਨੂੰ ਪਹਿਲ ਦਿੱਤੀ ਜਾਂਦੀ ਆ ਰਹੀ ਹੈ। ਸਹੀਦਾਂ ਦੀ ਕੁਰਬਾਨੀ ਆਪਣੇ ਆਪ ਵਿਚ ਹੀ ਮਿਸਾਲ ਅਤੇ ਜਿਉਂਦਾ

ਜਾਗਦਾ ਪ੍ਰਮਾਣ ਹੈ ਕਿ ਜੇ ਉਨ੍ਹਾਂ ਨੇ ਸਿੱਖੀ ਨਾਲੋਂ ਨਾਤਾ ਤੋੜ ਹੀ ਲਿਆ ਸੀ ਤਾਂ ਫਿਰ ਭਾਵੇਂ ਕੋਈ ਲੱਖ ਸਮਝਾਉਂਦਾ ਉਨ੍ਹਾਂ ਨੂੰ ਵਾਪਸ ਪਰਤ ਕੇ ਗੁਰੂ ਜੀ ਦੀ ਸੇਵਾ ਵਿਚ ਸ਼ਹੀਦੀ ਪ੍ਰਾਪਤ ਕਰਨ ਦੀ ਕੀ ਲੋੜ ਸੀ? ਸੋ ਕੇਵਲ ਕੁਝ ਪ੍ਰਤੀਕ ਵਾਚਕ ਸ਼ਬਦਾਂ ਨੂੰ ਗੁਰੂ ਜੀ ਨਾਲੋਂ ਸਿੱਖਾਂ ਦਾ ਤੋੜ ਵਿਛੋੜਾ ਸਮਝਣਾ ਸ਼ਾਇਦ ਸਾਡੀ ਵਿਆਖਿਆ ਦੀ ਗ਼ਲਤੀ ਕਾਰਨ ਹੀ ਵਾਪਰਿਆ ਹੈ। ਦੂਜਾ, ਸਿਖ ਬਣਨ ਲਈ ਕਿਸੇ ਕਾਗਜ਼ੀ ਕਾਰਵਾਈ ਨੂੰ ਪੂਰਾ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਕੋਈ ਅਸ਼ਟਾਮ ਭਰਿਆ ਜਾਂਦਾ ਹੈ ਕਿ ਫਲਾਣਾ ਅੱਜ ਤੋਂ ਸਿਖ ਬਣ ਗਿਆ ਹੈ ਜਾਂ ਫਲਾਣੇ ਨੂੰ ਸਿਖ ਬਣਾਇਆ ਜਾ ਰਿਹਾ ਹੈ। ਇਸ ਲਈ ਤਾਂ ਗੁਰੂ ਸਿਧਾਤਾਂ ਨੂੰ ਸਮਰਪਤ ਹੋਣਾ ਪੈਂਦਾ ਹੈ ਅਤੇ ਗੁਰਮਤਿ ਨੂੰ ਜਿਊਣਾ ਹੁੰਦਾ ਹੈ ਬਸ ਸਿੱਖ ਦਾ ਅਜਿਹਾ ਪ੍ਰਣ ਹੀ ਅਸਲ ਲਿਖਤ ਹੈ ਨਾ ਕਿ ਕੋਈ ਬਾਹਰੀ ਕਾਗਜ਼ੀ ਕਾਰਵਾਈ ਨਾਲ ਸਿਖ ਬਣਿਆ ਜਾਂਦਾ ਹੈ। ਜਦੋਂ ਬਾਹਰੀ ਕਾਗਜ਼ੀ ਕਾਰਵਾਈ ਨਾਲ ਸਿਖ ਨਹੀਂ ਬਣਦਾ ਤਾਂ ਫਿਰ ਕਾਗਜ਼ੀ ਲਿਖਤ ਨਾਲ ਸਿਖੀ ਤਿਆਗੀ, ਛੱਡੀ ਜਾਂ ਛੁਡਾਈ ਵੀ ਨਹੀਂ ਜਾ ਸਕਦੀ। ਤੀਜਾ, ਭਾਗ ਸਿੰਘ ਝਬਾਲੀਆ ਜੋ ਕਿ ਭਾਈ ਲੰਗਾਹ ਜੀ ਦੇ ਖਾਨਦਾਨ ਨਾਲ ਸੰਬੰਧਤ ਹੈ ਅਤੇ ਇਸ ਪਰਵਾਰ ਕੋਲ ਚੌਧਰਪੁਣਾ ਪੁਰਾਣੇ ਸਮੇਂ ਤੋਂ ਹੀ ਚੱਲਿਆ ਆ ਰਿਹਾ ਸੀ ਇਹ ਵੀ ਕਾਰਨ ਹੋ ਸਕਦਾ ਹੈ ਕਿ ਇਨ੍ਹਾਂ ਨੇ ਗੁਰੂ ਜੀ ਨੂੰ ਅਜਿਹੀ ਕੋਈ ਬੇਨਤੀ ਰੂਪ ਲਿਖਤ ਸੌਂਪੀ ਹੋਵੇ ਕਿ ਸਾਨੂੰ ਇਸ ਸਮੇਂ ਸਰਕਾਰੀ ਜਬਰ ਤੋਂ ਬਚਣ ਲਈ ਇਨ੍ਹਾਂ ਇਨ੍ਹਾਂ ਚੀਜ਼ਾਂ ਵਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਅਜਿਹੇ ਲੋਕ ਆਪਣਾ ਅਸਰ ਰਸੂਖ ਸਰਕਾਰੇ ਦਰਬਾਰੇ ਬਣਾਉਣ ਦੀ ਇਛਾ ਵੀ ਰੱਖਦੇ ਹੋ ਸਕਦੇ ਹਨ ਪਰ ਬਾਅਦ ਵਿਚ ਇਨ੍ਹਾਂ ਨੇ ਆਪਸੀ ਵੀਚਾਰ ਨਾਲ ਸਹਿਮਤੀ ਕਰਕੇ ਗੁਰੂ ਜੀ ਦੀ ਸੇਵਾ ਨੂੰ ਪਹਿਲ ਦਿੱਤੀ।)

ਇਸ ਸੁਝਾਅ ਰੂਪ ਲਿਖਤ ਤੋਂ ਬਾਅਦ ਇਹ ਜਥਾ ਵਾਪਸ ਆਪਣੇ ਨਗਰਾਂ ਨੂੰ ਤੁਰ ਪਿਆ। ਉਧਰ ਗੁਰੂ ਜੀ ਨੇ ਵੀ ਆਪਣਾ ਸਫਰ ਤਲਵੰਡੀ ਸਾਬੋ ਨੂੰ ਤੈਅ ਕਰਨਾ ਸ਼ੁਰੂ ਕਰ ਦਿੱਤਾ। ਯਾਦ ਰਹੇ ਬਠਿੰਡੇ ਦਾ ਇਲਾਕਾ ਉਨ੍ਹਾਂ ਸਮਿਆਂ ਵਿਚ ਮੁਲਤਾਨ ਦੇ ਖੇਤਰ ਵਿਚ ਆਉਂਦਾ ਸੀ ਜਿਥੇ ਸਰਹੰਦ ਦੇ ਗਵਰਨਰ ਵਜ਼ੀਰ ਖਾਂ ਦੀ ਪਹੁੰਚ ਨਹੀਂ ਸੀ। ਤਲਵੰਡੀ ਸਾਬੋ ਜਿਥੇ ਨੌਵੇਂ ਗੁਰੂ ਜੀ ਨੇ ਵੀ ਆਪਣਾ ਪੜਾਅ ਰੱਖਿਆ ਅਤੇ ਇਸ ਇਲਾਕੇ ਵਿਚ ਪ੍ਰਚਾਰ ਹਿਤ ਇਸ ਜਗ੍ਹਾ ਨੂੰ ਕੇਂਦਰ ਬਣਾਇਆ ਸੀ ਦਸਵੇਂ ਗੁਰੂ ਜੀ ਇਥੇ ਪਹਿਲਾਂ ਵੀ. 1750 ਬਿ: ਨੂੰ ਆਏ ਸਨ ਅਤੇ ਡੱਲੇ ਚੌਧਰੀ ਨੇ ਅਥਾਹ ਪਿਆਰ ਨਾਲ ਗੁਰੂ ਜੀ ਦਾ ਸਵਾਗਤ ਕੀਤਾ ਸੀ।

ਉਧਰ ਸੂਬਾ ਸਰਹੰਦ ਨੇ ਗੁਰੂ ਜੀ ਦਾ ਪਿੱਛਾ ਕਰਨਾ ਛੱਡਿਆ ਨਹੀਂ ਸੀ। ਪਾਠਕ ਯਾਦ ਰੱਖਣ ਕਿ ਕਿਵੇਂ ਚਮਕੌਰ ਦੀ ਹਵੇਲੀ ਛੱਡਣ ਤੋਂ ਬਾਅਦ ਗੁਰੂ ਜੀ ਨੂੰ ਜੰਗਲਾਂ ਵਿਚ ਦੀ ਆਪਣਾ ਸਫਰ ਕਰਕੇ ਮਾਛੀਵਾੜੇ ਪਹੁੰਚਣ ਤੇ ਇਥੋਂ ਹੀ ਕਾਜ਼ੀ ਚਰਾਗ ਸ਼ਾਹ ਅਜਨੇਰੀਆ, ਇਨਾਇਤ ਅਲੀ ਨੂਰਪੁਰੀਆ, ਕਾਜੀ ਪੀਰ ਮੁਹੰਮਦ ਸਲੋਹ ਵਾਲਾ, ਸੁਬੇਗਸ਼ਾਹ ਹਲਵਾਰੀਆ, ਤੇ ਪੰਜਵਾਂ ਹਸਨ ਅਲੀ ਮੋਠੂ ਮਾਜਰੀਆ ਆਦਿ ਗੁਰੂ ਜੀ ਦੇ ਮੁਸਲਮਾਨ ਸ਼ਰਧਾਲੂਆਂ ਨੇ ਉੱਚ ਦੇ ਪੀਰ ਦੇ ਲਿਬਾਸ ਵਿਚ ਗੁਰੂ ਜੀ ਦੀ ਸਵਾਰੀ ਨੂੰ ਅੱਗੇ ਪਹੁੰਚਾਇਆ ਸੀ। ਸਰਹੰਦੀ ਫੌਜ ਨੇ ਗੁਰੂ ਜੀ ਨੂੰ ਜੀਵਤ ਫੜਨ ਦੀ ਲਾਲਸਾ ਨਾਲ ਜਾਂ ਉਹਨਾਂ ਨੂੰ ਖਤਮ ਕਰਨ ਦੀ ਮੰਦਭਾਵਨਾ ਨਾਲ ਉਨ੍ਹਾਂ ਲਈ ਸਰਹੰਦ ਅਧੀਨ ਆਉਂਦੇ ਖੇਤਰ ਵਿਚ ਹਰ ਪਾਸੇ ਤੰਗੀਆਂ ਕਰ ਦਿੱਤੀਆਂ ਸਨ ਅਤੇ ਸੂਹ ਖਬਰ ਲੈਂਦਿਆ ਇਹ ਫੌਜ ਵਜ਼ੀਰ ਖਾਂਨ ਦੀ ਅਗਵਾਈ ਵਿਚ ਗੁਰੂ ਸਾਹਿਬ ਜੀ ਦੇ ਪਿੱਛੇ ਪਿਛੇ ਚੱਲ ਪਈ ਸੀ। ਮਝੈਲ ਸਿੱਖਾਂ ਦਾ ਜਥਾ ਜੋ ਗੁਰੂ ਜੀ ਨੂੰ ਮਿਲ ਕੇ ਵਾਪਸ ਆ ਰਿਹਾ ਸੀ ਨੂੰ ਥੋੜ੍ਹੀ ਦੂਰੀ ਤੇ ਫੌਜ ਵਲੋਂ ਗੁਰੂ ਜੀ ਦਾ ਪਿੱਛਾ ਕਰਨ ਦਾ ਪਤਾ ਲੱਗਾ ਤਾਂ ਮਾਈ ਭਾਗ ਕੌਰ ਨੇ ਬਾਕੀ ਸਿੰਘਾਂ ਨੂੰ ਪ੍ਰੇਰਣਾ ਕੀਤੀ ਕਿ ਇਸ ਸਮੇਂ ਸਾਡਾ ਆਪਣੇ ਨਗਰਾਂ ਨੂੰ ਜਾਣਾ ਫੱਬਦਾ ਨਹੀਂ ਕਿਉਂਕਿ ਇਸ ਬਿਖੜੇ ਸਮੇਂ ਵਿਚ ਸਾਨੂੰ ਗੁਰੂ ਜੀ ਦੀ ਸੇਵਾ ਵਿਚ ਹੀ ਰਹਿਣਾ ਚਾਹੀਦਾ ਹੈ। ਆਖਰ ਹਾਂ ਤਾਂ ਅਸੀਂ ਸਿਖ ਹੀ ! ਅਸੀਂ ਕਿਵੇਂ ਵੀ ਗੁਰੂ ਦੀ ਸੇਵਾ ਤੋਂ ਮੁੱਖ ਨਹੀਂ ਮੋੜ ਸਕਦੇ !ਯਾਦ ਰੱਖੋ ਆਉ ! ਅਸੀਂ ਕਲਗੀਧਰ ਪਾਤਸ਼ਾਹ ਦੀ ਖੁਸ਼ੀ ਨੂੰ ਮਾਣੀਏ ਅਤੇ ਇਸ ਨਾਪਾਕ ਇਰਾਦਿਆਂ ਵਾਲੀ ਫੌਜ ਅੱਗੇ ਲੋਹੇ ਦੀ ਦੀਵਾਰ ਬਣ ਖਲੋ ਜਾਈਏ ਤਾਂ ਕਿ ਇਹ ਜ਼ਾਲਮ ਗੁਰੂ ਜੀ ਦੀ ਸ਼ਾਨ ਵਿਚ ਕੋਈ ਗੁਸਤਾਖੀ ਨਾ ਕਰ ਸਕਣ। ਸਾਨੂੰ ਆਪਣਾ ਵਿਰਸਾ ਅਤੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਸਤਿਕਾਰ ਕਰਦਿਆਂ ਮਰਨੋਂ ਵੀ ਗੁਰੇਜ਼ ਨਹੀ ਕਰਨਾ ਚਾਹੀਦਾ। ਮਾਈ ਭਾਗ ਕੌਰ ਦੇ ਬੋਲਾਂ ਨੇ ਸਾਰੇ ਜਥੇ ਨੂੰ ਹੀ ਸੁਚੇਤ ਹੀ ਨਾ ਕੀਤਾ ਸਗੋਂ ਐਸੀ ਗ਼ੈਰਤ ਦੀ ਪਾਣ ਚਾੜ੍ਹ ਦਿੱਤੀ ਕਿ ਅੱਖ ਦੇ ਫੋਰ ਵਿਚ ਹੀ ਜਥੇ ਨੇ ਆਪਣਾ ਰੁਖ ਗੁਰੂ ਜੀ ਵੱਲ ਕਰ ਲਿਆ।

ਉਧਰ ਗੁਰੂ ਜੀ ਆਪਣੇ ਜਥੇ ਸਮੇਤ ਖਿਦਰਾਣੇ ਦੀ ਢਾਬ (ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਵਰਖਾ ਦਾ ਚਾਰੇ ਪਾਸਿਓਂ ਪਾਣੀ ਆਕੇ ਇੱਥੇ ਇਤਨਾ ਜਮਾਂ ਹੁੰਦਾ ਸੀ ਕਿ ਸਾਲ ਭਰ ਦੂਰ ਦੂਰ ਦੇ ਪਿੰਡਾਂ ਦੇ ਆਦਮੀ ਅਤੇ ਪਸ਼ੂ, ਜਲ ਪੀਣ ਲਈ ਇਸ ਥਾਂ ਆਉਂਦੇ ਸਨ) ਤੋਂ ਥੋੜ੍ਹੀ ਦੂਰੀ ਤੇ ਇਕ ਟਿੱਬੇ ਤੇ ਜਾ ਬਿਰਾਜੇ ਜਿਥੇ ਅੱਜ ਕਲ ਗੁਰਦੁਆਰਾ ਟਿੱਬੀ ਸਾਹਿਬ ਹੈ। ਵਾਪਸ ਮੁੜਿਆ ਸਿੰਘਾਂ ਦਾ ਜਥਾਂ ਖਿਦਰਾਣੇ ਦੀ ਢਾਬ 'ਤੇ ਆ ਪਹੁੰਚਿਆ ਜਿਥੇ ਉਨ੍ਹਾਂ ਦਾ ਸਾਹਮਣਾ ਸਰਹੰਦੀ ਦੀ ਫੌਜ ਜੋ ਵਜ਼ੀਰ ਖਾਨ ਦੀ ਅਗਵਾਈ ਵਿਚ ਆ ਰਹੀ ਸੀ ਨਾਲ ਹੋਇਆ। (ਸਿੱਖਾਂ ਦਾ ਇਹ ਜਥਾ ਖ਼ਾਸ ਲੜਾਈ ਵਾਸਤੇ ਹੀ ਮਾਝੇ ਤੋਂ ਨਹੀਂ ਸੀ ਆਇਆ ਇਨ੍ਹਾਂ ਦਾ ਮਕਸਦ ਗੁਰੂ ਜੀ ਦੀ ਸੰਗਤ ਕਰਨਾ ਸੀ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਮੁਲਾਕਾਤ ਕਰਨਾ ਸੀ, ਭਾਵੇਂ ਹਾਲਾਤਾਂ ਨੂੰ ਭਾਂਪਦਿਆਂ ਇਹ ਪੂਰੀ ਤਿਆਰੀ ਵਿਚ ਹੀ ਸਨ। ਸੋ ਅਚਾਨਕ ਹੀ ਸਰਹੰਦ ਵਲੋਂ ਆ ਰਹੀ ਫੌਜ ਦਾ ਵੀ ਸਾਹਮਣਾ ਇਨ੍ਹਾਂ ਨਾਲ ਹੋਇਆ) ਇਕ ਪਾਸੇ ਤਨਖਾਹਦਾਰ ਮੁਲਾਜ਼ਮ ਸਿਪਾਹੀ ਤੇ ਦੂਜੇ ਪਾਸੇ ਕਲਗੀਧਰ ਪਾਤਸ਼ਾਹ ਤੋਂ ਕੁਰਬਾਨ ਹੋਣ ਵਾਲੇ ਗੁਰਮਤਿ ਮਾਰਗ ਦੇ ਪਾਂਧੀ ਸਿਖ ਸਨ। ਐਸੇ ਜਜ਼ਬੇ ਅਤੇ ਚੜ੍ਹਦੀ ਕਲਾ ਨਾਲ ਇਸ ਜਥੇ ਨੇ ਸ਼ਾਹੀ ਫੌਜ ਦਾ ਟਾਕਰਾ ਕੀਤਾ ਕਿ ਇਹ ਜੰਗ ਇਤਿਹਾਸ ਦੀ ਇਕ ਲਾ ਮਿਸਾਲ ਜੰਗ ਹੋ ਨਿਬੜੀ। ਤੀਰਾਂ, ਗੋਲੀਆਂ, ਤਲਵਾਰਾਂ, ਨੇਜਿਆਂ ਨੇ ਪਲਾਂ ਵਿਚ ਹੀ ਜੰਗ ਨੂੰ ਮਘਦੀ ਭੱਠੀ ਬਣਾ ਦਿੱਤਾ ਸੀ। ਘੋੜਿਆਂ ਦੀਆਂ ਟਾਪਾਂ ਨਾਲ ਜ਼ਮੀਨ ਅਸਮਾਨ ਨਾਲ ਮਿਲਣ ਲੱਗ ਪਈ ਸੀ ਤੇ ਜੈਕਾਰਿਆਂ ਦੀ ਗੂੰਜ ਨੇ ਰਣ ਨੂੰ ਤੱਤਾ ਕਰ ਦਿੱਤਾ ਸੀ। ਸਿੱਖ ਅੱਗੇ ਵਧ ਵਧ ਕੇ ਜਾਨਾਂ ਹੂਲ ਕੇ ਲੜਦੇ ਅਤੇ ਕਈਆਂ ਕਈਆਂ ਤੇ ਭਾਰੂ ਪੈਂਦੇ। ਅਖੀਰ ਸ਼ਾਹੀ ਫੌਜ ਦੇ ਪੈਰ ਮੈਦਾਨੋਂ ਐਸੇ ਉੱਖੜੇ ਕਿ ਉਹ ਬਹੁਤਾ ਸਮਾਂ ਮੈਦਾਨ ਵਿਚ ਸਿਖਾਂ ਸਾਹਮਣੇ ਟਿਕ ਨਾ ਸਕੇ, ਦੂਜਾ ਖਿਆਲ ਸ਼ਾਹੀ ਫੌਜ ਵਿਚ ਇਹ ਵੀ ਸੀ ਕਿ ਸ਼ਾਇਦ ਹੁਣ ਸਿੱਖਾਂ ਦੀ ਫੌਜ ਵਿਚ ਬਾਕੀ ਲੜਨ ਵਾਲਾ ਕੋਈ ਰਿਹਾ ਨਹੀਂ ਇਸ ਲਈ ਉਨ੍ਹਾਂ ਦਾ ਵਾਪਸ ਜਾਣਾ ਸੁਭਾਵਿਕ ਸੀ। ਸ਼ਾਮ ਦੇ ਸਮੇਂ ਇਹ ਜੰਗ ਸਮਾਪਤ ਹੋਈ। ਇਸ ਜੰਗ ਵਿਚ ਗੁਰੂ ਜੀ ਵੀ ਤੀਰਾਂ ਦੀ ਵਰਖਾ ਨਾਲ ਜੁਝਾਰੂ ਸਿੱਖਾਂ ਦੀ ਮਦਦ ਕਰਕੇ ਸ਼ਾਹੀ ਫੌਜ ਨੂੰ ਨਿਹਾਲ ਕਰਦੇ ਰਹੇ ਅਤੇ ਜੰਗ ਦਾ ਹਰ ਪਾਸਾ ਬੜੇ ਧਿਆਨ ਨਾਲ ਨਿਹਾਰਦੇ ਰਹੇ। ਸਿੱਖਾਂ ਦੀ ਰਣਭੂਮੀ ਵਿਚ ਗੁਰੂ ਗੋਬਿੰਦ ਸਿੰਘ ਦੀ ਨਜ਼ਰ ਬਖਸ਼ਿਸ਼ ਸਿੱਖਾਂ ਨੂੰ ਹੋਰ ਚੜ੍ਹਦੀ ਕਲਾ ਬਖਸ਼ਦੀ ਰਹੀ ਸੀ। ਗੁਰੂ ਜੀ ਟਿੱਬੀ ਤੋਂ ਕੁਰਬਾਨੀ ਦੇ ਪੁਤਲੇ ਜੇਤੂ ਸਿੱਖਾਂ ਦੇ ਮੈਦਾਨ ਜੰਗ ਵਿਚ ਆਏ ਅਤੇ ਹਰ ਇਕ ਸਿੱਖ ਦੇ ਸਰੀਰ ਨੂੰ ਹਜ਼ੂਰੀ ਸਿੱਖਾਂ ਨੂੰ ਨਾਲ ਲੈ ਕੇ ਸੰਭਾਲਣਾ ਸ਼ੁਰੂ ਕੀਤਾ ਇਸ ਜੰਗ ਵਿਚ 37 ਸਿੱਖ ਸ਼ਹੀਦੀ ਜਾਮ ਪੀ ਚੁੱਕੇ ਸਨ ਅਤੇ 3 ਸਿੱਖ ਭਾਈ ਰਾਇ ਸਿੰਘ, ਮਹਾਂ ਸਿੰਘ, ਤੇ ਸੁੰਦਰ ਸਿੰਘ ਹੀ ਸਹਿਕ ਰਹੇ ਸਨ ਅਤੇ ਮਾਈ ਭਾਗ ਕੌਰ ਵੀ ਖੱਬੇ ਪੱਟ ਵਿਚ ਗੋਲੀ ਲੱਗਣ ਕਾਰਨ ਜ਼ਖਮੀ ਹਾਲਤ ਵਿਚ ਸੀ। ਗੁਰੂ ਜੀ ਨੇ ਇਨ੍ਹਾਂ ਚੌਹਾਂ ਦੀ ਸੰਭਾਲ ਅਰੰਭ ਕਰਵਾਈ ਗੁਰੂ ਜੀ ਨੇ ਇਨ੍ਹਾਂ ਨੂੰ ਪਰਹਮ ਪੱਟੀ ਕਰਵਾਈ ਪਰ ਤਿੰਨ੍ਹਾਂ ਸਿੰਘਾਂ ਦੀ ਹਾਲਤ ਬੜੀ ਨਾਜ਼ੁਕ ਸੀ। ਬਾਕੀ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਹਜ਼ੂਰੀ ਸਿੰਘ ਇਕ ਥਾਵੇਂ ਇਕੱਤਰ ਕਰਦੇ ਰਹੇ ਅਤੇ ਗੁਰੂ ਜੀ ਇਨ੍ਹਾਂ ਜ਼ਖਮੀ ਸਿੰਘਾਂ ਪਾਸ ਬਿਰਾਜੇ

ਉਨ੍ਹਾਂ ਨੂੰ ਖੁਸ਼ੀਆਂ ਬਖਸ਼ਦੇ ਰਹੇ।

ਅੱਧੀ ਕੁ ਰਾਤ ਨੂੰ ਭਾਈ ਸੁੰਦਰ ਸਿੰਘ ਜੀ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ। ਭਾਈ ਸੁੰਦਰ ਸਿੰਘ ਜੀ ਤੋਂ ਪਿਛੋਂ ਭਾਈ ਰਾਇ ਸਿੰਘ ਜੀ ਨੇ ਸਵਾਸ ਤਿਆਗੇ ਅਤੇ ਸਭ ਤੋਂ ਅਖੀਰ ਤੇ ਭਾਈ ਮਹਾਂ ਸਿੰਘ ਜੀ ਨੇ ਗੁਰੂ ਜੀ ਦੀ ਗੋਦ ਵਿਚ ਹੀ ਪ੍ਰਾਣ ਤਿਆਗੇ। ਇਵੇਂ ਇਸ ਜੰਗ ਦੇ ਸਭ ਤੋਂ ਅਖੀਰ ਵਿਚ ਸ਼ਹੀਦ ਹੋਣ ਵਾਲੇ ਭਾਈ ਮਹਾਂ ਸਿੰਘ ਜੀ ਹੀ ਸਨ। ਭੱਟ ਵਹੀਆਂ ਮੁਤਾਬਿਕ ਭਾਈ ਰਾਇ ਸਿੰਘ ਜੀ ਨੇ ਉਸ ਲਿਖਤ ਨੂੰ ਪਾੜਨ ਵਾਸਤੇ ਗੁਰੂ ਜੀ ਨੂੰ ਬੇਨਤੀ ਕੀਤੀ ਜੋ ਰੁਪੇਆਣਾ ਦੀ ਰੋਹੀ ਤੇ ਮਾਝੇ ਦੇ ਸਿੰਘਾਂ ਦੇ ਜਥੇ ਵਲੋਂ ਗੁਰੂ ਜੀ ਨਾਲ ਕੀਤੀ ਗਈ ਸੀ। ਗੁਰੂ ਜੀ ਨੇ ਉਹ ਲਿਖਤ ਪਾੜ ਕੇ ਸੁੱਟ ਦਿੱਤੀ ਅਤੇ ਸਾਰੇ ਸਿੰਘਾਂ ਨੂੰ ਮੁਕਤੇ ਖਿਤਾਬ ਨਾਲ ਸਤਿਕਾਰਿਆ ਅਤੇ ਸਾਡੇ ਇਤਿਹਾਸਕ ਸੋਮਿਆਂ ਮੁਤਾਬਕ ਗੁਰੂ ਜੀ ਨੇ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਆਦਿ ਦੇ ਮਨਸਬਾਂ ਨਾਲ ਨਿਵਾਜਿਆ। ਇਵੇਂ 30 ਦਸੰਬਰ ਦਾ ਦਿਨ ਚੜ੍ਹ ਆਇਆ। ਸਵੇਰ ਵੇਲੇ ਆਸਾ ਕੀ ਵਾਰ ਦਾ ਪਾਠ ਹੋਇਆ ਅਤੇ ਗੁਰੂ ਜੀ ਨੇ ਹਜ਼ੂਰੀ ਸਿੰਘਾਂ ਨੂੰ ਹੁਕਮ ਕੀਤਾ ਕਿ ਸ਼ਹੀਦ ਸਿੰਘਾਂ ਦੇ ਸਰੀਰਾਂ ਦਾ ਸਸਕਾਰ ਕਰਨ ਲਈ ਉਪਰਾਲਾ ਅਰੰਭਿਆ ਜਾਵੇ। ਭਾਈ ਦਾਨ ਸਿੰਘ ਜੀ ਬਰਾੜ ਖਿਦਰਾਣਾ ਪਿੰਡ ਤੋਂ ਕੜਾਹ ਪ੍ਰਸ਼ਾਦ ਦੀਆਂ ਰਸਦਾਂ ਲਿਆਏ। ਭਾਈ ਮਾਨ ਸਿੰਘ ਤੇ ਹੋਰ ਸਿੰਘਾਂ ਨੇ ਰਲ ਮਿਲ ਕੇ ਸ਼ਹੀਦ ਸਿੰਘਾਂ ਦੇ ਸਰੀਰਾਂ ਦਾ ਇਸ਼ਨਾਨ ਕਰਵਾ ਕੇ ਉਨ੍ਹਾਂ ਦੇ ਸਰੀਰਾਂ ਨੂੰ ਲਕੜਾਂ ਚਿਣ ਕੇ ਇਕੋ ਅੰਗੀਠੇ ਤੇ ਟਿਕਾਇਆ ਅਤੇ ਅਰਦਾਸਾ ਸੋਧਣ ਤੋਂ ਬਾਅਦ ਗੁਰੂ ਜੀ ਨੇ ਸਰੀਰਾਂ ਨੂੰ ਆਪ ਅਗਨ ਭੇਟ ਕੀਤਾ। ਚਿਖਾ ਦੇ ਠੰਢੇ ਹੋਣ ਤਕ ਗੁਰੂ ਜੀ ਸਾਥੀ ਸਿੱਖਾਂ ਸਮੇਤ ਉਥੇ ਹੀ ਬਿਰਾਜੇ ਅਤੇ ਅੰਗੀਠਾ ਠੰਢਾ ਹੋਣ ਤੇ ਉੱਪਰ ਮਿੱਟੀ ਪਵਾ ਦਿੱਤੀ ਗਈ। ਇਸ ਸਾਰੇ ਕਾਰਜ ਵਿਚ ਖਿਦਰਾਣੇ ਦੀਆ ਸਿਖ ਸੰਗਤਾਂ ਨੇ ਵੀ ਭਰਪੂਰ ਸਹਿਯੋਗ ਕੀਤਾ ਅਤੇ ਹੋਰ ਆਲੇ ਦੁਆਲੇ ਦੀਆਂ ਸੰਗਤਾਂ ਨੇ ਵੀ ਗੁਰੂ ਜੀ ਦੀ ਸੰਗਤ ਰੂਪ ਦਰਸ਼ਨਾਂ ਨੂੰ ਮਾਣਿਆ। 31 ਦਸੰਬਰ ਦੀ ਰਾਤ ਨੂੰ ਖਿਦਰਾਣਾ ਪਿੰਡ ਦੀਆਂ ਸੰਗਤਾਂ ਦੀ ਬੇਨਤੀ ਤੇ ਗੁਰੂ ਜੀ ਖਿਦਰਾਣੇ ਜਾ ਰਹੇ ਅਤੇ 1 ਜਨਵਰੀ ਨੂੰ ਗੁਰੂ ਜੀ ਨੇ ਤਲਵੰਡੀ ਸਾਬੋ ਵਾਲੇ ਪਾਸੇ ਨੂੰ ਜਥੇ ਸਮੇਤ ਰੁਖ ਕੀਤਾ।

**ਲਿਖਤ ਕਿੱਥੇ ਹੋਈ? ਤੇ ਲਫਜ਼ ਬੇਦਾਵੇ ਬਾਰੇ ਵੀਚਾਰ:** ਇਹ ਲਿਖਤ ਕਿਥੇ ਹੋਈ? ਇਸ ਬਾਰੇ ਪ੍ਰਚਲਤ ਤੌਰ ਤੇ ਕੁਝ ਲਿਖਾਰੀਆਂ ਦੇ ਲਿਖੇ ਅਨੁਸਾਰ ਅਤੇ ਪ੍ਰਚਾਰਨ ਵਾਲਿਆਂ ਦੇ ਬਣੇ ਪ੍ਰਭਾਵ ਕਾਰਨ ਅਨੰਦਪੁਰ ਵਿਖੇ ਹੀ ਇਹ ਸਿੰਘ ਬੇਦਾਵਾ? ਦੇ ਕੇ ਆਏ ਸਨ ਅਤੇ ਆਪਣੇ ਨਗਰਾਂ ਤੇ ਘਰਾਂ ਤੋਂ ਜ਼ਿੱਲਤ ਸਹਿਣ ਕਰਨ ਮਗਰੋਂ ਇਨ੍ਹਾਂ ਨੇ ਗੁਰੂ ਜੀ ਦੀ ਸੇਵਾ ਵਿਚ ਜਾਣ ਦਾ ਮਨ ਬਣਾਇਆ ਸੀ। ਪਰ ਇਤਿਹਾਸ ਨੂੰ ਘੋਖਣ ਤੇ ਪਤਾ ਚਲਦਾ ਹੈ ਕਿ ਅਜਿਹੀ ਕਿਸੇ ਵੀ ਘਟਨਾ ਦਾ ਕੋਈ ਵੀ ਸੰਬੰਧ ਅਨੰਦਪੁਰ ਨਾਲ ਨਹੀਂ ਬਣਦਾ। ਅਨੰਦਪੁਰ ਦੇ ਘੇਰੇ ਦੀ ਸੰਭਾਵਨਾ ਵੇਲੇ ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਆਪਣੇ ਕੋਲ ਰਹਿਣ ਦੀ ਆਗਿਆ ਨਹੀਂ ਕੀਤੀ ਸੀ ਅਤੇ ਘਰਬਾਰੀ ਪਰਵਾਰ ਵਾਲੇ ਸਿੱਖਾਂ ਨੂੰ ਅਨੰਦਪੁਰ ਦੇ ਘੇਰੇ ਤੋਂ ਪਹਿਲੋਂ ਹੀ ਭੇਜ ਦਿੱਤਾ ਗਿਆ ਸੀ ਕੇਵਲ ਗੁਰੂ ਜੀ ਦਾ ਆਪਣਾ ਪਰਿਵਾਰ ਅਤੇ ਇਕ ਦੋ ਸਿੱਖਾਂ ਦੇ ਪਰਿਵਾਰ ਹੀ ਉਥੇ ਰਹੇ ਸਨ। ਗੁਰੂ ਕੀਆਂ ਸਾਖੀਆਂ ਪੁਸਤਕ ਦੀ ਸਾਖੀ ਨੰਬਰ 77 ਵਿਚ ਇਸ ਗੱਲ ਦਾ ਜ਼ਿਕਰ ਹੈ ਕਿ "ਸੰਮਤ 1761:ਬਿ ਦੀ ਵਿਸਾਖੀ ਤੇ ਗੁਰੂ ਜੀ ਨੇ ਜਿਸ ਵਕਤ ਆਉਣ ਵਾਲੇ ਸਮੇਂ ਨੂੰ ਭਾਂਪਦਿਆਂ ਘਰਬਾਰੀ ਸਿੱਖਾਂ ਨੂੰ ਅਨੰਦਪੁਰ ਖਾਲੀ ਕਰਨ ਦਾ ਹੁਕਮ ਦਿੱਤਾ ਤਾਂ ਭਾਈ ਰਾਇ ਸਿੰਘ ਮੁਲਤਾਨੀ ਉਥੇ ਹੀ ਰਹਿ ਰਿਹਾ ਸੀ। ਗੁਰੂ ਜੀ ਨੇ ਇਸ ਨੂੰ ਬੁਲਾ ਕੇ ਕਿਹਾ ਕਿ ਤੂੰ ਗ੍ਰਹਿਸਤੀ ਹੈਂ ਇਸ ਲਈ ਤਹਾਨੂੰ ਵੀ ਜਾਣ ਦੀ ਆਗਿਆ ਹੈ। ਇਹ ਹੁਕਮ ਪਾ ਕੇ ਭਾਈ ਰਾਇ ਸਿੰਘ ਮੁਲਤਾਨੀ ਇਕ ਹੋਰ ਸਿੱਖ ਭਾਈ ਘੁੱਦਾ ਸਿੰਘ ਨਾਲ ਮਾਝੇ ਵਿਚ ਲਾਹੌਰ ਦੇ ਨੇੜੇ ਆ ਗਿਆ"। ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਵਿਚੋਂ ਮੁਖੀ ਸਿੱਖ ਭਾਈ ਰਾਇ ਸਿੰਘ ਮੁਲਤਾਨੀ ਨੂੰ ਗੁਰੂ ਜੀ ਨੇ ਆਪ ਅਨੰਦਪੁਰ ਤੋਂ ਕੁਝ ਸਮਾਂ ਪਹਿਲਾਂ ਹੀ ਭੇਜ ਦਿੱਤਾ ਸੀ ਫਿਰ ਬੇਦਾਵਾ ਕਿਸ ਨੇ ਦਿੱਤਾ? ਇਸ ਲਈ ਸੁਭਾਵਕ ਹੈ ਕਿ ਇਹ ਸਿੱਖ ਅਨੰਦਪੁਰ ਦੇ ਘੇਰੇ ਵੇਲੇ ਬੇਦਾਵਾ ਦੇ ਕੇ ਕਿਵੇਂ ਨਿਕਲ ਸਕਦੇ ਸਨ? ਘੇਰਾ ਘੱਤੀ ਬੈਠੀਆਂ ਫੌਜਾਂ ਇਨ੍ਹਾਂ ਨੂੰ ਕਿਵੇਂ ਨਿਕਲ ਜਾਣ ਦੇ ਸਕਦੀਆਂ ਸਨ ਅਤੇ ਕਿਹੜੀ ਵਿਧੀ ਨਾਲ ਇਨ੍ਹਾਂ ਨੇ ਅਨੰਦਪੁਰ ਛੱਡਿਆ ਸੀ? ਫਿਰ ਕੀ ਇਨ੍ਹਾਂ ਸਿੱਖਾਂ ਦਾ ਸਿਦਕ ਗੁਰੂ ਜੀ ਪ੍ਰਤੀ ਇੰਨਾਂ ਹੀ ਡਾਵਾਂਡੋਲ ਸੀ ਕਿ ਇਹ ਸਿੱਖ ਗੁਰੂ ਜੀ ਦੀ ਸੇਵਾ ਤੋਂ ਭੱਜ ਨਿਕਲੇ? ਫਿਰ ਇਸੇ ਘੇਰੇ ਵਿਚ ਹੀ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਬਜ਼ੁਰਗ ਮਾਤਾ ਗੁੱਜਰ ਕੌਰ ਜੀ ਵੀ ਤਾਂ ਨਾਲ ਹੀ ਸਨ। ਸਭ ਤੋਂ ਛੋਟੀ ਉਮਰ ਦੇ ਸਾਹਿਬਜ਼ਾਦੇ ਜੋ ਉਸ ਵਕਤ ਸੱਤ ਕੁ ਸਾਲ ਦੇ ਸਨ ਅਤੇ ਬਜ਼ੁਰਗ ਮਾਤਾ ਗੁੱਜਰ ਕੌਰ ਜੀ ਦੇ ਹੁੰਦਿਆਂ ਇਹ ਜਵਾਨੀਆਂ ਮਾਨਣ ਵਾਲੇ ਗੁਰੂ ਕੇ ਸਿੰਘ ਕਿਵੇਂ ਵਿਆਕੁਲ ਹੋ ਕੇ ਅਤੇ ਘੇਰੇ ਤੋਂ ਤੰਗ ਆ ਕੇ ਗੁਰੂ ਜੀ ਨੂੰ ਛੱਡ ਆਏ? ਗੁਰੂ ਸਾਹਿਬ ਜੀ ਨੇ ਘੇਰੇ ਤੋਂ ਪਹਿਲਾਂ ਹੀ ਅਨੰਦਪੁਰ ਰਹਿਣ ਵਾਲੇ ਸਿੱਖਾਂ ਨੂੰ ਪੂਰੇ ਚੌਕਸ ਤੇ ਚੁਕੰਨੇ ਕਰ ਦਿੱਤਾ ਸੀ ਅਤੇ ਕਿਸੇ ਵੀ ਮੁਸ਼ਕਲ ਤੋਂ ਉਹਲਾ ਨਹੀਂ ਰੱਖਿਆ ਗਿਆ ਸੀ ਇਸ ਕਾਰਨ ਸੁਭਾਵਿਕ ਹੈ ਕਿ ਇਹ ਸਿੰਘ ਨਾ ਤਾਂ ਅਨੰਦਪੁਰ ਦੇ ਘੇਰੇ ਵਿਚ ਸਨ ਅਤੇ ਨਾ ਹੀ ਇਨ੍ਹਾਂ ਨੇ ਬੇਦਾਵਾ ਅਨੰਦਪੁਰ ਦਿੱਤਾ ਅਤੇ ਨਾ ਹੀ ਕਿਸੇ ਹੋਰ ਸਿੰਘ ਨੇ ਗੁਰੂ ਜੀ ਦਾ ਅਨੰਦਪੁਰ ਵਿਖੇ ਸਾਥ ਛੱਡਿਆ।ਕਈ ਸੱਜਣ ਦੁਨੀ ਚੰਦ ਦਾ ਅਨੰਦਪੁਰ ਦੇ ਘੇਰੇ ਵਿਚੋਂ ਨਿਕਲ ਜਾਣ ਦਾ ਹਵਾਲਾ ਵੀ ਦਿੰਦੇ ਹਨ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਦੁਨੀ ਚੰਦ ਦਾ ਅਨੰਦਪੁਰ ਛੱਡਣ ਦਾ ਸਮਾਂ ਅਨੰਦਪੁਰ ਦੀ ਵੱਡੀ ਜੰਗ ਤੋਂ ਪਹਿਲੋਂ ਦਾ ਹੈ ਜਦੋਂ ਲੋਹਗੜ੍ਹ ਦੀ ਜੰਗ 1 ਸਤੰਬਰ 1700 ਈ: ਨੂੰ ਹੋਈ ਸੀ। ਬੇਦਾਵਾ ਲਫਜ਼ ਸਭ ਤੋਂ ਪਹਿਲਾਂ ਗੁਰਬਿਲਾਸ ਪਾ:10 ਕ੍ਰਿਤ ਸੁੱਖਾ ਸਿੰਘ ਜੋ 1797 ਈ: ਵਿਚ ਲਿਖਿਆ ਗਿਆ ਅਤੇ ਇਸ ਘਟਨਾ ਤੋਂ ਕਰੀਬਨ 92-93 ਸਾਲ ਬਾਅਦ ਲਿਖਿਆ ਗਿਆ ਹੈ ਵਿਚ ਵਰਤਿਆ ਗਿਆ ਉਥੇ ਵੀ ਇਹ ਲਫਜ਼ ਹਨ:-

ਸ੍ਰੀ ਮੁਖ ਕਹਾ ਸੁਨੋ ਚਿਤ ਲਾਈ
ਬੁਰੋ ਹੋਤ ਤੁਮਰੇ ਸਿਰ ਭਾਈ
ਤੁਮ ਯਹਿ ਬਾਤ ਭੇਵ ਨਹਿ ਜਾਨੋ
ਬਾਰਕ ਹੋ ਬਚ ਐਸ ਬਖਾਨੋ
ਯੌ ਕਹਿ ਸਭ ਸੋ ਹਦ ਲ਼ਿਖਾਈ
ਸਿੱਖ ਗੁਰੂ ਬਿਦਾਵ ਕਰਾਈ

ਗੁਰੂਬਲਾਸ ਪਾ 10 ਕਿਰਤ ਸੁੱਖਾ ਸਿੰਘ ਤੋਂ ਪਹਿਲਾਂ ਸਭ ਤੋਂ ਪੁਰਾਣਾ ਸੋਮਾ ਹੈ ਗੁਰ ਸੋਭਾ ਕ੍ਰਿਤ ਸੈਨਾ ਸਿੰਘ (ਸੈਨਾਪਤੀ) ਜੋ 1741 ਈ: ਵਿਚ ਲਿਖਿਆ ਗਿਆ। ਜਿਸ ਵਿਚ ਲਫਜ਼ ਬੇਦਾਵਾ ਨਹੀਂ ਹੈ ਬਲਕਿ ਲਫਜ਼ ਤਉਹਦਿ ਹੈ। ਰਚਨਾ ਇਵੇਂ ਹੈ:-

ਸਤਿਗੁਰ ਕਹੀ ਸੁਨੋ ਬਿਧਿ ਸਾਈ
ਬੁਰੋ ਹੋਤ ਤੁਮਰੇ ਸਿਰ ਭਾਈ
ਯੌ ਸਭ ਸੋ ਤਉਹਦ ਲ਼ਿਖਵਾਏ
ਹੋਹੁ ਤਯਾਰ ਤਬੈ ਫੁਰਮਾਏ

ਇਸ ਬਾਰੇ ਗਿ: ਸੋਹਣ ਸਿੰਘ ਜੀ ਸੀਤਲ ਇਵੇਂ ਲਿਖਦੇ ਹਨ "ਤਉਹਦ ਦਾ ਅਰਥ ਹੈ ਅਹਿਦ ਜਾਂ ਇਕਰਾਰਨਾਮਾ।ਤਉਹਦ ਲ਼ਿਖਵਾਏ ਤੋਂ ਭੁਲੇਖਾ ਖਾ ਕੇ ਹੀ ਪਿਛੋਂ ਆਉਣ ਵਾਲੇ ਲੇਖਕਾਂ ਨੇ ਬੇਦਾਵੇ' ਦੀ ਕਹਾਣੀ ਘੜ ਲਈ ਹੈ। ਪਹਿਲੀ ਗੱਲ ਇਹ ਇਕ ਮੁਹਾਵਰਾ ਹੈ।ਆਪਣੀ ਗੱਲ ਨੂੰ ਸੱਚੀ ਸਾਬਤ ਕਰਨ ਵਾਸਤੇ ਅਸੀਂ ਕਹਿ ਦਿੰਦੇ ਹਾਂ ਮੈਂ ਲਿਖ ਦਿੰਦਾ ਹਾਂ'। ਜਾਂ ਦੂਸਰੇ ਨੂੰ ਪੱਕਿਆਂ ਕਰਨ ਵਾਸਤੇ ਕਹਿੰਦੇ ਹਾਂ ਤੂੰ ਲਿਖ ਦੇਹ'। ਪਰ ਲਿਖਣ ਤਕ ਗੱਲ ਕਦੇ ਪਹੁੰਚੀ ਨਹੀਂ।ਪਰ ਜੇ ਇਹ ਮੰਨ ਵੀ ਲਈਏ ਕਿ ਗੁਰੂ ਜੀ ਨੇ ਸਿੱਖਾਂ ਤੋਂ

ਕੁਛ ਲਿਖਵਾ ਲਿਆ ਸੀ ਤਾਂ ਏਨਾ ਹੀ ਲਿਖਵਾਇਆ ਨਾ ਕਿ 'ਬੁਰੋ ਹੋਤ ਤੁਮਰੇ ਸਿਰ ਭਾਈ' ਅਰਥ ਬੜੇ ਸਾਫ ਹਨ ਜਦ ਸਿੱਖਾਂ ਅਨੰਦਪੁਰ ਛੱਡਣ ਤੇ ਬਹੁਤ ਜ਼ੋਰ ਦਿੱਤਾ ਤਾਂ ਗੁਰੂ ਜੀ ਨੇ ਫੁਰਮਾਇਆ "ਤੁਹਾਡੀ ਮੰਨ ਕੇ ਛੱਡ ਦਿੰਦੇ ਹਾਂ ਪਰ ਹੁਣ ਜੋ ਚੰਗਾ ਮਾੜਾ ਹੋਵੇਗਾ ਉਹਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੈ। ਸੈਨਾਪਤੀ ਦੀ ਲਿਖਤ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਬੇਦਾਵਾ ਲਿਖਿਆ ਗਿਆ ਸੀ।

ਇਸ ਤੋਂ ਬਾਅਦ 1751 ਈ: ਵਿਚ ਲਿਖਿਆ ਗਿਆ ਗੁਰਬਿਲਾਸ ਪਾ 10 ਕ੍ਰਿਤ ਕੁਇਰ ਸਿੰਘ ਜਿਸ ਵਿਚ ਬੇਦਾਵਾ ਲਫਜ਼ ਤਾਂ ਨਹੀਂ ਲਿਖਿਆ ਹੋਇਆ ਸਗੋਂ ਉਸ ਦੀ ਜਗ੍ਹਾ ਹਦ ਲਫਜ਼ ਹੈ:-

ਮਿਲ ਮੁਕਤਨ ਯਹਿ ਭਾਤਿ ਬਿਚਾਰੋ
ਆਨੰਦ ਪੁਰ ਲਿਖ ਹੱਦ ਨਿਕਾਰੋ
ਹਮਰੈ ਨੈਨਨ ਤੀਰ ਨਿਕਾਰੀ
ਦੀਜੈ ਵਹੁ ਕਾਗਦ ਅਬ ਫਾਰੀ।75।.....
ਤਿਨ ਕੋ ਵਹੈ ਬਖਸ ਕਰ ਦੀਨਾ
ਕਾਗਜ਼ ਵਹੈ ਫਾੜ ਕਰ ਦੀਨਾ।79।

ਜ਼ਿਕਰਯੋਗ ਹੈ ਕਿ ਮੁਕਤਸਰ ਦੀ ਇਸ ਜੰਗ ਤੋਂ ਪਹਿਲਾਂ ਕਵੀ ਨੇ ਕਿਤੇ ਵੀ ਕਿਸੇ ਵੀ ਲਿਖਤ ਦਾ ਕੋਈ ਜ਼ਿਕਰ ਨਹੀਂ ਕੀਤਾ ਅਤੇ ਇਥੇ ਹੀ ਲਫਜ਼ ਹਦ ਦਾ ਤੇ ਕਾਗਜ਼ ਪਾੜਨ ਦਾ ਜ਼ਿਕਰ ਕੀਤਾ ਹੈ। ਸਭ ਤੋਂ ਪਹਿਲਾ ਲਿਖਾਰੀ ਗੁਰ ਸੋਭਾ ਗ੍ਰੰਥ ਦਾ ਕਰਤਾ ਕਵੀ ਸੈਨਾ ਸਿੰਘ ਤਉਹਦਿ ਲਫਜ਼ ਮੁਹਾਵਰੇ ਦੇ ਤੌਰ ਤੇ ਲਿਖਦਾ ਹੈ ਜਿਸਨੂੰ ਦੂਸਰਾ ਲਿਖਾਰੀ ਸੁੱਖਾ ਸਿੰਘ ਗੁਰਬਿਲਾਸ ਪਾ 10: ਵਿਚ ਯੌ ਕਹਿ ਸਭ ਸੋ ਹਦ ਲ਼ਿਖਾਈ ਸਿੱਖ ਗੁਰੂ ਬਿਦਾਵ ਕਰਾਈ ਤਕ ਲਿਖ ਜਾਂਦਾ ਹੈ ਤੀਜਾ ਲਿਖਾਰੀ ਕੋਇਰ ਸਿੰਘ ਗੁਰਿਬਿਲਾਸ ਪਾ:10 ਵਿਚ ਹਦ ਅਤੇ ਕਾਗਜ਼ ਪਾੜਨ ਦਾ ਹੀ ਵੇਰਵਾ ਦਿੰਦਾ ਹੈ ਅਤੇ ਇਸ ਤੋਂ ਅੱਗੇ ਬੰਸਾਵਲੀ ਨਾਮਾ ਦਾ ਕਰਤਾ ਕੇਸਰ ਸਿੰਘ ਛਿੱਬਰ, ਮਹਿਮਾ ਪ੍ਰਕਾਸ਼, ਤੇ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ਵਿਚ ਇਹ ਗੱਲ ਬਦਲਵੇਂ ਲਫਜ਼ਾਂ ਵਿਚ ਵਧਦੀ ਹੀ ਜਾਂਦੀ ਹੈ।ਕਵੀਆਂ ਨੇ ਆਪਣੇ ਲਿਖਣ ਢੰਗ ਦੇ ਫਰਕ ਕਰਕੇ ਇਕ ਦੂਜੇ ਨਾਲੋਂ ਘਟਨਾ ਨੂੰ ਵਧਾ ਚੜ੍ਹਾ ਅਤੇ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਹੈ ਜਿਥੋਂ ਅਨੰਦਪੁਰ ਵਿਖੇ ਬੇਦਾਵਾ ਦੇਣ ਦੀ ਗੱਲ ਸਿਖ ਮਨਾਂ ਵਿਚ ਘਰ ਕਰ ਗਈ ਹੈ ਅਤੇ ਪ੍ਰਚਾਰਨ ਵਾਲਿਆਂ ਨੇ ਵੀ ਇੰਨੀ ਮਿਹਨਤ ਨਾਲ ਅਤੇ ਡੂੰਘਾਈ ਨਾਲ ਇਨ੍ਹਾਂ ਗੱਲਾਂ ਦਾ ਅਧਿਐਨ ਨਹੀਂ ਕੀਤਾ ਬੱਸ ਇਕ ਅੱਧ ਲਿਖਾਰੀ ਤੇ ਹੀ ਟੇਕ ਰੱਖ ਛੱਡੀ ਹੈ।

ਸੋ ਇਸੇ ਤਰ੍ਹਾਂ ਹੀ ਬਾਕੀ ਲਿਖਾਰੀਆਂ ਨੇ ਵੀ ਸਾਰੇ ਮੁਹਾਵਰੇ ਦਾ ਰੂਪ ਬਦਲ ਬਦਲ ਕੇ ਅਤੇ ਸੁਣਾਉਣ ਵਾਲਿਆਂ ਨੇ ਆਪਣੀ ਰੰਗਤ ਪਾ ਪਾ ਕੇ ਬਾਤ ਦਾ ਬਤੰਗੜ ਬਣਾਉਣ ਵਾਲੀ ਗੱਲ ਕੀਤੀ ਹੈ।ਇਥੇ ਇਕ ਹੋਰ ਦਿਲਚਸਪ ਗੱਲ ਹੈ ਜੋ ਸਾਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ ਕਵੀ ਸੈਨਾ ਸਿੰਘ ਕ੍ਰਿਤ ਗੁਰ ਸੋਭਾ ਗ੍ਰੰਥ ਅਨੁਸਾਰ ਜਦੋਂ ਗੁਰੂ ਜੀ ਨੂੰ ਸਿੱਖਾਂ ਨੇ ਬੇਨਤੀ ਕੀਤੀ ਕਿ ਅਨੰਦਪੁਰ ਛੱਡਿਆ ਜਾਵੇ ਤਾਂ ਗੁਰੂ ਜੀ ਨੇ ਕਿਹਾ ਕਿ

ਸਤਿਗੁਰ ਕਹੀ ਸੁਨੋ ਬਿਧਿ ਸਾਈ
ਬੁਰੋ ਹੋਤ ਤੁਮਰੇ ਸਿਰ ਭਾਈ
ਯੌ ਸਭ ਸੋ ਤਉਹਦ ਲ਼ਿਖਵਾਏ
ਹੋਹੁ ਤਯਾਰ ਤਬੈ ਫੁਰਮਾਏ।62।
ਅਤੇ ਇਸ ਤੋਂ ਬਾਅਦ ਆਪ ਵੀ ਨਾਲ ਹੀ ਅਨੰਦਪੁਰ ਛੱਡ ਦਿੱਤਾ
ਨਗਰ ਭਯੋ ਇਹ ਭਾਂਤਿ ਤਯਾਰ
ਬਾਂਧੇ ਬੋਝ ਲੀਯੈ ਸਿਰ ਭਾਰ
ਸਾਮਾਂ ਸਬਹੂੰ ਕੂਚ ਕਾ ਕੀਨੋ
ਆਪਨ ਬੋਝ ਆਪ ਸਿਰ ਲੀਨੋ।63।
ਸਾਮਾਂ ਕੂਚ ਸਾਹਿਬ ਨੇ ਕੀਨਾ
ਸਿੱਖਨ ਬਾਂਟ ਖਜਾਨਾ ਦੀਨਾ
ਸਬਨ ਪਾਂਚ ਹਥਿਆਰ ਬੰਧਾਏ
ਸਿੰਘ ਸੂਰ ਬਨ ਬਨ ਸਭ ਆਏ।64।

ਕਵੀ ਮੁਤਾਬਕ ਇਨ੍ਹਾਂ ਸਿੰਘਾਂ ਨਾਲ ਹੀ ਗੁਰੂ ਜੀ ਅਤੇ ਬਾਕੀ ਸਿੰਘ ਵੀ ਅਨੰਦਪੁਰ ਛੱਡ ਦਿੰਦੇ ਹਨ।ਵੀਚਾਰਨ ਵਾਲੀ ਗੱਲ ਹੈ ਕਿ ਫਿਰ ਬੇਦਾਵਾ ਕਿਸਨੇ ਦਿੱਤਾ ਤੇ ਕਿਸਨੂੰ ਦਿੱਤਾ? ਵੈਸੇ ਵੀ ਇਸ ਲਿਖਤ ਬਾਰੇ ਉੱਪਰ ਗਿ: ਸੋਹਣ ਸਿੰਘ ਜੀ ਸੀਤਲ ਦੇ ਵੀਚਾਰ ਦਰਜ਼ ਹਨ ਕਿ ਬੇਦਾਵੇ ਨਾ ਦੀ ਕੋਈ ਘਟਨਾ ਦਾ ਕਵੀ ਨੇ ਜ਼ਿਕਰ ਨਹੀਂ ਕੀਤਾ।ਬੇਦਾਵਾ ਲਫਜ਼ ਵੀ ਬੜਾ ਵੀਚਾਰਨਯੋਗ ਹੈ ਇਸਦਾ ਮਤਲਬ ਹੈ ਕਿਸੇ ਚੀਜ਼ ਤੋਂ ਦਾਅਵਾ ਛੱਡਣਾ। ਪਰ ਕੀ ਮੁਕਤਸਰ ਸ਼ਹੀਦ ਹੋਣ ਵਾਲੇ ਸਿੰਘਾਂ ਨੇ ਸਿੱਖੀ ਤੋਂ ਦਾਅਵਾ ਛੱਡ ਦਿੱਤਾ ਸੀ ਜਾਂ ਸਿਖੀ ਨਾਲੋਂ ਨਾਤਾ ਤੋੜ ਲਿਆ ਸੀ? ਪਾਠਕ ਜਨੋ! ਉਨ੍ਹਾਂ ਸੂਰਬੀਰਾਂ ਦੀ ਕੁਰਬਾਨੀ ਨੂੰ ਧਿਆਨ ਨਾਲ ਵੀਚਾਰੋ। ਕੀ ਸਿਖੀ ਨਾਲੋਂ ਨਾਤਾ ਤੋੜਨ ਵਾਲੇ ਅਜਿਹਾ ਇਤਿਹਾਸ ਸਿਰਜ ਸਕਦੇ ਹਨ? ਜਾਂ ਗੁਰੂ ਪ੍ਰਤੀ ਪਿਆਰ ਦਾ ਸਬੂਤ ਦੇ ਸਕਦੇ ਹਨ?ਉੱਤਰ ਮਿਲੇਗਾ। ਨਹੀਂ! ਫਿਰ ਪ੍ਰਚਲਤ ਵਿਆਖਿਆ ਅਨੁਸਾਰ ਤਾਂ ਬੇਦਾਵਾ? ਪਾੜਨ ਤੋਂ ਬਾਅਦ ਹੀ ਉਹ ਮਰਜੀਵੜੇ ਸਿਖੀ ਵਿਚ ਆਉਂਦੇ ਹਨ ਤਾਂ ਫਿਰ ਇਸ ਸਵਾਲ ਦਾ ਕੀ ਹੱਲ ਹੈ ਕਿ ਜੋ ਜ਼ੁਲਮ ਨਾਲ ਲੋਹਾ ਲੈ ਕੇ ਜਾਨਾਂ ਦਾਅ ਤੇ ਲਾ ਰਹੇ ਹਨ ਅਤੇ ਉਨ੍ਹਾਂ ਦਾ ਮਨ ਗੁਰੂ ਪਿਆਰ ਨਾਲ ਭਰਿਆ ਹੋਇਆ ਹੈ ਕੀ ਇਹ ਸਭ ਕੁਝ ਸਿਖ ਹੋਣ ਦਾ ਅਤੇ ਸਿੱਖੀ ਨਾਲ ਜੁੜੇ ਹੋਣ ਦਾ ਪ੍ਰਮਾਣ ਨਹੀਂ ਹੈ। ਜਦੋਂ ਕਿ ਪ੍ਰਚਲਤ ਵਿਆਖਿਆ ਮੁਤਾਬਕ ਤਾਂ ਉਹ ਸਿਖੀ ਨਾਲ ਜੁੜਦੇ ਹੀ ਬੇਦਾਵਾ? ਪਾਟਣ ਤੋਂ ਬਾਅਦ ਹਨ।ਸੋ ਨਾ ਤਾਂ ਉਨ੍ਹਾਂ ਦਾ ਸਿੱਖੀ ਨਾਲੋਂ ਨਾਤਾ ਟੁੱਟਿਆ ਸੀ ਅਤੇ ਨਾ ਹੀ ਉਹ ਗੁਰੂ ਤੋਂ ਬੇਮੁਖ ਸਨ।

**ਜ਼ਰੂਰੀ ਨੋਟ:-** ਅੱਜ ਗੁਰਮਤਿ ਦਾ ਰਸਤਾ ਤਿਆਗ ਕੇ ਮਨਮਤਿ ਨੂੰ ਮੰਨਣ ਅਤੇ ਪ੍ਰਚਾਰਨ ਵਾਲੇ ਲੋਕਾਂ ਨੇ ਅਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਗੁਰਮਤਿ ਦਾ ਵਿਰੋਧ ਕਰਨ ਵਾਲਿਆਂ ਨੇ ਵੀ ਕੋਈ ਲਿਖਤੀ ਕਾਰਵਾਈ ਨਾਲ ਗੁਰੂ ਨਾਲੋਂ ਨਾਤਾ ਨਹੀਂ ਤੋੜਿਆ ਬਲਕਿ ਆਪਣੇ ਗੁਰਮਤਿ ਵਿਰੋਧੀ ਕਰਮਾਂ ਅਤੇ ਵਿਵਹਾਰ ਨਾਲ ਹੀ ਉਹ ਗੁਰੂ ਤੋਂ ਉਲਟ ਹੋਏ ਪਏ ਹਨ ਸਾਨੂੰ ਅਜਿਹੀ ਬੇਮੁਖਤਾਈ ਤੋਂ ਬਚਣ ਦਾ ਉਪਰਾਲਾ ਜ਼ਰੂਰ ਕਰਨਾ ਚਾਹੀਦਾ ਹੈ।ਗੁਰਮਤਿ ਦਾ ਮਾਰਗ ਹੀ ਇਹ ਹੈ ਕਿ:

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ**
**ਹਰਿ ਹਰਿ ਕਥਾ ਨਿਰਾਲੀ॥**

(ਮ:੪ ਪੰਨਾ ੬੬੭)

ਅਜਿਹੇ ਗੁਰਉਪਦੇਸ਼ ਅਨੁਸਾਰ ਤਾਂ ਗੁਰੂ ਵੀਚਾਰਧਾਰਾ ਨੂੰ ਸਤਿ ਸਤਿ ਕਰਿ ਕੇ ਮੰਨਣਾ ਅਤੇ ਕਮਾਉਣਾ ਹੈ। ਜੋ ਵੀ ਮਨੁੱਖ ਗੁਰਮਤਿ ਉਪਦੇਸ਼ ਦਾ ਕਦਰਦਾਨ ਨਹੀਂ ਹੈ ਭਾਵ ਉਸ ਨਾਲ ਜੀਵਨ ਦਾ ਨਾਤਾ ਨਹੀਂ ਜੋੜਦਾ ਉਹ ਕਿਵੇਂ ਵੀ ਗੁਰੂ ਦਾ ਸਿਖ ਨਹੀਂ ਹੋ ਸਕਦਾ। ਗੁਰਮਤਿ ਵਿਚ ਵਿਖਾਵਾ ਅਤੇ ਕਰਮਕਾਂਡਾਂ ਵਾਲੀ ਰਹਿਣੀ ਨੂੰ ਸਿਖੀ ਨਹੀਂ ਮੰਨਿਆ ਗਿਆ ਅਤੇ ਨਾ ਹੀ ਅਗਿਆਨਤਾ ਨਾਲ ਕੀਤੇ ਜਾਂਦੇ ਕੰਮਾਂ ਨੂੰ ਸਿਖ ਦੇ ਜੀਵਨ ਦੀ ਨਿਸ਼ਾਨੀ ਆਖਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਆਪਣੀ ਵਿਆਖਿਆ ਦੇ ਜ਼ੋਰ ਨਾਲ ਆਪਣੇ ਸਿਖ ਬਜ਼ੁਰਗਾਂ ਨੂੰ ਤਾਂ ਅੱਜ ਵੀ ਬੇਦਾਵਾ ਲਿਖਣ ਵਾਲੇ' ਬੇਮੁਖ' ਤੇ ਹੋਰ ਪਤਾ ਨਹੀ ਕੀ ਕੀ ਬੋਲਿਆ ਤੇ ਲਿਖਿਆ ਜਾ ਰਿਹਾ ਹੈ ਪਰ ਸਾਡੇ ਆਪਣੇ ਕਿਰਦਾਰ ਤੇ ਜੀਵਨ ਕਿੰਨੇ ਕੁ ਗੁਰਮਤਿ ਅਨੁਸਾਰੀ ਹਨ? ਅਤੇ ਸਾਡੇ ਧਾਰਮਿਕ ਆਗੂਆਂ ਦੇ ਆਪਣੇ ਕਿਰਦਾਰ ਕਿਵੇਂ ਰਾਜਨੀਤੀ ਦੀ ਦਲਦਲ ਵਿਚ ਧਸੇ ਪਏ ਹਨ, ਕਿਵੇਂ ਮਨਮਤ ਨੂੰ ਗੁਰਮਤਿ ਆਖ ਕੇ ਪ੍ਰਚਾਰਦੇ ਅਤੇ ਕਿਵੇਂ ਮਨੁੱਖੀ ਗ਼ੁਲਾਮੀ ਨਾਲ ਭਰੇ ਪਏ ਹਨ ਅਤੇ ਉਨ੍ਹਾਂ ਦਾ ਹਰ ਕਦਮ

ਕਿਵੇਂ ਮਨਮਤਿ ਦੇ ਹੱਕ ਅਤੇ ਗੁਰਮਤਿ ਦੇ ਵਿਰੋਧ ਵਿਚ ਜਾ ਰਿਹਾ ਹੈ ਇਹ ਵੀ ਵੀਚਾਰਨ ਦੀ ਲੋੜ ਹੈ ਕਿ ਕੀ ਇਹ ਬੇਮੁਖਤਾਈ ਨਹੀਂ ਹੈ? ਆਪਣੀਆਂ ਮਰਯਾਦਾ, ਸਰੀਰਾਂ, ਮੜੀਆਂ ਅਤੇ ਕਬਰਾਂ ਦੀ ਪੂਜਾ, ਗੁਰੂ ਡੰਮ੍ਹ, ਅਖੌਤੀ ਸਾਧ ਵਾਦ, ਹਰ ਅਜਿਹੀ ਚੀਜ਼ ਜਿਸਦਾ ਗੁਰਮਤਿ ਵਿਚ ਕੋਈ ਸਥਾਨ ਨਹੀਂ ਹੈ ਅਜਿਹਾ ਸਾਰਾ ਕੁਝ ਜਿਸ ਵਲੋਂ ਵੀ ਮੰਨਿਆਂ ਤੇ ਇਸਦੀ ਹਮਾਇਤ ਕੀਤੀ ਜਾ ਰਹੀ ਹੈ ਸਭ ਬੇਮੁਖਤਾਈ ਹੀ ਤਾਂ ਹੈ। ਗੁਰਬਾਣੀ ਦੇ ਇਹ ਪਵਿੱਤਰ ਬਚਨ ਸਾਨੂੰ ਯਾਦ ਰੱਖਣੇ ਚਾਹੀਦੇ ਹਨ ਜਿਸ ਵਿਚ ਗੁਰੂ ਜੀ ਨੇ ਬੇਮੁਖ ਜੀਵਨ ਦਾ ਜ਼ਿਕਰ ਕੀਤਾ ਹੈ :-

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ (੪੬੩-੨, ਵਾਰ-ਆਸਾ, ਮਃ੧)**

**ਅਰਥ:-** ਹੇ ਨਾਨਕ! (ਜੋ ਮਨੁੱਖ) ਗੁਰੂ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿਚ ਚਤਰ (ਬਣੇ ਹੋਏ) ਹਨ, ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਤਿਲ ਨਿਖਸਮੇ ਪਏ ਹੋਏ ਹਨ। ਹੇ ਨਾਨਕ! (ਬੇਸ਼ਕ) ਆਖ ਕਿ ਪੈਲੀ ਵਿਚ ਨਿਖਸਮੇ ਪਏ ਹੋਏ ਉਹਨਾਂ ਬੂਆੜ ਤਿਲਾਂ ਦੇ ਸੌ ਖਸਮ ਹਨ, ਉਹ ਵਿਚਾਰੇ ਫੁੱਲਦੇ ਭੀ ਹਨ (ਭਾਵ, ਉਹਨਾਂ ਨੂੰ ਫੁੱਲ ਭੀ ਲੱਗਦੇ ਹਨ), ਫਲਦੇ ਭੀ ਹਨ, ਫੇਰ ਭੀ ਉਹਨਾਂ ਦੇ ਤਨ ਵਿਚ (ਭਾਵ, ਉਹਨਾਂ ਦੀ ਫਲੀ ਵਿਚ ਤਿਲਾਂ ਦੀ ਥਾਂ) ਸੁਆਹ ਹੀ ਹੁੰਦੀ ਹੈ।

ਗੁਰਬਾਣੀ ਮੁਤਾਬਕ ਤਾਂ ਸਨਮੁਖ ਸਿਖ ਦੀਆਂ ਇਹ ਨਿਸ਼ਾਨੀਆਂ ਹਨ:-

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥ ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥ ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥ ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥ ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ (ਮ:੩ ਪੰਨਾ ੯੧੯)**

**ਅਰਥ:-** ਜੇ ਕੋਈ ਸਿੱਖ ਗੁਰੂ ਦੇ ਸਾਹਮਣੇ ਸੁਰਖਰੂ ਹੋਣਾ ਚਾਹੁੰਦਾ ਹੈ, ਜੋ ਸਿੱਖ ਇਹ ਚਾਹੁੰਦਾ ਹੈ ਕਿ ਕਿਸੇ ਲੁਕਵੇਂ ਖੋਟ ਦੇ ਕਾਰਨ ਉਸ ਨੂੰ ਗੁਰੂ ਦੇ ਸਾਹਮਣੇ ਅੱਖਾਂ ਨੀਵੀਆਂ ਨ ਕਰਨੀਆਂ ਪੈਣ (ਤਾਂ ਰਸਤਾ ਇਕੋ ਹੀ ਹੈ ਕਿ) ਉਹ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕੇ। ਸਿੱਖ ਗੁਰੂ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਥਾਂ ਦੇਵੇ, ਆਪਣੇ ਆਤਮਾ ਦੇ ਅੰਦਰ ਸੰਭਾਲ ਰੱਖੇ, ਆਪਾ ਭਾਵ ਛੱਡ ਕੇ ਸਦਾ ਗੁਰੂ ਦੇ ਆਸਰੇ, ਗੁਰੂ ਤੋਂ ਬਿਨਾ ਕਿਸੇ ਹੋਰ ਨੂੰ (ਆਪਣੇ ਆਤਮਕ ਜੀਵਨ ਦਾ, ਆਤਮਕ ਆਨੰਦ ਦਾ ਵਸੀਲਾ) ਨਾ ਸਮਝੇ। ਨਾਨਕ ਆਖਦਾ ਹੈ, ਹੇ ਸੰਤ ਜਨੋ! ਸੁਣੋ ਉਹ ਸਿੱਖ (ਹੀ) ਖਿੜੇ ਮੱਥੇ ਰਹਿ ਸਕਦਾ ਹੈ (ਉਸ ਦੇ ਹੀ ਅੰਦਰ ਆਤਮਕ ਖੇੜਾ ਹੋ ਸਕਦਾ ਹੈ, ਉਹੀ ਆਤਮਕ ਆਨੰਦ ਮਾਣ ਸਕਦਾ ਹੈ) ॥

**ਭਾਵ:-** ਉਹ ਮਨੁਖ ਖਿੜੇ ਮੱਥੇ ਰਹਿ ਸਕਦਾ ਹੈ, ਉਹ ਮਨੁੱਖ ਸਦਾ ਆਤਮਕ ਆਨੰਦ ਮਾਣ ਸਕਦਾ ਹੈ, ਜਿਹੜਾ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕਿਆ ਰਹਿੰਦਾ ਹੈ ਜਿਹੜਾ ਆਪਾ ਭਾਵ ਛੱਡ ਕੇ ਗੁਰੂ ਨੂੰ ਹੀ ਆਪਣਾ ਆਸਰਾ ਬਣਾਈ ਰੱਖਦਾ ਹੈ।

**ਮੁਕਤੇ ਲਫਜ਼ ਬਾਰੇ ਵੀਚਾਰ:-** ਮੁਕਤਾ ਕੌਣ ਹੈ? ਇਸ ਬਾਰੇ ਗੁਰਬਾਣੀ ਵਿਚ ਪੁਰਮਾਇਆ ਗਿਆ ਹੈ ਕਿ:-

**ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ (੧੧੫੩-੧੨, ਭੈਰਉ, ਮਃ ੧)**

**ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥ ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥ (੧੧੬-੧੧, ਮਾਝ, ਮਃ ੩)**

ਹਉਮੈ, ਵਿਕਾਰ, ਅਗਿਆਨਤਾ ਅਤੇ ਅਧਰਮ ਤੋਂ ਖਲਾਸੀ ਪਾ ਜਾਣ ਵਾਲਾ ਗੁਰਬਾਣੀ ਅਨੁਸਾਰ ਮੁਕਤਾ ਹੈ। ਮਾੜੀ ਅਵਸਥਾ ਤੋਂ ਰਹਿਤ ਹੋਣਾ ਹੀ ਮੁਕਤੇ ਦੀ ਅਵਸਥਾ ਹੈ। ਗੁਰਬਾਣੀ ਅਨੁਸਾਰ ਮਰਨ ਮੁਕਤੀ ਨਹੀਂ ਬਲਕਿ ਜੀਵਨ ਮੁਕਤੀ ਦਾ ਰਸਤਾ ਦੱਸਿਆ ਅਤੇ ਮੰਨਿਆਂ ਗਿਆ ਹੈ। ਇਤਿਹਾਸਕਾਰਾਂ ਦਾ ਵੀਚਾਰ ਹੈ ਕਿ ਖਿਦਰਾਣੇ ਦੀ ਢਾਬ ਤੇ ਸ਼ਹੀਦ ਹੋਣ ਵਾਲਿਆਂ ਨੂੰ ਸਤਿਗੁਰਾਂ ਨੇ ਮੁਕਤੇ ਲਫਜ਼ ਬਖਸ਼ਿਸ਼ ਕੀਤਾ। ਦਰਅਸਲ ਅਜਿਹਾ ਲਫਜ਼ ਸਤਿਗੁਰੂ ਜੀ ਵਲੋਂ ਵਰਤਿਆ ਜਾਣਾ ਇਕ ਖਿਤਾਬ ਅਤੇ ਸਨਮਾਨ ਦਾ ਪਰਤੀਕ ਹੈ ਇਸਦਾ ਸੰਬੰਧ ਮਰਨ ਮੁਕਤੀ ਨਾਲ ਨਹੀਂ ਹੈ। ਖੰਡੇ ਕੀ ਪਾਹੁਲ ਪ੍ਰਾਪਤ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਪੰਜ ਪਿਆਰੇ ਦਾ ਖਿਤਾਬ ਬਖਸ਼ਿਸ਼ ਕੀਤਾ ਸੀ। ਜਿਵੇਂ ਕੋਈ ਸਰਕਾਰ ਜਾਂ ਵੱਡੀ ਸੰਸਥਾ ਕਿਸੇ ਘਾਲਣਾ ਬਦਲੇ ਕੋਈ ਸਨਮਾਨ ਜਾਂ ਖਿਤਾਬ ਦਿਆ ਕਰਦੀ ਹੈ। ਗੁਰੂ ਜੀ ਦਾ ਆਪਣੇ ਮੁਖ ਤੋਂ ਖੁਸ਼ ਹੋ ਕੇ ਕਿਸੇ ਸਿਖ ਵਾਸਤੇ ਉਸਦੀ ਘਾਲਣਾ ਨੂੰ ਸਾਹਮਣੇ ਰੱਖ ਕੇ ਵਰਤਿਆ ਲਫਜ਼ ਸਿੱਖ ਨੂੰ ਖਿਤਾਬ ਰੂਪ ਵਿਚ ਵਰਤਿਆ ਜਾਂਦਾ ਸੀ। ਸੋ ਮੁਕਤਾ ਲਫਜ਼ ਗੁਰੂ ਜੀ ਵਲੋਂ ਸਨਮਾਨ ਅਤੇ ਖਿਤਾਬ ਦਾ ਪਰਤੀਕ ਹੈ। ਇਤਿਹਾਸ ਵਿਚ ਹੋਰ ਵੀ ਅਜਿਹਾ ਜ਼ਿਕਰ ਮਿਲਦਾ ਹੈ ਜਿਵੇਂ ਭਾਈ ਬਹਿਲੋ ਸਭ ਤੋਂ ਪਹਿਲੋਂ", ਭਾਈ ਪਾਰੋ ਨੂੰ ਪਰਮਹੰਸ, ਮਸੰਦ, ਮੰਜੀਦਾਰ ਆਦਿ।

**ਸ਼ਹੀਦਾਂ ਦਾ ਅਸਥਾਨ :** ਇਸ ਜੰਗ ਤੋਂ ਕੁਝ ਚਿਰ ਪਿਛੋਂ ਪਿੰਡ ਹਰੀਕੇ ਕਲਾਂ ਦੇ ਗੁਰਸਿਖ ਭਾਈ ਲੰਗਰ ਸਿੰਘ ਨੇ ਇਥੇ ਇਕ ਥੜ੍ਹਾ ਸ਼ਹੀਦਾਂ ਦੀ ਯਾਦ ਵਿਚ ਬਣਵਾਇਆ ਜਿਥੇ ਉਸੇ ਦਿਨ ਤੋਂ 29 ਦਸੰਬਰ 1725 ਤੋਂ ਸਹੀਦਾਂ ਦੇ ਪ੍ਰਵਾਰ ਅਤੇ ਹੋਰ ਸੰਗਤਾਂ ਅਰਦਾਸ ਵਿਚ ਪੁੱਜਣ ਲੱਗ ਪਈਆਂ ਤੇ ਇਵੇਂ ਇਥੇ ਚਾਲ੍ਹੀ ਮੁਕਤਿਆਂ ਦੀ ਯਾਦ ਵਿਚ ਸਾਲਾਨਾ ਜੋੜ ਮੇਲਾ ਹੋਣਾ ਅਰੰਭ ਹੋ ਗਿਆ।

**ਸ਼ਹੀਦ ਸਿੰਘਾਂ ਦੇ ਨਾਂ**

ਭਾਵੇਂ ਕਿ ਇਸ ਜੰਗ ਵਿਚ ਹੋਰ ਵੀ ਗੁਰੂ ਕੇ ਪਿਆਰੇ ਸਿੱਖ ਜੂਝੇ ਅਤੇ ਸ਼ਹੀਦ ਹੋਏ ਸਨ ਪਰ ਲੇਖਣੀ ਵਿਚ ਕੇਵਲ ਮਾਝੇ ਤੋਂ ਆਉਣ ਵਾਲੇ ਸਿਖਾਂ ਦੇ ਜਥੇ ਦਾ ਹੀ ਖਾਸ ਜ਼ਿਕਰ ਮਿਲਦਾ ਹੈ। ਫਿਰ ਵੀ ਬਾਕੀ ਸਿੱਖ ਅਤੇ ਗੁਰੂ ਜੀ ਵੀ ਇਸ ਜਥੇ ਦੀ ਮੈਦਾਨਿ ਜੰਗ ਵਿਚ ਪੂਰੀ ਮਦਦ ਕਰਦੇ ਰਹੇ ਸਨ। ਮੁਕਤਸਰ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੇ ਨਾਂ ਇਸ ਪ੍ਰਕਾਰ ਹਨ:-

1.ਰਾਇ ਸਿੰਘ ਮੁਲਤਾਨੀ (ਪਿੰਡ ਮਰਲ ਮਾੜੀ ਦਾ ਰਹਿਣ ਵਾਲਾ ਸੀ) ਲਿਖਤ ਇਸ ਨੇ ਪੜਵਾਈ ਸੀ। ਸਿੰਘ ਸਾਗਰ ਪੁਸਤਕ ਦਾ ਕਰਤਾ ਬੀਰ ਸਿੰਘ ਬਲ ਵੀ ਇਸੇ ਦਾ ਹੀ ਜ਼ਿਕਰ ਕਰਦਾ ਹੈ। ਇਸਦੇ 12 ਪੁਤਰ ਸਨ। ਜਿਨ੍ਹਾਂ ਵਿਚੋਂ ਮਹਾਂ ਸਿੰਘ ਤੇ ਸੀਤਲ ਸਿੰਘ ਦੋ ਤਾਂ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਏ ਸਨ।ਆਪ ਭਾਈ ਸਾਹਿਬ ਭਾਈ ਮਨੀ ਸਿੰਘ ਦੇ ਛੋਟੇ ਭਰਾ ਸਨ।

2. ਮਹਾਂ ਸਿੰਘ 3.ਸੀਤਲ ਸਿੰਘ (ਮਹਾਂ ਸਿੰਘ ਤੇ ਸੀਤਲ ਸਿੰਘ ਦੋਵੇਂ ਰਾਇ ਸਿੰਘ ਦੇ ਪੁੱਤਰ ਸਨ ਅਤੇ ਭਾਈ ਮਨੀ ਸਿੰਘ ਦੇ ਸਕੇ ਭਤੀਜੇ ਸਨ। ਸਾਡੀਆਂ ਬਹੁਤੀਆਂ ਲਿਖਤਾਂ ਵਿਚ ਭਾਈ ਮਹਾਂ ਸਿੰਘ ਵਲੋਂ ਹੀ ਲਿਖਤ ਪੜਵਾਉਣ ਦਾ ਜ਼ਿਕਰ ਹੈ ਪਰ ਪੁਰਾਣੀਆਂ ਲਿਖਤਾਂ ਵਿਚ ਰਾਇ ਸਿੰਘ ਇਨ੍ਹਾਂ ਦੇ ਪਿਤਾ ਦਾ ਜ਼ਿਕਰ ਮਿਲਦਾ ਹੈ।)

4. ਸੁੰਦਰ ਸਿੰਘ 5. ਬੂੜ ਸਿੰਘ (ਸੁੰਦਰ ਸਿੰਘ ਤੇ ਇਸਦਾ ਪਿਤਾ ਬੂੜ ਸਿੰਘ (ਝੱਲੀਆਂ ਤਹਿ: ਕਸੂਰ ਜਿਲ੍ਹਾ ਲਾਹੌਰ) (ਬੂੜ ਸਿੰਘ ਦੇ ਤਿੰਨ ਪੁੱਤ ਸਨ- ਸੁੰਦਰ ਸਿੰਘ, ਵਸਾਵਾ ਸਿੰਘ ਤੇ ਕੁਇਰ ਸਿੰਘ। ਇਨ੍ਹਾਂ ਚੋਂ ਵਸਾਵਾ ਸਿੰਘ ਤੇ ਕੁਇਰ ਸਿੰਘ ਭਾਈ ਤਾਰਾ ਸਿੰਘ ਵਾਂ ਨਾਲ 1778 ਬਿ: ਮਾਘ ਵਦੀ ਚੌਥ ਨੂੰ ਪਿੰਡ ਵਾਂ ਵਿਖੇ ਮੋਮਨ ਖਾਂ ਨਾਲ ਹੋਈ ਜੰਗ ਵਿਚ ਸ਼ਹੀਦ ਹੋਏ।

6. ਭਾਗ ਸਿੰਘ 7. ਦਿਲਬਾਗ ਸਿੰਘ (ਭਾਗ ਸਿੰਘ ਤੇ ਦਿਲਬਾਗ ਸਿੰਘ ਦੋਵੇਂ ਭਰਾ (ਝਬਾਲ) ਭਾਈ ਲੰਗਾਹ ਦੇ ਭਰਾ ਪੇਰੋ ਸ਼ਾਹ ਦੀ ਬੰਸ ਵਿਚੋਂ ਸਨ। ਭਾਈ ਲੰਗਾਹ ਜੀ ਝਬਾਲ ਦੇ ਚੌਧਰੀ ਸਨ ਅਤੇ ਗੁਰੂ ਘਰ ਦੇ ਬੜੇ ਅਨਿੰਨ

ਸ਼ਰਧਾਲੂ ਸਨ। ਬੜੇ ਬਿਖਮ ਸਮਿਆਂ ਵਿਚ ਵੀ ਇਹ ਪਰਵਾਰ ਗੁਰੂ ਘਰ ਦੀ ਸਿਦਕ ਸਬਰ ਨਾਲ ਸੇਵਾ ਕਰਦਾ ਰਿਹਾ ਸੀ। ਭਾਈ ਭਾਗ ਸਿੰਘ ਤੇ ਦਿਲਬਾਗ ਸਿੰਘ ਮਾਈ ਭਾਗ ਕੌਰ ਦੇ ਸਕੇ ਭਰਾ ਸਨ।

8. ਨਿਧਾਨ ਸਿੰਘ 9. ਸੁਲਤਾਨ ਸਿੰਘ (ਸੁਲਤਾਨ ਸਿੰਘ ਤੇ ਨਿਧਾਨ ਸਿੰਘ ਵੜੈਚ ਦੋਵੇਂ ਭਾਈ ਦੇਸ ਰਾਜ ਦੇ ਪੁੱਤਰ ਅਤੇ ਆਪਸ ਵਿਚ ਸਕੇ ਭਾਈ ਸਨ ਇਨ੍ਹਾਂ ਵਿਚੋਂ ਭਾਈ ਨਿਧਾਨ ਸਿੰਘ ਜੀ ਮਾਈ ਭਾਗ ਕੌਰ ਦਾ ਪਤੀ ਸੀ।

10. ਘਰਬਾਰਾ ਸਿੰਘ 11. ਦਰਬਾਰਾ ਸਿੰਘ 12.ਗੰਡਾ ਸਿੰਘ---(ਇਹ ਤਿੰਨੋ ਸਿੰਘ ਹੀ ਮਾਈ ਭਾਗ ਕੌਰ ਦੇ ਚਾਚੇ ਤਾਏ ਦੇ ਪੁੱਤਰ ਸਨ ਅਤੇ ਝਬਾਲ ਦੇ ਰਹਿਣ ਵਾਲੇ ਸਨ)

13.ਕੇਸੋ ਸਿੰਘ 14. ਜਾਦੋ ਸਿੰਘ 15. ਕੀਰਤ ਸਿੰਘ 16. ਕ੍ਰਿਪਾਲ ਸਿੰਘ 17. ਨਿਹਾਲ ਸਿੰਘ 18. ਕੁਸ਼ਾਲ ਸਿੰਘ 19. ਸੁਹੇਲ ਸਿੰਘ 20. ਸੰਤ ਸਿੰਘ 21. ਮੱਜਾ ਸਿੰਘ 22. ਸੁਮੇਰ ਸਿੰਘ 23. ਸਾਧੂ ਸਿੰਘ 24. ਗੁਲਾਬ ਸਿੰਘ 25. ਹਰਸਾ ਸਿੰਘ 26. ਸੰਗਤ ਸਿੰਘ 27. ਹਰੀ ਸਿੰਘ 28. ਧੰਨਾ ਸਿੰਘ 29. ਲਛਮਣ ਸਿੰਘ 30. ਕਾਲਾ ਸਿੰਘ 31. ਭੰਗਾ ਸਿੰਘ 32. ਦਯਾਲ ਸਿੰਘ 33. ਸਰਜਾ ਸਿੰਘ 34. ਗਰਜਾ ਸਿੰਘ 35. ਜੋਗਾ ਸਿੰਘ 36. ਸੋਭਾ ਸਿੰਘ 37. ਕਰਨ ਸਿੰਘ 38. ਧਰਮ ਸਿੰਘ 39. ਚੰਬਾ ਸਿੰਘ 40. ਭੋਲਾ ਸਿੰਘ (ਇਹ ਸਾਰੇ ਨਾਂ ਪਿਆਰਾ ਸਿੰਘ ਪਦਮ ਜੀ ਦੀ ਪੁਸਤਕ ਗੋਬਿੰਦ ਸਾਗਰ ਅਨੁਸਾਰ ਹਨ)

**ਮੁਕਤਸਰ ਦੀ ਜੰਗ ਦਾ ਸਮਾਂ:** ਮੁਕਤਸਰ ਦੀ ਜੰਗ ਕਦੋਂ ਹੋਈ ਇਸ ਬਾਰੇ ਕਈ ਲਿਖਾਰੀਆਂ ਨੇ ਇਸ ਜੰਗ ਦਾ ਸਮਾਂ ਵੈਸਾਖ ਦਾ ਲਿਖਿਆ ਹੈ। ਇਸ ਬਾਰੇ ਪ੍ਰਮੁੱਖ ਦਲੀਲ ਇਹੋ ਹੀ ਦਿੱਤੀ ਜਾਂਦੀ ਰਹੀ ਹੈ ਕਿ ਖਿਦਰਾਣੇ ਦੀ ਉਹ ਢਾਬ ਜੋ ਪਾਣੀ ਨਾਲ ਭਰੀ ਸੀ ਉੱਪਰ ਗੁਰੂ ਜੀ ਕਾਬਜ਼ ਸਨ ਅਤੇ ਸਰਹੰਦ ਦੀ ਫੌਜ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਇਸ ਕਾਰਨ ਸਰਹੰਦ ਦੀ ਫੌਜ ਨੂੰ ਉਥੋਂ ਪਿੱਛੇ ਜਾਣਾ ਪਿਆ। ਮੁਕਤਸਰ ਦੀ ਜੰਗ ਦੇ ਸਮੇਂ ਬਾਰੇ ਡਾ.ਗੰਡਾ ਸਿੰਘ ਜੀ ਗੁਰ ਸੋਭਾ ਦੀ ਭੂਮਿਕਾ ਵਿਚ ਪੰਨਾ 57 ਤੇ ਸਾਰੇ ਪੁਰਾਤਨ ਸ੍ਰੋਤਾਂ ਦੇ ਆਧਾਰ ਤੇ ਲਿਖਦੇ ਹਨ : ਇਹ ਜੰਗ 30 ਪੋਹ ਸੰਮਤ 1762 (29 ਦਸੰਬਰ 1705 ਈ:) ਮਾਘ ਵਦੀ 10 ਲੋਹੜੀ ਦੇ ਦਿਨ ਹੋਈ। ਅਗਲੇ ਦਿਨ ਮਾਘੀ ਮਾਘ ਦੀ ਸੰਗਰਾਂਦ ਸੀ ਜਿਸ ਦਿਨ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਦੇਸਾ ਸਿੰਘ ਭੱਟ ਵਹੀ ਤਲੌਂਢਾ, ਕੋਇਰ ਸਿੰਘ ਦੇ ਗੁਰਬਿਲਾਸ ਪਾ:10, ਸੁੱਖਾ ਸਿੰਘ ਦੇ ਗੁਰਬਿਲਾਸ ਪਾ:10, ਸਰੂਪ ਸਿੰਘ ਗੁਰੂ ਕੀਆਂ ਸਾਖੀਆਂ, ਵੀਰ ਸਿੰਘ ਬਲ ਦੇ ਸਿੰਘ ਸਾਗਰ, ਸੰਤੋਖ ਸਿੰਘ ਦੇ ਸ੍ਰੀ ਗੁਰ ਪਰਤਾਪ ਸੂਰਜ ਗ੍ਰੰਥ ਸੂਰਜ ਪ੍ਰਕਾਸ਼ ਵਿਚ ਮਾਘ ਦੀ ਸੰਗਰਾਂਦ ਦਿੱਤਾ ਹੋਇਆ ਹੈ ਜੋ ਕਿ ਸਸਕਾਰ ਦਾ ਦਿਨ ਹੈ। ਫਿਰ ਆਪ 58 ਪੰਨੇ ਤੇ ਲਿਖਦੇ ਹਨ:- ਦੌਰੇ ਦੀ ਸਾਖੀ (ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਪੰਨਾ 116 ਦੀ ਸਾਖੀ 105), ਸੁਖਾ ਸਿੰਘ ਕ੍ਰਿਤ ਗੁਰਬਿਲਾਸ, ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ੍ ਦਮਦਮਾ ਸਾਹਿਬ 9 ਮਹੀਨੇ 9 ਦਿਨ ਰਹੇ ਸਨ ਅਤੇ ਇਥੋਂ ਕਤਕ ਸੁਦੀ 5 (29 ਕਤਕ ਸੰਮਤ 1763 ਬਿ:) 30 ਅਕਤੂਬਰ 1706 ਈ: ਦੱਖਣ ਕੂਚ ਕੀਤਾ। ਪਿਛੇ ਨੂੰ ਗਿਣਤੀ ਕੀਤਿਆਂ ਇਸ ਲੇਖੇ ਮੁਕਤਸਰ ਦਾ ਜੁੱਧ ਲੋਹੜੀ-ਮਾਘੀ ਸਮਮਤ 1762 ਨੂੰ ਬਿਲਕੁਲ ਠੀਕ ਬੈਠਦਾ ਹੈ ਜਦੋਂ ਕਿ 29-30 ਦਸੰਬਰ ਸੰਨ 1705 ਸੀ। ਗੁਰੂ ਸਾਹਿਬ ਦਮਦਮਾ ਸਾਹਿਬ 20-21 ਜਨਵਰੀ 1705 ਈ; ਨੂੰ ਪੁੱਜੇ ਹੋਣਗੇ। 31 ਦਸੰਬਰ ਤੋਂ 21 ਜਨਵਰੀ ਤਕ 21-22 ਦਿਨ ਮੁਕਤਸਰੋਂ ਦਮਦਮੇ ਸਾਹਿਬ ਤਕ ਸਫਰ ਵਿਚ ਲੱਗ ਗਏ ਹੋਣੇ ਹਨ। ਕਾਂ ਦੀ ਉਡਾਰੀ ਸਿਧਾ ਪੰਧ 48 ਕੁ ਮੀਲ ਹੈ, ਛੋਟੇ ਛੋਟੇ ਪੜਾਉ ਕਰਦੇ ਅਤੇ ਰਾਹ ਵਿਚ ਲੋੜ ਅਨੁਸਾਰ ਠਹਿਰਦੇ ਜਾਣ ਨਾਲ ਇੰਨੇ ਕੁ ਦਿਨ ਤਾਂ ਲੱਗ ਹੀ ਜਾਣੇ ਸਨ।

ਵੈਸਾਖ ਵਿਚ ਇਹ ਜੰਗ ਹੋਈ ਇਹ ਗੱਲ ਕਿਵੇਂ ਪ੍ਰਚਲਤ ਹੋ ਗਈ? ਇਸ ਬਾਰੇ ਵੀ ਡਾ. ਗੰਡਾ ਸਿੰਘ ਜੀ ਪੰਨਾ 57-58 ’ਤੇ ਲਿਖਦੇ ਹਨ:

ਗਿ: ਗਿਆਨ ਸਿੰਘ ਨੇ ਪਹਿਲਾਂ ਆਪਣੀ ਕ੍ਰਿਤ ਤਵਾਰੀਖ ਗੁਰੂ ਖਾਲਸਾ ਅਤੇ ਪੰਥ ਪਰਕਾਸ਼ ਵਿਚ ਮੁਕਤਸਰ ਦੇ ਜੁੱਧ ਦੀ ਤਾਰੀਖ ਬਸਾਖ ਦਿੱਤੀ ਸੀ ਪਰ ਸੰਮਤ ਕਿਧਰੇ 1761 (ਦੂਜੀ ਵਾਰ ਪੰਨਾ 226) ਅਤੇ ਕਿਧਰੇ 1762 (ਛੇਵੀਂ ਬਾਰ ਪੰਨਾ 279) ਦਿੱਤਾ ਹੋਇਆ ਸੀ। ਪਰ ਤਵਾਰੀਖ ਗੁਰੂ ਖਾਲਸਾ ਦੇ ਸੋਧੇ ਹੋਏ ਉਰਦੂ ਐਡੀਸ਼ਨ ਵਿਚ ਜੋ ਸਨ 1923 ਈ: ਵਿਚ ਪ੍ਰਕਾਸ਼ਤ ਹੋਇਆ ਸੀ, ਇਸ ਵਿਚ ਤਾਰੀਖ ਨੂੰ ਠੀਕ ਕਰ ਦਿੱਤਾ ਅਤੇ ਲਿਖਿਆ ਕਿ ਇਹ ਜੁੱਧ ਏਕਮ ਮਾਘ 1762 ਨੂੰ ਹੋਇਆ ਸੀ ( ਚੌਥੀ ਵਾਰ ਪੰਨਾ 187)।

ਇਸ ਦੇ ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਚਮਕੌਰ ਦੀ ਹਵੇਲੀ ਵਿਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ ਸਨ ਜਿਥੋਂ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂਆਂ ਨੇ ਗੁਰੂ ਜੀ ਨੂੰ ਉੱਚ ਦੇ ਪੀਰ ਦੇ ਰੂਪ ਵਿਚ ਅੱਗੇ ਪਹੁੰਚਾਇਆ ਸੀ। ਕਾਰਨ ਸ਼ਪੱਸ਼ਟ ਹੈ ਕਿ ਸਰਹੰਦੀ ਫੌਜਾਂ ਗੁਰੂ ਜੀ ਦੀ ਪੂਰੀ ਸੂਹ ਲਾਉਣ ਅਤੇ ਉਨ੍ਹਾਂ ਨੂੰ ਜੀਵਤ ਪਕੜਨ ਜਾਂ ਉਨ੍ਹਾਂ ਦੀ ਹੋਂਦ ਨੂੰ ਮਿਟਾਉਣ ਦਾ ਪੂਰਾ ਯਤਨ ਕਰ ਰਹੀਆਂ ਸਨ।ਇਹੀ ਫੌਜਾਂ ਸੂਹ ਪਤਾ ਲਾਉਂਦੀਆਂ ਖਿਦਰਾਣੇ ਦੀ ਢਾਬ ਤੇ ਜਾ ਪਹੁੰਚੀਆਂ ਸਨ ਜਿਥੇ ਭਾਰੀ ਜੰਗ ਹੋਇਆ। ਮੌਜੂਦਾ ਬਠਿੰਡੇ ਦਾ ਇਲਾਕਾ ਤਲਵੰਡੀ ਸਾਬੋ੍ ਦਾ ਕੇਂਦਰ ਮੁਲਤਾਨ ਦੇ ਪਰਗਣੇ ਅਧੀਨ ਸੀ ਜਿਸ ਕਾਰਨ ਸਰਹੰਦ ਦਾ ਨਵਾਬ ਇਸ ਇਲਾਕੇ ਵਿਚ ਸਿੱਧਾ ਦਖਲ ਨਹੀਂ ਸੀ ਦੇ ਸਕਦਾ। ਚੌਧਰੀ ਡੱਲਾ ਜੋ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਸੀ ਨੂੰ ਵਜ਼ੀਰ ਖਾਂ ਨੇ ਇਹ ਸੁਨੇਹਾ ਵੀ ਭੇਜਿਆ ਸੀ ਕਿ ਉਹ ਗੁਰੂ ਜੀ ਨੂੰ ਆਪਣੇ ਕੋਲ ਨਾ ਰੱਖੇ ਅਤੇ ਮੇਰੇ ਹਵਾਲੇ ਕਰ ਦੇਵੇ। ਭਾਈ ਡੱਲੇ ਨੇ ਵਜ਼ੀਰ ਖਾਂ ਦੀ ਇਸ ਬਦਨੀਤੀ ਭਰੀ ਸਲਾਹ ਦਾ ਬੁਰਾ ਹੀ ਨਹੀਂ ਸੀ ਮਨਾਇਆ ਸਗੋਂ ਮੋੜਵਾਂ ਤੇ ਠੋਕਵਾਂ ਉੱਤਰ ਵੀ ਦਿੱਤਾ ਸੀ। ਸੋ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ ਕਿ 6-7 ਮਹੀਨੇ ਦਾ ਸਮਾਂ ਗੁਰੂ ਜੀ ਇਸ ਇਲਾਕੇ ਵਿਚ ਠਹਿਰੇ ਹੋਣ। ਮੋਟੇ ਤੌਰ ’ਤੇ ਅਸੀਂ ਨਿੱਕੇ ਪੜਾਵਾਂ ਨੂੰ ਛੱਡਦਿਆਂ ਅਨੰਦਪੁਰ ਛੱਡਣ ਤੋਂ ਮੁਕਤਸਰ ਪਹੁੰਚਣ ਤਕ ਦੇ ਸਮੇਂ ਨੂੰ ਇਵੇਂ ਸਮਝ ਸਕਦੇ ਹਾਂ

ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਮੁਕਤਸਰ ਤਕ 6 ਪੋਹ 1762 ਅਨੰਦਪੁਰ ਸਾਹਿਬ, 7 ਪੋਹ ਸਿਰਸਾ ਰੋਪੜ, 8 ਪੋਹ ਚਮਕੌਰ ਸਾਹਿਬ, 9-12 ਪੋਹ ਮਾਛੀਵਾੜਾ, 14 ਪੋਹ ਅਜਨੇਰ, ਰਾਮਪੁਰ, 15 ਪੋਹ ਰਾਮਪੁਰ ਤੋਂ ਰਵਾਨਗੀ-ਕਨੇਚ, ਆਲਮਗੀਰ, 16 ਪੋਹ ਚਨਾਲੋਂ, ਮੋਹੀ, 17 ਪੋਹ ਹੇਹਰ ਤੋਂ ਚਲਕੇ ਰਾਏਕੋਟ ਪਹੁੰਚੇ, 18 ਪੋਹ ਰਾਏਕੋਟ ਠਹਿਰੇ, 19 ਪੋਹ ਲੰਮੇ ਜੱਟ ਪੁਰੇ, 20 ਪੋਹ ਮਧੇਅ, 20 ਪੋਹ ਰਾਤ ਭਦੌੜ ਠਹਿਰੇ, 21 ਪੋਹ ਦੀਨੇ, 22 ਪੋਹ ਦਇਆ ਸਿੰਘ ਤੇ ਧਰਮ ਸਿੰਘ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲਣ ਗਏ, 26 ਪੋਹ ਭਗਤਾ ਠਹਿਰੇ, 27 ਪੋਹ ਬਰਗਾਣੀ, ਬਹਿਬਲ, ਸਰਾਣਾ, 28 ਪੋਹ ਕੋਟਕਪੂਰਾ, ਢਿਲਵਾਂ ਠਹਿਰੇ ਰਾਤ, 29 ਪੋਹ ਜੈਤ ਨਗਰ, ਰਾਮੇਆਣਾ ਠਹਿਰੇ, 30 ਪੋਹ ਰੂਪਿਆਣਾ ਤੇ ਖਿਦਰਾਣੇ ਦੀ ਢਾਬ ਤੇ ਜੰਗ, 1 ਮਾਘ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ।

**ਹਵਾਲੇ:-** ਗੁਰੂ ਦੇ ਸ਼ੇਰ ਡਾ. ਹਰਜਿੰਦਰ ਸਿੰਘ ਦਿਲਗੀਰ, ਗੋਬਿੰਦ ਸਾਗਰ ਪਿਆਰਾ ਸਿੰਘ ਪਦਮ, ਸਿਖ ਇਤਿਹਾਸ ਡਾ. ਗੰਡਾ ਸਿੰਘ ਤੇਜਾ ਸਿੰਘ, ਤਵਾਰੀਖ ਗੁਰੂ ਖਾਲਸਾ ਗਿ: ਗਿਆਨ ਸਿੰਘ, ਗੁਰ ਸੋਭਾ ਕਵੀ ਸੈਨਾ ਸਿੰਘ,ਗੁਰਬਿਲਾਸ ਪਾ 10 ਕੋਇਰ ਸਿੰਘ, ਸਿਖ ਇਤਿਹਾਸ ਦੇ ਸੋਮੇ ਪਹਿਲਾ ਭਾਗ ਗਿ: ਸੋਹਣ ਸਿੰਘ ਸੀਤਲ, ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਭੰਗੂ, ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ, ਇਤਿਹਾਸ ਵਿਚ ਸਿਖ ਸੰਗਤ ਸਿੰਘ।

-0-

# ਕਾਜ਼ੀ ਨੂਰ ਮੁਹੰਮਦ ਅਤੇ ਉਸਦਾ ਜੰਗਨਾਮਾ

-ਰਣਜੀਤ ਸਿੰਘ ( ਸੇਵਾ ਮੁਕਤ ਹੈੱਡਮਾਸਟਰ) # 99155-15436

ਅਹਿਮਦਸ਼ਾਹ ਅਬਦਾਲੀ ਨੇ ਸੰਨ 1764 ਦੇ ਅਖੀਰ ਵਿੱਚ ਹਿੰਦੋਸਤਾਨ ਤੇ ਸੱਤਵੇਂ ਹਮਲੇ ਦੀ ਯੋਜਨਾ ਬਣਾਈ ਤਾਂ ਉਸ ਨੇ ਬਲੋਚਿਸਤਾਨ ਦੀ ਇੱਕ ਰਿਆਸਤ ਕਲਾਤ ਦੇ ਹਾਕਮ ਮੁਹੰਮਦ ਨਸੀਰ ਖਾਨ ਨੂੰ ਆਪਣੇ ਨਾਲ ਚੱਲਣ ਲਈ ਕਿਹਾ। ਨਸੀਰ ਖਾਨ ਸਿੱਖਾਂ ਦਾ ਕੱਟੜ ਦੁਸ਼ਮਣ ਸੀ ਤੇ ਉਹ ਸਿੱਖਾਂ ਨਾਲ ਨਫ਼ਰਤ ਕਰਦਾ ਸੀ ਅਤੇ ਇਸ ਮੌਕੇ ਦੀ ਭਾਲ ਵਿੱਚ ਸੀ ਕਿ ਮੈਂ ਕਦੋਂ ਇਹਨਾਂ ਦਾ ਖੁਰਾ ਖੋਜਾ ਮਿਟਾ ਦੇਵਾਂ। ਇਸ ਲਈ ਉਹ ਸੁਣਦੇ ਸਾਰ ਹੀ ਸਿੱਖਾਂ ਨੂੰ ਕੁਚਲਣ ਲਈ ਅਬਦਾਲੀ ਦੇ ਨਾਲ ਆਪਣੀ ਫੌਜ ਸਮੇਤ ਜਾਣ ਲਈ ਤਿਆਰ ਹੋ ਗਿਆ। ਜਦੋਂ ਮੁਹੰਮਦ ਨਸੀਰ ਖਾਨ ਕਲਾਤ ਤੋਂ ਚੱਲਿਆ ਤਾਂ ਰਸਤੇ ਵਿੱਚ ਵੱਖ ਵੱਖ ਗੋਤਾਂ ਦੇ ਬਰੂਹੀ ਬਲੋਚ ਉਸ ਦੇ ਨਾਲ ਰਲਦੇ ਗਏ। ਅਹਿਮਦਸ਼ਾਹ ਅਬਦਾਲੀ ਪਠਾਨ ਸੀ ਤੇ ਨਸੀਰ ਖਾਨ ਬਰੂਹੀ ਗੋਤ ਦਾ ਸੀ। ਨਸੀਰ ਖਾਨ ਆਪਣੇ ਲਸ਼ਕਰ ਸਮੇਤ ਗੰਜਾਬੇ ਪਹੁੰਚਿਆ।ਕਾਜ਼ੀ ਨੂਰ ਮੁਹੰਮਦ ਗੰਜਾਬੇ ਦਾ ਰਹਿਣ ਵਾਲਾ ਸੀ। ਬਲੋਚੀ ਫੌਜ ਦਾ ਜੋਸ਼ ਵੇਖ ਕੇ ਕਾਜੀ ਨੂਰ ਮੁਹੰਮਦ ਜੋ ਸਿੱਖਾਂ ਦਾ ਅੱਤ ਦਰਜੇ ਦਾ ਵੈਰੀ ਸੀ ਨੂੰ ਵੀ ਗਾਜ਼ੀ ਬਣਨ ਦਾ ਚਾਅ ਪੈਦਾ ਹੋ ਗਿਆ। ਨਸੀਰ ਖਾਨ ਨੇ ਕਾਜ਼ੀ ਨੂੰ ਕਿਹਾ ਕਿ ਤੂੰ ਸਾਡੇ ਲਸ਼ਕਰ ਦੇ ਨਾਲ ਹੀ ਚੱਲ ਤੇ ਸਾਡੀ ਬਹਾਦਰੀ ਦੀ ਦਾਸਤਾਨ ਨੂੰ ਇੱਕ ਲੰਬੀ ਕਵਿਤਾ ਵਿੱਚ ਨਸ਼ਰ ਕਰੀਂ। ਕਾਜ਼ੀ ਕਹਿਣ ਲੱਗਾ ਕਿ ਮੈਂ ਤੁਹਾਡੀ ਬਹਾਦਰੀ ਦੇ ਕਾਰਨਾਮੇ ਤਾਂ ਜ਼ਰੂਰ ਲਿਖ ਦਿਆਂਗਾ ਪਰ ਮੈਨੂੰ ਇਸ ਦੇ ਬਦਲੇ ਜਿੱਥੇ ਮੈਂ ਗੰਜਾਬੇ ਦਾ ਕਾਜ਼ੀ ਹਾਂ ਉਥੇ ਮੈਨੂੰ ਸ਼ਿਕਾਰਪੁਰ, ਡੇਰਾ ਇਜ਼ਰਾਈਲ ਅਤੇ ਡੇਰਾ ਗਾਜ਼ੀਖਾਨ ਦਾ ਕਾਜ਼ੀ ਵੀ ਥਾਪ ਦੇਣਾ। ਇਸ ਵਕਤ ਤੱਕ ਕਾਜ਼ੀ ਨੂਰ ਮੁਹੰਮਦ ਦੀ ਉਮਰ ਪੰਜਾਹ ਵਰ੍ਹਿਆਂ ਤੋਂ ਟੱਪ ਚੁੱਕੀ ਸੀ। ਉਸ ਦੀ ਦਾੜ੍ਹੀ ਚਿੱਟੀ ਹੋ ਚੁੱਕੀ ਸੀ। ਕਾਜੀ ਨੂਰ ਮੁਹੰਮਦ ਦਾ ਬਾਪ ਕਾਜ਼ੀ ਅਬਦੁਲ ਕਿਲਵਾੜ ਵਾਸੀ ਗੰਜਾਬੇ (ਬਲੋਚਿਸਤਾਨ) ਦੇ ਰਹਿਣ ਵਾਲਾ ਸੀ। ਕਾਜ਼ੀ ਨੂਰ ਮੁਹੰਮਦ ਇਹ ਵਹਿਦਾ ਲੈ ਕੇ ਅਬਦਾਲੀ ਵੱਲੋਂ ਕੀਤੇ ਜਾ ਰਹੇ ਭਾਰਤ ਉਪਰ ਸੱਤਵੇਂ ਹਮਲੇ ਵਿੱਚ ਜਾਣ ਲਈ ਤਿਆਰ ਹੋ ਗਿਆ।

ਅਹਿਮਦਸ਼ਾਹ ਅਬਦਾਲੀ ਸਿੱਖਾਂ ਦੀ ਤਾਕਤ ਪਹਿਲਾਂ ਵੀ ਵੇਖ ਚੁੱਕਾ ਸੀ ਕਿ ਭਾਂਵੇ ਇਹ ਗਿਣਤੀ ਵਿੱਚ ਘੱਟ ਹਨ ਪਰ ਹਾਰਣ ਵਾਲੇ ਨਹੀਂ ਹਨ। ਇਸ ਲਈ ਉਸਨੇ ਵੱਧ ਤੋਂ ਵੱਧ ਫੌਜੀ ਤਾਕਤ ਹਾਸਲ ਕਰਨ ਲਈ ਜਹਾਦ ਦਾ ਨਾਹਰਾ ਮਾਰਿਆ। 1764 ਦੇ ਅਖੀਰ ਵਿੱਚ ਅਬਦਾਲੀ ਆਪਣੀ 18000 ਫੌਜ ਲੈ ਕੇ ਕੰਧਾਰ ਤੋਂ ਰਵਾਨਾ ਹੋਇਆ। ਨਸੀਰ ਖਾਨ ਆਪਣੀ 12000 ਫੌਜ ਲੈ ਕੇ ਕਲਾਤ ਤੋਂ ਚੱਲ ਪਿਆ। ਕਾਜ਼ੀ ਨੂਰ ਮੁਹੰਮਦ ਪ੍ਰਸਿੱਧ ਇਤਿਹਾਸਕਾਰ ਵੀ ਯੁੱਧ ਦਾ ਅੱਖੀਂ ਡਿੱਠਾ ਹਾਲ ਲਿਖਣ ਦੇ ਮਨੋਰਥ ਨਾਲ ਨਸੀਰ ਖਾਨ ਦੇ ਨਾਲ ਚੱਲ ਪਿਆ। ਰਸਤੇ ਵਿੱਚ ਕਾਜ਼ੀ ਨੂਰ ਮੁਹੰਮਦ ਨੇ ਚਨਿਓਟ ਸ਼ਹਿਰ ਜੋ ਅੱਜਕੱਲ ਪਾਕਿਸਤਾਨ ਵਿੱਚ ਹੈ, ਨੂੰ ਤਬਾਹ ਹੋਇਆ ਵੇਖਿਆ। ਇਸ ਸ਼ਹਿਰ ਨੂੰ ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ ਭੰਗੀ ਨੇ ਜਿੱਤਿਆ ਸੀ ਤੇ ਫਿਰ ਲੁੱਟ ਕੇ ਤਬਾਹ ਕੀਤਾ ਸੀ। ਇਸ ਸ਼ਹਿਰ ਨੂੰ ਲੁੱਟਿਆ ਵੇਖ ਕੇ ਕਾਜ਼ੀ ਨੂਰ ਮੁਹੰਮਦ ਸੜ ਬਲ ਗਿਆ ਤੇ ਸਿੱਖਾਂ ਨੂੰ ਲਾਹਨਤਾਂ ਪਾਉਣ ਲੱਗਾ। ਉਸ ਨੇ ਸਿੱਖਾਂ ਨੂੰ ਸੱਗ (ਕੁੱਤੇ), ਪਲੀਤ, ਬੁਤ ਪੂਜਕ ਅਤੇ ਅਧਰਮੀ ਸ਼ਬਦਾਂ ਨਾਲ ਸੰਬੋਧਤ ਕੀਤਾ। ਆਪਣੇ ਜੰਗ ਨਾਮੇ ਵਿੱਚ ਵੀ ਉਸ ਨੇ ਸਿੱਖਾਂ ਲਈ ਫਾਰਸੀ ਦਾ ਸ਼ਬਦ ਸੱਗ ਭਾਵ ਕੁੱਤਾ ਹੀ ਵਰਤਿਆ ਹੈ।

ਨਸੀਰ ਖਾਨ ਆਪਣੀ 12000 ਫੌਜ ਸਮੇਤ ਐਮਨਾਬਾਦ ਪਹੁੰਚਿਆ ਜਿੱਥੇ ਅਬਦਾਲੀ ਆਪਣੀ 18000 ਫੌਜ ਨਾਲ ਪਹਿਲਾਂ ਹੀ ਡੇਰੇ ਲਾਈ ਬੈਠਾ ਸੀ। ਹੁਣ ਅਬਦਾਲੀ ਕੋਲ ਟਾਕਰੇ ਲਈ 30,000 ਫੌਜ ਸੀ। ਅਬਦਾਲੀ ਆਪਣੀ ਫੌਜ ਸਮੇਤ ਰਾਵੀ ਦਰਿਆ ਪਾਰ ਕਰਕੇ ਲਾਹੌਰ ਪਹੁੰਚਿਆ। ਨਸੀਰ ਖਾਨ ਅਗਲੇ ਦਿਨ ਲਾਹੌਰ ਪਹੁੰਚਿਆ ਪਰ ਸਿੱਖਾਂ ਨੇ ਉਸ ਦੇ ਫੌਜੀ ਦਸਤੇ ਤੇ ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਸ੍ਰ: ਚੜ੍ਹਤ ਸਿੰਘ ਦੀ ਅਗਵਾਈ ਵਿੱਚ ਹਮਲਾ ਕਰ ਦਿੱਤਾ। ਇਸ ਹਮਲੇ ਦਾ ਅੱਖੀ ਡਿੱਠਾ ਹਾਲ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗ ਨਾਮੇ ਵਿੱਚ ਲਿਖਿਆ। ਈਰਖਾ ਵੱਸ ਉਹ ਸ. ਚੜ੍ਹਤ ਸਿੰਘ ਨੂੰ ਆਪਣੇ ਜੰਗ ਨਾਮੇ ਵਿੱਚ ਚੜ੍ਹਤੂ ਹੀ ਲਿਖਦਾ ਹੈ। ਇਸ ਤੋਂ ਬਾਦ ਅਬਦਾਲੀ ਤੇ ਨਸੀਰ ਖਾਨ 30,000 ਫੌਜ ਸਮੇਤ ਅੰਮ੍ਰਿਤਸਰ ਪਹੁੰਚੇ। ਸਿੱਖ ਉਸ ਵਕਤ ਅੰਮ੍ਰਿਤਸਰ ਵਿੱਚ ਨਹੀਂ ਸਨ। ਅਕਾਲ ਬੁੰਗੇ (ਅਕਾਲ ਤਖਤ) ਵਿਖੇ ਬਾਬਾ ਗੁਰਬਖਸ਼ ਸਿੰਘ ਦੀ ਅਗਵਾਈ ਵਿੱਚ ਕੇਵਲ ਤੀਹ ਸਿੰਘ ਸਨ ਜਿਹਨਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਬਦਾਲੀ ਦੀ ਤੀਹ ਹਜ਼ਾਰ ਫੌਜ ਨਾਲ ਡੱਟ ਕੇ ਮੁਕਾਬਲਾ ਕੀਤਾ ਤੇ ਸਾਰੇ ਤੀਹ ਸਿੰਘ ਹਜ਼ਾਰਾਂ ਅਬਦਾਲੀ ਦੇ ਫੌਜੀਆਂ ਨੂੰ ਮਾਰਣ ਤੋਂ ਬਾਦ ਸ਼ਹੀਦ ਹੋ ਗਏ। ਇਸ ਜੰਗ ਨੂੰ ਵੇਖ ਕੇ ਕਾਜ਼ੀ ਨੂਰ ਮੁਹੰਮਦ ਜੋ ਸਿੱਖਾਂ ਲਈ ਸੱਗ, ਪਲੀਤ ਅਤੇ ਕਾਫ਼ਰ ਆਦਿ ਸ਼ਬਦ ਵਰਤਦਾ ਹੈ, ਸਿੱਖਾਂ ਦੀ ਬਹਾਦਰੀ ਵੇਖ ਕੇ ਇਹ ਲਿਖਣ ਲਈ ਮਜਬੂਰ ਹੋ ਗਿਆ। "ਇਹਨਾਂ ਨੂੰ ਸੱਗ (ਕੁੱਤੇ) ਨਾ ਕਹੋ ਇਹ ਸ਼ੇਰ ਹਨ। ਜੰਗ ਦੇ ਮੈਦਾਨ ਵਿੱਚ ਇਹ ਬੱਬਰ ਸ਼ੇਰ ਹਨ। ਜੋ ਮਨੁੱਖ ਜੰਗ ਦੇ ਮੈਦਾਨ ਵਿੱਚ ਸ਼ੇਰਾਂ ਵਾਂਗ ਗਜਦੇ ਹਨ ਉਹਨਾਂ ਨੂੰ ਸੱਗ ਕਿਵੇਂ ਕਿਹਾ ਜਾ ਸਕਦਾ ਹੈ। ਜੇ ਕੋਈ ਜੰਗ ਦੀ ਕਲਾ ਸਿਖਣੀ ਚਾਹੇ ਤਾਂ ਇਹਨਾਂ ਸ਼ੇਰਾਂ ਕੋਲੋਂ ਸਿੱਖ ਲਵੇ। ਇਹ ਦੁਸ਼ਮਣ ਅੱਗੇ ਹਿੱਕ ਤਾਣ ਕੇ ਲੜਦੇ ਹਨ ਤੇ ਆਪਣੇ ਆਪ ਨੂੰ ਬਚਾਉਂਦੇ ਹਨ। ਸਿੰਘ ਦਾ ਮਤਲਬ ਹੈ ਸ਼ੇਰ। ਇਹਨਾਂ ਨੂੰ ਸੱਗ ਕਹਿਣਾ ਬੇਇਨਸਾਫੀ ਹੈ।

ਅਕਾਲ ਬੁੰਗੇ ਵਿਖੇ ਹੋਈ ਝੜੱਪ ਤੋਂ ਬਾਦ ਅਬਦਾਲੀ ਲਾਹੌਰ ਤੋਂ ਬਟਾਲੇ, ਹੁਸ਼ਿਆਰਪੁਰ, ਰੋਪੜ ਅਤੇ ਪਿੰਜੌਰ ਤੋਂ ਹੁੰਦਾ ਹੋਇਆ ਕੁੰਜਪੁਰੇ (ਕਰਨਾਲ) ਪਹੁੰਚ ਗਿਆ ਪਰ ਉਸ ਵਿੱਚ ਇਹ ਹਿੰਮਤ ਨਾ ਪਈ ਕਿ ਦਿੱਲੀ ਵੀ ਜਾਵੇ ਕਿਉਂ ਕਿ ਸਿੱਖਾਂ ਨੇ ਦਿੱਲੀ ਨੂੰ ਪਹਿਲਾਂ ਹੀ ਘੇਰਾ ਪਾਇਆ ਹੋਇਆ ਸੀ। ਇਸ ਲਈ ਉਸ ਨੇ ਰੋਹਤਾਸ ਦੇ ਰਸਤੇ ਵਾਪਸ ਅਫਗਾਨਿਸਤਾਨ ਜਾਣ ਦਾ ਫੈਸਲਾ ਕੀਤਾ।

ਕਾਜ਼ੀ ਨੂਰ ਮੁਹੰਮਦ ਨੇ ਵਾਪਸ ਕਲਾਤ ਪਹੁੰਚ ਕੇ ਜੋ ਜੰਗਨਾਮਾ ਲਿਖਿਆ ਉਸ ਵਿੱਚ 55 ਅਧਿਆਇ ਹਨ। ਜੰਗ ਨਾਮਾ ਫਾਰਸੀ ਦਾ ਸ਼ਬਦ ਹੈ। ਜੰਗ ਦਾ ਅਰਥ ਹੈ ਲੜਾਈ ਅਤੇ ਨਾਮਾ ਦਾ ਭਾਵ ਹੈ ਵਾਰ (ਕਵਿਤਾ ਦਾ ਰੂਪ) ਇਸ ਜੰਗ ਨਾਮੇ ਰਾਹੀਂ ਇਤਿਹਾਸ ਦੀਆਂ ਬਹੁਤ ਸਾਰੀਆਂ ਕੁੰਡੀਆਂ ਖੁੱਲ੍ਹਦੀਆਂ ਹਨ। ਉਹ ਇਸ ਜੰਗ ਨਾਮੇ ਵਿੱਚ ਲਿਖਦਾ ਹੈ ਕਿ ਸਰਹਿੰਦ ਦੇ ਇਲਾਕੇ ਵਿੱਚ ਇੱਕ ਸਰਦਾਰ ਆਲਾ ਜੱਟ ਸੀ ਜੋ ਅਬਦਾਲੀ ਦਾ ਖੈਰ ਖੁਆਹ ਸੀ। ਜਦੋਂ ਅਬਦਾਲੀ ਸਰਹਿੰਦ ਵਿੱਚ ਸੀ ਤਾਂ ਉਸ ਨੇ ਆਲੇ ਜੱਟ ਨੂੰ ਸੱਦਾ ਭੇਜਿਆ ਉਹ ਕੁੱਝ ਤੋਹਫੇ ਲੈ ਕੇ ਅਬਦਾਲੀ ਕੋਲ ਹਾਜਰ ਹੋਇਆ। ਅਬਦਾਲੀ ਨੇ ਖੁਸ਼ ਹੋ ਕੇ ਉਸ ਨੂੰ ਸਰਹਿੰਦ ਦਾ ਇਲਾਕਾ ਸੌਂਪ ਦਿੱਤਾ। ਪਰ

ਅਸਲੀਅਤ ਇਹ ਵੀ ਸੀ ਕਿ ਗਰੂ ਮਾਰੀ ਸਰਹਿੰਦ ਨੂੰ ਕੋਈ ਸਿੱਖ ਲੈਣ ਲਈ ਤਿਆਰ ਨਹੀਂ ਸੀ। ਮੁਸਲਮਾਨ ਵੀ ਇਸ ਇਲਾਕੇ ਵਿੱਚ ਆਉਣ ਤੇ ਸਿੱਖਾਂ ਕੋਲੋਂ ਡਰਦੇ ਸਨ। ਇਹ ਆਲਾ ਜੱਟ ਬਾਬਾ ਆਲਾ ਸਿੰਘ ਹੀ ਸੀ। ਇਸ ਨੇ ਆਪਣਾ ਵਕੀਲ ਨਾਨੂ ਸਿੰਘ ਗਰੇਵਾਲ ਦਲ ਖਾਲਸਾ ਕੋਲ ਭੇਜਿਆ ਕਿ ਸਿੰਘ ਅਬਦਾਲੀ ਨਾਲ ਸਮਝੌਤਾ ਕਰ ਲੈਣ ਤੇ ਅਮਨ ਅਮਾਨ ਨਾਲ ਬੈਠਣ। ਖਾਲਸੇ ਨੇ ਅੱਗੋਂ ਜੁਆਬ ਭੇਜਿਆ ਕਿ ਅਬਦਾਲੀ ਲੁਟੇਰਾ ਤੇ ਧਾੜਵੀ ਹੈ। ਇਸ ਨਾਲ ਸਾਡਾ ਕੋਈ ਮੇਲ ਮਿਲਾਪ ਨਹੀਂ ਹੋ ਸਕਦਾ। ਸਾਨੂੰ ਤਾਂ ਸਤਿਗੁਰੂ ਜੀ ਨੇ ਪਹਿਲਾਂ ਹੀ ਪਾਤਸ਼ਾਹੀ ਬਖਸ਼ੀ ਹੋਈ ਹੈ। ਅਬਦਾਲੀ ਸਾਨੂੰ ਦੇਣ ਵਾਲਾ ਕੌਣ ਹੈ। ਇਸ ਲੁਟੇਰੇ ਨਾਲ ਗੱਲਬਾਤ ਤਾਂ ਜੰਗ ਦੇ ਮੈਦਾਨ ਵਿੱਚ ਹੀ ਹੋਵੇਗੀ। ਜੰਗ ਨਾਮੇ ਵਿੱਚ ਕਾਜੀ ਨੂਰ ਮੁਹੰਮਦ ਨੇ ਪੰਜਾਬ ਦੇ ਲੋਕਾਂ ਦਾ ਸੱਭਿਆਚਾਰ, ਰਹਿਣ ਸਹਿਣ ਤੇ ਖਾਣ ਪੀਣ ਦਾ ਢੰਗ, ਪੰਜਾਬ ਦੀ ਖੇਤੀ ਅਤੇ ਆਦਿ ਦਾ ਵਰਣਨ ਵੀ ਕੀਤਾ ਹੈ।

ਅਬਦਾਲੀ ਦੀ ਫੌਜ ਵੱਲੋਂ ਜੰਗ ਦੇ ਦੌਰਾਨ ਵਾਪਰੀਆਂ ਘਟਨਾਵਾਂ ਦਾ ਹਾਲ ਉਸ ਨੇ ਜੰਗ ਨਾਮੇ ਵਿੱਚ ਵਰਣਨ ਕੀਤਾ ਹੈ। ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੋ ਸ਼ੁਕਰ ਚਕੀਆ ਮਿਸਲ ਦੇ ਸਰਦਾਰ ਸਨ ਦੀ ਲਾਹੌਰ ਨੇੜੇ ਬਲੋਚਾਂ ਨਾਲ ਹੋਈ ਝੜਪ, ਅਕਾਲ ਬੁੰਗਾ (ਅੰਮ੍ਰਿਤਸਰ) ਵਿਖੇ ਭਾਈ ਗੁਰਬਖਸ਼ ਸਿੰਘ ਜੀ ਦੀ 30 ਸਾਥੀਆਂ ਸਮੇਤ ਹੋਈ ਸ਼ਹੀਦੀ ਦਾ ਜ਼ਿਕਰ ਵੀ ਹੈ। ਇਸ ਤੋਂ ਇਲਾਵਾ ਮਹਾਰਾਜਾ ਆਲਾ ਸਿੰਘ ਨੂੰ ਰਾਜਗੀ ਦਾ ਖਿਤਾਬ ਦੇਣਾ ਅਤੇ ਵਾਪਸੀ ਤੇ ਲਾਹੌਰ ਵੱਲੋਂ ਪਰਤਣ ਸਮੇਂ ਸਿੰਘਾਂ ਨੇ ਫਿਲੌਰ ਅਤੇ ਤਲਵਣ ਦੇ ਪੱਤਣ ਤੇ ਨਾਕਾ ਲਾ ਲੈਣਾ ਅਤੇ ਅਬਦਾਲੀ ਵੱਲੋਂ ਝਕਾਨੀ ਦੇ ਕੇ ਨਿੱਕਲ ਜਾਣ ਦਾ ਵਰਨਣ ਵੀ ਹੈ। ਖਾਲਸਾ ਫੌਜ ਨੇ ਫਿਰ ਅਬਦਾਲੀ ਨੂੰ ਜਾ ਕੇ ਘੇਰਿਆ ਅਤੇ ਬਿਸਤ ਦੁਆਬੇ ਵਿੱਚ ਕਈ ਦਿਨ ਉਸ ਨੂੰ ਚੰਗੀ ਟੱਕਰ ਦਿੱਤੀ। ਅੰਤ ਮਜਬੂਰ ਹੋ ਕੇ ਅਬਦਾਲੀ ਰੋਹਤਾਸ ਦੇ ਰਸਤੇ ਕਲਾਤ (ਆਪਣੇ ਦੇਸ਼) ਚਲਾ ਗਿਆ।

ਜੰਗ ਨਾਮੇ ਦੇ 41ਵੇਂ ਅਧਿਆਇ ਵਿੱਚ ਉਹ ਸਿੰਘਾਂ ਦੀ ਬਹਾਦਰੀ, ਲੜਾਈ ਤੇ ਦਾਓ ਪੇਚ ਅਤੇ ਸਿੰਘਾਂ ਦੇ ਉੱਚੇ ਤੇ ਸੁੱਚੇ ਚਾਲ ਚੱਲਣ ਦੀ ਰੱਜ ਕੇ ਤਰੀਫ ਕਰਦਾ ਹੈ। ਇੱਕ ਕੱਟੜ ਜਨੂੰਨੀ ਮੁਸਲਮਾਨ ਵੱਲੋਂ ਜੋ ਸਿੱਖਾਂ ਨੂੰ ਸੱਗ (ਕੁੱਤੇ) ਲਿਖਦਾ ਹੈ ਵੱਲੋਂ ਤਾਰੀਫ਼ ਕਰਨੀ ਸਿੱਖਾਂ ਲਈ ਫਖਰ ਦੀ ਗੱਲ ਹੈ। ਕਾਜ਼ੀ ਨੂਰ ਮੁਹੰਮਦ ਜੰਗਨਾਮੇ ਵਿੱਚ ਲਿਖਦਾ ਹੈ ਕਿ ਇਹਨਾਂ ਸਿੱਖਾਂ ਨੂੰ ਸੱਗ (ਕੁੱਤੇ) ਨਾਂ ਕਹੋ। ਇਹ ਸ਼ੇਰ ਹਨ। ਜਦੋਂ ਇਹ ਹੱਥ ਵਿੱਚ ਤਲਵਾਰ ਫੜਦੇ ਹਨ ਤਾਂ ਮਾਰੋ ਮਾਰ ਕਰਦੇ ਜਾਂਦੇ ਹਨ। ਜਦੋਂ ਇਹ ਨੇਜ਼ਾ ਫੜਦੇ ਹਨ ਤਾਂ ਦੁਸ਼ਮਣ ਦੀ ਫੌਜ ਵਿੱਚ ਭਾਜੜ ਪੈ ਜਾਂਦੀ ਹੈ। ਇਹ ਨੇਜੇ ਦੀ ਨੋਕ ਨੂੰ ਉੱਚਾ ਅਸਮਾਨ ਵੱਲ ਚੁੱਕਦੇ ਹਨ ਤਾਂ ਇਹ ਪਹਾੜ ਵੀ ਚੀਰ ਸੁੱਟਦੇ ਹਨ। ਜਦੋਂ ਇਹ ਕਮਾਨ ਦਾ ਚਿੱਲਾ ਚੜਾਉਂਦੇ ਹਨ ਤਾਂ ਦੁਸ਼ਮਣ ਥਰ ਥਰ ਕੰਬਣ ਲੱਗਦਾ ਹੈ। ਸਰੀਰ ਇਹਨਾਂ ਦਾ ਪਹਾੜ ਦਾ ਟੁਕੜਾ ਹੀ ਲੱਗਦਾ ਹੈ ਅਤੇ ਇੱਕ ਇੱਕ ਸੈਨਿਕ 50 ਸੈਨਿਕਾਂ ਜਿੰਨੀ ਤਾਕਤ ਰੱਖਦਾ ਹੈ। ਜਦੋਂ ਇਹ ਬੰਦੂਕ ਨੂੰ ਹੱਥ ਪਾਉਂਦੇ ਹਨ ਤਾਂ ਸ਼ੇਰਾਂ ਵਾਂਗੂੰ ਗਰਜਦੇ ਹੋਏ ਨਾਹਰੇ ਮਾਰਦੇ ਹਨ ਤੇ ਜੰਗ ਦੇ ਮੈਦਾਨ ਵਿੱਚ ਕਈਆਂ ਦੇ ਸਿਰ ਲਾਹ ਸੁੱਟਦੇ ਹਨ। ਇਹ ਅੱਗੇ ਚੱਲ ਕੇ ਲਿਖਦਾ ਹੈ ਕਿ ਮੈਨੂੰ ਲੱਗਦਾ ਹੈ ਕਿ ਪਿਛਲੇ ਜਮਾਨੇ ਵਿੱਚ ਬੰਦੂਕ, ਲੁਕਮਨ ਹਕੀਮ ਨੇ ਨਹੀਂ ਬਲਕਿ ਸੱਗਾਂ ਨੇ ਹੀ ਬਣਾਈ ਸੀ। ਇਸ ਗੱਲ ਦੀ ਗਵਾਹੀ ਇੱਥੋਂ ਹੀ ਮਿਲਦੀ ਹੈ ਕਿ 30 ਸਿੰਘਾਂ ਨੇ ਅਬਦਾਲੀ ਦੀ ਤੀਹ ਹਜਾਰ ਫੌਜ ਨਾਲ ਟੱਕਰ ਲਈ ਹੈ। ਲੜਾਈ ਵਿੱਚੋਂ ਭੱਜ ਜਾਣਾ ਵੀ ਇਹਨਾਂ ਦਾ ਇੱਕ ਦਾਅ ਪੇਚ ਹੈ। ਇਸ ਤਰ੍ਹਾਂ ਦੁਸ਼ਮਣ ਦੀ ਫੌਜ ਪਿੱਛੇ ਚਲੀ ਜਾਂਦੀ ਹੈ ਤੇ ਫਿਰ ਉਸ ਨੂੰ ਜਾ ਘੇਰਦੇ ਹਨ। ਨਸੀਰ ਖਾਨ ਇਸੇ ਚਾਲ ਵਿੱਚ ਹੀ ਫਸ ਗਿਆ ਸੀ। ਉਸ ਦੇ ਘੋੜੇ ਨੂੰ ਗੋਲੀ ਲੱਗੀ ਤੇ ਉਸ ਨੇ ਆਪ ਮਸਾਂ ਹੀ ਭੱਜ ਕੇ ਜਾਨ ਬਚਾਈ।

ਕਾਜ਼ੀ ਨੂਰ ਮੁਹੰਮਦ ਸਿੱਖਾਂ ਦੇ ਧਰਮ ਬਾਰੇ ਲਿਖਦਾ ਹੈ ਕਿ ਸਿੱਖ ਉਸ ਧਾਰਮਿਕ ਬਿਰਤੀ ਵਾਲੇ ਪੀਰ ਦੇ ਚੇਲੇ ਹਨ ਜੋ ਚੱਕ (ਅੰਬਰਸਰ) ਵਿੱਚ ਰਹਿੰਦਾ ਸੀ। ਉਸ ਤੋਂ ਪਿੱਛੋਂ ਉਹਨਾਂ ਦਾ ਗੱਦੀ ਨਸ਼ੀਨ ਗੋਬਿੰਦ ਸਿੰਘ ਹੋਇਆ ਹੈ ਜਿਸ ਨੇ ਸਿੱਖਾਂ ਨੂੰ ਸਿੰਘ ਦਾ ਖਿਤਾਬ ਦਿੱਤਾ ਹੈ। ਇਹ ਸੱਗ ਹਿੰਦੂਆਂ ਵਿੱਚੋਂ ਨਹੀਂ ਹਨ ਸਗੋਂ ਇਹਨਾਂ ਦਾ ਰਸਤਾ ਵੱਖਰਾ ਹੀ ਹੈ।ਸਿੱਖਾਂ ਦੇ ਉੱਚੇ ਤੇ ਸੁੱਚੇ ਚਾਲ ਚੱਲਣ ਦਾ ਵੀ ਕਾਜ਼ੀ ਨੂਰ ਮੁਹੰਮਦ ਨੇ ਜੰਗ ਨਾਮੇ ਵਿੱਚ ਵਰਣਨ ਕੀਤਾ ਹੈ।ਉਹ ਸਿੱਖਾਂ ਦੀ ਬਦਖੋਈ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ ਪਰ ਜਦੋਂ ਉਹ ਸਿੱਖਾਂ ਦੀ ਨਿਡਰਦਾ, ਦਲੇਰੀ, ਬਹਾਦਰੀ ਤੇ ਉੱਚੇ ਚਰਿੱਤਰ ਨੂੰ ਵੇਖਦਾ ਹੈ ਤਾਂ ਤਾਰੀਫ ਕਰਨੋਂ ਵੀ ਉਸ ਦੀ ਕਲਮ ਨਹੀਂ ਰੁਕਦੀ। ਇੱਕ ਘਟਨਾ ਨੇ ਕਾਜ਼ੀ ਨੂੰ ਮਜਬੂਰ ਹੀ ਕਰ ਦਿੱਤਾ ਕਿ ਸਿੱਖਾਂ ਦੇ ਉੱਚੇ ਤੇ ਸੁੱਚੇ ਜੀਵਨ ਤੇ ਜਰੂਰ ਲਿਖੇ। ਨਰਿੰਜਨ ਸਾਥੀ ਲਿਖਦਾ ਹੈ ਕਿ ਇੱਕ ਦਿਨ ਕਾਜ਼ੀ ਆਪਣੀ ਫੌਜ ਦੇ ਤੰਬੂਆਂ ਤੋਂ ਬਾਹਰ ਸੈਰ ਕਰ ਰਿਹਾ ਸੀ। ਅਚਾਨਕ ਸਿੱਖਾਂ ਦਾ ਇੱਕ ਜੱਥਾ ਜੈਕਾਰੇ ਗਜਾਉਂਦਾ ਹੋਇਆ ਨੰਗੀਆਂ ਤਲਵਾਰਾਂ ਲੈ ਕੇ ਤੰਬੂਆਂ ਤੇ ਹਮਲਾ ਕਰਨ ਲਈ ਚੱਲ ਪਿਆ। ਕਾਜ਼ੀ ਡਰ ਕੇ ਝਾੜੀਆਂ ਦੇ ਉਹਲੇ ਲੁਕ ਗਿਆ ਅਤੇ ਸਿੰਘਾਂ ਦੇ ਗੁਰੀਲਾ ਹਮਲੇ ਨੂੰ ਵੇਖਣ ਲੱਗ ਜਦੋਂ ਸਿੰਘ ਤਲਵਾਰਾਂ ਲਹਿਰਾਉਂਦੇ ਹੋਏ ਤੰਬੂਆਂ ਦੇ ਅੰਦਰ ਵੜੇ ਤਾਂ ਹੀਰੇ ਜਵਾਹਰਾਤਾਂ ਨਾਲ ਸ਼ਿੰਗਾਰੀਆਂ ਹੋਈਆਂ ਮੁਸਲਿਮ ਔਰਤਾਂ ਬੈਠੀਆਂ ਸਨ। ਕਾਜ਼ੀ ਨੇ ਸੋਚਿਆ ਕਿ ਸਿੰਘ ਉਹਨਾਂ ਦੇ ਗਹਿਣ ਲੁੱਟ ਕੇ ਇਹਨਾਂ ਨੂੰ ਬੇਖ਼ਪੱਤ ਕਰਨਗੇ। ਪਰ ਜਿਵੇਂ ਹੀ ਸਿੰਘਾਂ ਨੇ ਤੰਬੂ ਅੰਦਰ ਔਰਤਾਂ ਨੂੰ ਵੇਖਿਆ ਤਾਂ ਜੱਥੇਦਾਰ ਨੇ ਹੁਕਮ ਕੀਤਾ ਕਿ ਖਾਲਸਾ ਜੀ ਇਹ ਬੀਬੀਆਂ ਦਾ ਤੰਬੂ ਹੈ। ਇਹਨਾਂ ਨੂੰ ਕੁੱਝ ਨਹੀਂ ਕਹਿਣਾ ਤੇ ਸਾਰੇ ਬਾਹਰ ਨਿਕਲ ਜਾਉ। ਇਸ ਤਰ੍ਹਾਂ ਸਾਰੇ ਸਿੰਘ ਬਾਹਰ ਆ ਗਏ ਤਾਂ ਉਹਨਾਂ ਨੇ ਹੋਰ ਤੰਬੂਆਂ ਤੇ ਹਮਲਾ ਕਰਕੇ ਉੱਥੋਂ ਅਨਾਜ ਤੇ ਕਈ ਕਿਸਮ ਦੇ ਹਥਿਆਰ ਲੁੱਟ ਲਏ। ਕਾਜ਼ੀ ਨੂਰ ਮੁਹੰਮਦ ਇਸ ਘਟਨਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਆਪਣੇ ਜੰਗ ਨਾਮੇ ਵਿੱਚ ਸਿੰਘਾਂ ਦੇ ਉੱਚੇ ਤੇ ਸੁੱਚੇ ਚਰਿੱਤਰ ਦਾ ਵਰਣਨ ਇਸ ਤਰ੍ਹਾਂ ਕੀਤਾ।

ਲੁੱਟਣ ਸਮੇਂ ਇਹ ਕਿਸੇ ਔਰਤ ਦੇ ਗਹਿਣੇ ਗੱਟੇ ਤੇ ਨਕਦੀ ਨੂੰ ਹੱਥ ਤੱਕ ਨਹੀਂ ਲਾਉਂਦੇ। ਔਰਤ ਭਾਂਵੇ ਵੱਡੀ ਹੋਵੇ ਛੋਟੀ ਜਾਂ ਬਰਾਬਰ ਦੀ ਉਸ ਦਾ ਸਤਿਕਾਰ ਕਰਦੇ ਹਨ ਤੇ ਉਸ ਨੂੰ ਬੁੱਢੀਆਂ ਕਹਿ ਕੇ ਬੁਲਾਉਂਦੇ ਹਨ। ਇਹ ਚੋਰਾਂ ਤੇ ਵਿਭਚਾਰੀਆਂ ਦਾ ਸਾਥ ਨਹੀਂ ਦਿੰਦੇ। ਇਹਨਾਂ ਦੀ ਸਿਫ਼ਤ ਹੈ ਕਿ ਜੇਕਰ ਕੋਈ ਸੈਨਿਕ ਹਥਿਆਰ ਸੁੱਟ ਦਿੰਦਾ ਹੈ ਤਾਂ ਇਹ ਉਸੇ ਉਤੇ ਵਾਰ ਨਹੀਂ ਕਰਦੇ ਅਤੇ ਨਾ ਹੀ ਜੋ ਜੰਗ ਦੇ ਮੈਦਾਨ ਵਿੱਚੋਂ ਭੱਜ ਜਾਵੇ ਉਸ ਉਤੇ ਵਾਰ ਕਰਦੇ ਹਨ। ਅੱਗੇ ਕਾਜ਼ੀ ਲਿਖਦਾ ਹੈ ਕਿ ਇਹਨਾਂ ਦੇ ਨਿਰਾਲੇ ਪੰਥ ਦੇ ਬਾਨੀ ਬਾਬਾ ਨਾਨਕ ਦੇਵ ਹੋਏ ਹਨ। ਉਹਨਾਂ ਦੇ ਜਾਨ ਨਸ਼ੀਨ ਗੋਬਿੰਦ ਸਿੰਘ ਜੀ ਨੇ ਇਹਨਾਂ ਨੂੰ ਸਿੰਘ ਦੇ ਖਿਤਾਬ ਨਾਲ ਨਿਵਾਜਿਆ ਹੈ।

ਕਾਜ਼ੀ ਨੂਰ ਮੁਹੰਮਦ ਨੇ ਇਹ ਜੰਗ ਨਾਮਾ 1765 ਵਿੱਚ ਮੁਕੰਮਲ ਕਰਕੇ ਮੁਹੰਮਦ ਨਸੀਰ ਖਾਨ ਨੂੰ ਭੇਂਟ ਕੀਤਾ। ਕਾਜ਼ੀ ਨੂਰ ਮੁਹੰਮਦ, ਕਾਜੀ ਅਬਦੁਲਾ ਦਾ ਪੁੱਤਰ ਸੀ ਤੇ ਸ਼ਾਇਰ ਵਜੋਂ ਕਾਫ਼ੀ ਮਸ਼ਹੂਰ ਸੀ। ਨਸੀਰ ਖਾਨ ਬਲੋਚ ਦੇ ਪਿਤਾ ਮੀਰ ਅਬਦੁਲਾ ਖਾਨ ਨੇ ਵੀ ਪਹਿਲਾਂ ਕਾਜ਼ੀ ਨੂਰ ਮੁਹੰਮਦ ਨੂੰ ਇਤਿਹਾਸ ਲਿਖਣ ਵਾਸਤੇ ਕਿਹਾ ਸੀ ਪਰ ਅਬਦੁਲਾ ਖਾਨ ਦੇ ਮਰ ਜਾਣ ਕਰਕੇ ਇਹ ਇਤਿਹਾਸ ਲਿਖਿਆ ਨਾ ਜਾ ਸਕਿਆ। ਇਹ ਜੰਗ ਨਾਮਾ ਲਿਖਣ ਦੇ ਇਵਜ਼ ਵਜੋਂ ਮੁਹੰਮਦ ਨਸੀਰ ਖਾਨ ਬਲੋਚ ਨੇ ਆਪਣੇ ਵਾਹਿਦੇ ਮੁਤਾਬਕ ਕਾਜੀ ਨੂਰ ਮੁਹੰਮਦ ਨੂੰ ਸਿਕਾਰਪੁਰ ਤੇ ਡੇਰਾ ਗਾਜ਼ੀਖਾਨ ਦਾ ਕਾਜ਼ੀ ਥਾਪ ਦਿੱਤਾ। –0–

# ਸ਼ੇਰਿ ਪੰਜਾਬ ਦੇ ਪਹਿਲੇ ਸਮਾਚਾਰ ਤੇ ਉਸਦੀ ਜਾਨ ਲੈਣ ਦਾ ਯਤਨ

**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

ਮਹਾਰਾਜਾ ਰਣਜੀਤ ਸਿੰਘ ਦੇ ਸਿਰ ਤੋਂ ਪਿਤਾ ਦੀ ਛਤਰ-ਛਾਇਆ ਉਠ ਜਾਣ ਸਮੇਂ ਉਸ ਦੀ ਉਮਰ

ਬਾਰਾਂ ਬਰਸ ਤੋਂ ਵੀ ਕੁਝ ਘੱਟ ਸੀ, ਭਾਵੇਂ ਉਹ ਆਪਣੇ ਪਿਤਾ ਨਾਲ ਕਈ ਨਿੱਕੇ ਵੱਡੇ ਯੁੱਧ ਜੰਗਾਂ ਵਿਚ ਭਾਗ ਲੈ ਚੁੱਕਾ ਸੀ, ਪਰ ਫੇਰ ਵੀ ਉਹ ਪਹਿਲੇ ਪਹਿਲੇ ਕੁਝ ਸਮੇਂ ਤੱਕ ਆਪਣੇ ਪੈਰਾਂ ਪਰ ਖੜੋਨ ਲਈ ਡਾਢਾ ਚਿੰਤਾਤੁਰ ਰਹਿੰਦਾ। ਇਸ ਸਮੇਂ ਇਸ ਦੀ ਬਹਾਦਰ ਸੱਸ ਸਰਦਾਰਨੀ ਸਦਾ ਕੌਰ ਤੇ ਇਸ ਦੀ ਸਿਆਣੀ ਮਾਤਾ ਦੀ ਮਿਲਵੀਂ ਸਹਾਇਤਾ ਨੇ ਇਸ ਦੇ ਭਾਰ ਨੂੰ ਬਹੁਤ ਕੁਝ ਹਲਕਾ ਕਰ ਦਿੱਤਾ, ਜਿਸ ਦੀ ਇਸ ਸਮੇਂ ਅਤਿ ਲੋੜ ਸੀ।

ਇਨ੍ਹਾਂ ਦਿਨਾਂ ਵਿਚ ਰਣਜੀਤ ਸਿੰਘ ਇਕ ਦਿਨ ਰਾਮ ਨਗਰ ਦੇ ਲਾਗੇ ਸ਼ਿਕਾਰ ਖੇਡਦਾ ਹੋਇਆ ਇੰਨਾ ਦੂਰ ਨਿਕਲ ਗਿਆ ਕਿ ਉਸ ਦੇ ਸਾਥੀ ਉਸ ਤੋਂ ਘਣੇ ਜੰਗਲ ਵਿਚ ਵਿਛੜ ਗਏ। ਇਸ ਸਮੇਂ ਦੇਵਨੈਤ ਨਾਲ ਹਸ਼ਮਤ ਖ਼ਾਨ ਚੱਠਾ, ਜਿਸ ਦਾ ਇਲਾਕਾ ਸਰਦਾਰ ਮਹਾਂ ਸਿੰਘ ਨੇ ਫ਼ਓਮਪ;ਤਿਹ ਕਰ ਲਿਆ ਸੀ, ਸਣੇ ਆਪਣੇ ਨੌਕਰਾਂ ਦੇ ਸ਼ਿਕਾਰ ਦੀ ਭਾਲ ਵਿਚ ਇਸ ਨੂੰ ਆ ਮਿਲਿਆ। ਹਸ਼ਮਤ ਖ਼ਾਨ ਚਿਰ ਤੋਂ ਇਸ ਭਾਲ ਵਿਚ ਸੀ ਕਿ ਕਿਸੇ ਸਮੇਂ ਇਸ ਦਾ ਹੱਥ ਰਣਜੀਤ ਸਿੰਘ ਤੱਕ ਪਹੁੰਚੇ ਤਾਂ ਉਸ ਦੀ ਜਾਨ ਲੈ ਕੇ ਆਪਣੇ ਮਨ ਦੀ ਜਲਨ ਬੁਝਾਏ। ਹੁਣ ਇਹ ਸਮਾਂ ਇਸ ਨੂੰ ਬੜਾ ਅਮੋਲਕ ਮਿਲ ਗਿਆ, ਇਸ ਨੇ ਏਕਾ-ਏਕ ਆਪਣੀ ਬੰਦੂਕ ਰਣਜੀਤ ਸਿੰਘ ਵੱਲ ਤਾੜ ਕੇ ਐਸੀ ਚਲਾਈ ਕਿ ਲਗਦੇ ਸਾਰ ਉਸ ਦੀ ਜਾਨ ਬਾਹਰ ਆ ਜਾਏ, ਪਰ ਕੁਦਰਤ ਨੂੰ ਕੁਝ ਹੋਰ ਪਰਵਾਨ ਸੀ, ਉਸ ਦੀ ਗੋਲੀ ਸ਼ੇਰਿ ਪੰਜਾਬ ਤੋਂ ਜ਼ਰਾ ਹੇਠਾਂ ਘੋੜੇ ਦੀਆਂ ਵਾਗ਼ਾਂ ਵਿਚ ਆ ਲੱਗੀ ਤੇ ਉਹ ਦੋ ਟੁੱਕ ਹੋ ਗਈਆਂ, ਜੇ ਕਦੇ ਇਹ ਗ਼ੋਲੀ ਜ਼ਰਾ ਕੁ ਉਚੇਰੀ ਲੱਗਦੀ ਤਾਂ ਖ਼ਾਲਸੇ ਦੀ ਕੌਮੀ ਫੁੱਲਵਾੜੀ ਦਾ ਉਹ ਫੁੱਲ ਖਿੜਨ ਤੋਂ ਪਹਿਲਾਂ ਹੀ ਕਲੀ ਦੇ ਰੂਪ ਵਿਚ ਮੁਰਝਾ ਜਾਂਦਾ, ਜਿਸ ਦੀ ਸੁਗੰਧੀ ਨਾਲ ਸਾਰੀ ਕੌਮ ਨੇ ਮਹਿਕਣਾ ਸੀ। ਇਧਰ ਖ਼ਾਨ ਦੀ ਗੋਲੀ ਦਾ ਖੁੰਝਣਾ ਸੀ ਕਿ ਸ਼ੇਰਿ ਪੰਜਾਬ, ਹੱਥ ਵਿਚ ਸੂਤੀ ਹੋਈ ਸ੍ਰੀ ਸਾਹਿਬ ਲਈ ਭੜਕ ਕੇ ਚੱਠੇ ਸਰਦਾਰ ਦੇ ਗਲ ਜਾ ਪਿਆ ਤੇ ਇੱਕ ਅੱਖ ਦੇ ਫੁਰਕਾਰ ਵਿਚ ਉਸ ਉਪਰ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਧੜ ਤੋਂ ਅੱਡ ਜਾ ਪਿਆ। ਜਦ ਉਸ ਦੇ ਸਾਥੀਆਂ ਹਸ਼ਮਤ ਖ਼ਾਨ ਦਾ ਸਿਰ ਵੱਖ ਡਿੱਠਾ ਤਾਂ ਉਹ ਵੀ ਨੱਸ ਪਏ ਤੇ ਹੁਣ ਸ਼ੇਰਿ ਪੰਜਾਬ ਉਸ ਖ਼ਾਨ ਦਾ ਸਿਰ ਆਪਣੀ ਤਲਵਾਰ ਦੀ ਨੋਕ ਤੇ ਟੰਗ ਕੇ ਆਪਣੇ ਸਾਥੀਆਂ ਨੂੰ ਆ ਮਿਲਿਆ। ਜਦ ਉਸ ਨੇ ਉਹਨਾਂ ਨੂੰ ਇਹ ਸਾਰੀ ਵਿੱਥਿਆ ਸੁਣਾਈ ਤਾਂ ਉਹ ਅਤਿ ਪ੍ਰਸੰਨ ਹੋਏ।

**ਸ਼ੇਰਿ ਪੰਜਾਬ ਦਾ ਲਾਹੌਰ ਪਰ ਕਬਜ਼ਾ**

ਹੁਣ ਜਦ ਪੰਜਾਬ ਅਫ਼ਗਾਨਾਂ ਤੋਂ ਚੰਗੀ ਤਰ੍ਹਾਂ ਖਾਲੀ ਹੋ ਗਿਆ, ਤਾਂ ਲਾਹੌਰ ਉਤੇ ਫੇਰ ਤਿੰਨਾਂ ਸਰਦਾਰਾਂ- ਚੇਤ ਸਿੰਘ, ਮੋਹਰ ਸਿੰਘ ਤੇ ਸਾਹਿਬ ਸਿੰਘ- ਨੇ ਆ ਕੇ ਕਬਜ਼ਾ ਜਮਾਇਆ। ਇਧਰ ਰਣਜੀਤ ਸਿੰਘ ਦੀ ਬਹਾਦਰੀ ਤੇ ਨਿਰਭੈਤਾ ਦੀ ਪ੍ਰਸਿੱਧਤਾ ਦਿਨੋ ਦਿਨ ਸਾਰੇ ਦੇਸ਼ ਵਿਚ ਪਸਰ ਰਹੀ ਸੀ ਅਤੇ ਵੇਖਣ ਵਾਲੀਆਂ ਅੱਖਾਂ ਵੇਖ ਰਹੀਆਂ ਹਨ ਕਿ ਉਹ ਦਿਨ ਬਹੁਤ ਦੂਰ ਨਹੀਂ, ਜਦ ਇਹ ਬਹਾਦਰ ਯੋਧਾ ਪੰਜਾਬ ਦੀ ਹਕੂਮਤ ਨੂੰ ਸਾਂਭ ਲਏਗਾ।

ਲਾਹੌਰ ਦੇ ਇਨ੍ਹਾਂ ਤਿੰਨਾਂ ਹਾਕਮਾਂ ਦਾ ਆਪਸ ਵਿਚ ਮੇਲ-ਮਿਲਾਪ ਨਾ ਹੋਣ ਦੇ ਕਾਰਨ ਸਦਾ ਲੜਾਈ ਝਗੜੇ ਰਹਿੰਦੇ ਸਨ, ਜਿਸ ਕਰਕੇ ਸ਼ਹਿਰ ਦੇ ਵਸਨੀਕਾਂ ਨੂੰ ਕਈ ਤਰ੍ਹਾਂ ਦੀਆਂ ਕਠਿਨਾਈਆਂ ਭੁਗਤਣੀਆਂ ਪੈਂਦੀਆਂ। ਇਹ ਵੈਰ ਵਿਰੋਧ ਇੱਥੋਂ ਤੱਕ ਵਧੇ ਕਿ ਇਕ ਦਿਨ ਵੀ ਇਨ੍ਹਾਂ ਨੂੰ ਟਿਕ ਕੇ ਨਾ ਬੈਠਣਾ ਮਿਲਦਾ। ਇਸ ਤਰ੍ਹਾਂ ਇਨ੍ਹਾਂ ਨੂੰ ਇਨ੍ਹਾਂ ਘਰੋਗੀ ਝਗੜਿਆਂ ਧੰਦਿਆਂ ਵਿਚ ਫਸੇ ਪਏ ਨਿਰਬਲ ਵੇਖ ਕੇ ਨਜ਼ਾਮੁਦੀਨ ਕਸੂਰੀਆ ਇਨ੍ਹਾਂ ਦੀ ਫੁਟ ਤੋਂ ਲਾਭ ਪ੍ਰਾਪਤ ਕਰਕੇ ਲਾਹੌਰ ਤੇ ਕਬਜ਼ਾ ਕਰ ਲੈਂਦਾ ਪਰ ਇਸ ਗੱਲ ਦਾ ਭੇਦ ਸੰਜੋਗ ਨਾਲ ਪਹਿਲੇ ਹੀ ਖੁੱਲ੍ਹ ਗਿਆ। ਹੁਣ ਲਾਹੌਰ ਦੇ ਮੁਖੀਆ ਭਾਈ ਗੁਰਬਖਸ਼ ਸਿੰਘ, ਹਕੀਮ ਹਾਕਮ ਰਾਏ ਤੇ ਮੀਆਂ ਆਸ਼ਕ ਮੁਹੰਮਦ ਨੇ ਆਪਣੇ ਦਸਤਖੀ ਬੇਨਤੀ ਪੱਤਰ ਸ਼ੇਰਿ ਪੰਜਾਬ ਵੱਲ ਭੇਜਿਆ ਤੇ ਦੱਸਿਆ ਕਿ ਕਿਵੇਂ ਪਰਜਾ ਦੁਖੀ ਹੈ। ਕਸੂਰ ਦਾ ਨਵਾਬ ਸ਼ਹਿਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ, ਜਿਵੇਂ ਹੋ ਸਕੇ ਲਾਹੌਰ ਨੂੰ ਇਸ ਬਿਪਤਾ ਤੋਂ ਬਚਾਇਆ ਜਾਵੇ। ਇਹਨਾਂ ਤਿੰਨਾਂ ਹਾਕਮਾਂ ਨੇ ਪਰਜਾ ਨੂੰ ਡਾਢਾ ਦੁਖੀ ਕਰ ਰੱਖਿਆ ਹੈ ਆਦਿ।

ਸ਼ੇਰਿ ਪੰਜਾਬ ਦੀਆਂ ਸਫ਼ਲਤਾਵਾਂ ਦਾ ਸਿਤਾਰਾ ਹੁਣ ਚੰਗੀ ਤਰ੍ਹਾਂ ਚਮਕ ਰਿਹਾ ਸੀ, ਤੁਰੰਤ ਅੱਠ ਹਜ਼ਾਰ ਚੋਣਵੀਂ ਫੌਜ ਅਤੇ ਕੁਝ ਅਕਾਲੀ ਸੂਰਮੇ ਸਣੇ ਬਹੁਤ ਸਾਰੀ ਸੈਨਾ ਸਰਦਾਰਨੀ ਸਦਾ ਕੌਰ ਨੇ ਤਿਆਰ ਕਰਕੇ ਲਾਹੌਰ ਤੇ ਧਾਵਾ ਕਰ ਦਿੱਤਾ। ਹੁਣ ਲਾਹੌਰ ਦੇ ਹਾਕਮਾਂ ਨੂੰ ਤਦ ਪਤਾ ਲੱਗਾ ਜਦ ਰਣਜੀਤ ਸਿੰਘ ਦੀ ਫੌਜ ਲਾਹੌਰ ਦੇ ਵਜ਼ੀਰ ਖ਼ਾਨ ਦੇ ਬਾਗ ਵਿਚ ਜਾ ਉਤਰੀ। ਇਥੋਂ



ਰਣਜੀਤ ਸਿੰਘ ਨੇ ਆਪਣੀ ਚਤਰ ਸੱਸ ਦੀ ਸਲਾਹ ਨਾਲ ਫੌਜ ਦੇ ਦੋ ਰਸਤੇ ਕਰ ਲਏ। ਇਕ ਜੱਥੇ ਨਾਲ ਸਰਦਾਰਨੀ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਤੋਂ ਹੱਲਾ ਕੀਤਾ ਅਤੇ ਦੂਜਾ ਰਸਤਾ ਆਪ ਲੈ ਕੇ ਲੁਹਾਰੀ ਦਰਵਾਜ਼ੇ ਵਲੋਂ ਸ਼ਹਿਰ ਨੂੰ ਜਾ ਘੇਰਿਆ। ਇਸ ਸਮੇਂ ਇਸ ਨੂੰ ਠਲ ਪਾਣ ਲਈ ਦਰਵਾਜ਼ੇ ਤੋਂ ਬਾਹਰ ਇਕ ਟਾਕਰਾ ਵੀ ਹੋਇਆ, ਪਰ ਸ਼ੇਰਿ ਪੰਜਾਬ ਦੇ ਧਾਵੇ ਨੂੰ ਕੋਈ ਵੀ ਨਾ ਅਟਕਾ ਸਕਿਆ। ਇਸ ਸਮੇਂ ਉਹ ਕਿਸੇ ਲੰਮੀਆਂ ਸੋਚਾਂ ਵਿਚ ਨਹੀਂ ਪਿਆ, ਝੱਟ ਹੁਕਮ ਦਿੱਤਾ ਕਿ ਦਰਵਾਜ਼ੇ ਦੀ ਨੀਂਹ ਹੇਠਾਂ ਬਾਰੂਦ ਭਰ ਕੇ ਅੱਗ ਲਾ ਦਿਉ। ਇਸ ਹੁਕਮ ਦੀ ਪਾਲਣਾ ਅੱਖ ਦੇ ਫੇਰ ਵਿਚ ਕੀਤੀ ਗਈ। ਹੁਣ ਜਦ ਬਾਰੂਦ ਨੂੰ ਅੱਗ ਲੱਗੀ ਤਾਂ ਇਸ ਦੇ ਧਮਾਕੇ ਨਾਲ ਦਰਵਾਜ਼ੇ ਦੇ ਲਾਗੇ ਦੀ ਫਸੀਲ ਉਡ ਕੇ ਪਰ੍ਹੇ ਜਾ ਪਈ। ਇੰਨੇ ਨੂੰ ਅੰਦਰੋਂ ਦਰਵਾਜ਼ਾ ਵੀ ਖੁੱਲ੍ਹ ਗਿਆ ਤੇ ਹੁਣ ਸ਼ੇਰਿ ਪੰਜਾਬ ਦੋ ਹਜ਼ਾਰ ਸਵਾਰਾਂ ਦਾ ਇਕ ਬਲਵਾਨ ਦਸਤਾ ਤੇ ਚਾਰ ਵੱਡੀਆਂ ਤੋਪਾਂ ਆਪਣੇ ਨਾਲ ਲੈ ਕੇ ਬਿਜਲੀ ਵਾਂਗ ਕੜਕਦਾ ਹੋਇਆ ਸ਼ਹਿਰ ਵਿਚ ਜਾ ਵੜਿਆ। ਸ਼ੇਰਿ ਪੰਜਾਬ ਦੀ ਇਸ ਨਿਰਭੈਤਾ ਦਾ ਸ਼ਹਿਰ ਦੇ ਹਾਕਮ ਉਤੇ ਇੰਨਾ ਦਬਦਬਾ ਛਾਇਆ ਕਿ ਤਿੰਨਾਂ ਸਰਦਾਰਾਂ ਵਿਚੋਂ ਇਕ ਵੀ ਇਸ ਦੇ ਟਾਕਰੇ ਲਈ ਨਾ ਠਹਿਰ ਸਕਿਆ। ਸਰਦਾਰ ਮੋਹਰ ਸਿੰਘ ਤੇ ਸਾਹਿਬ ਸਿੰਘ ਤਾਂ ਸਣੇ ਆਪੋ ਆਪਣੀਆਂ ਫੌਜਾਂ ਦੇ ਸ਼ਹਿਰ ਨੂੰ ਖਾਲੀ ਕਰਕੇ ਬਾਹਰ ਨਿਕਲ ਗਏ, ਪਰ ਤੀਜਾ ਪਤੀਦਾਰ ਸਰਦਾਰ ਚੇਤ ਸਿੰਘ ਜੋ ਕਿੱਲ੍ਹੇ ਵਿਚ ਸੀ, ਉਸ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਇਸ ਤਰ੍ਹਾਂ 15 ਹਾੜ ਸੰਮਤ 1856 ਨੂੰ

ਸ਼ੇਰਿ ਪੰਜਾਬ ਦਾ ਸਾਰੇ ਲਾਹੌਰ ਤੇ ਅਧਿਕਾਰ ਹੋ ਗਿਆ।

ਇਸ ਸਮੇਂ ਸ਼ੇਰਿ ਪੰਜਾਬ ਨੇ ਆਪਣੀ ਫੌਜ ਨੂੰ ਹੁਕਮ ਦਿੱਤਾ ਕਿ ਸ਼ਹਿਰ ਵਿਚ ਕੋਈ ਲੁੱਟ-ਮਾਰ ਨਾ ਕੀਤੀ ਜਾਵੇ, ਫੌਜਾਂ ਨੂੰ ਅਸੀਂ ਆਪਣੇ ਖਜ਼ਾਨੇ ਵਿਚੋਂ ਬਖ਼ਸ਼ੀਸ਼ ਦੇਵਾਂਗੇ। ਇਸ ਲਈ ਇਸ ਸਮੇਂ ਕੋਈ ਲੁੱਟ ਨਹੀਂ ਸੀ ਹੋਈ। ਸ਼ਹਿਰ ਦਾ ਪੱਕਾ ਪ੍ਰਬੰਧ ਕਰਕੇ ਰਣਜੀਤ ਸਿੰਘ ਸਣੇ ਫੌਜ ਦੇ ਕਿਲ੍ਹੇ ਵੱਲ ਵਧਿਆ ਅਤੇ ਜਾਂਦਿਆਂ ਹੀ ਕਿਲ੍ਹੇ ਦੇ ਸਾਹਮਣੇ ਪਾਸੇ ਖੁਲ੍ਹੇ ਮੈਦਾਨ ਵਿਚ ਡੇਰੇ ਲਾ ਦਿੱਤੇ ਤੇ ਆਪਣੇ ਤੋਪਚੀਆਂ ਨੂੰ ਹੁਕਮ ਦਿੱਤਾ ਕਿ ਕੋਈ ਗੋਲਾ ਕਿਲ੍ਹੇ ਤੇ ਨਾ ਚਲਾਇਆ ਜਾਵੇ। ਸਰਦਾਰ ਚੇਤ ਸਿੰਘ ਜਦ ਤੱਕ ਚਾਹੇ ਕਿਲ੍ਹੇ ਵਿਚ ਪਿਆ ਰਹੇ ਤੇ ਜਦ ਉਸ ਦਾ ਜੀ ਕਰੇ ਕਿਲ੍ਹੇ ਤੋਂ ਬਾਹਰ ਨਿਕਲ ਜਾਏ, ਅਸੀਂ ਉਸ ਨਾਲ ਹੁਣ ਕੋਈ ਛੇੜ-ਛਾੜ ਨਹੀਂ ਕਰਨੀ। ਪਰ ਚੇਤ ਸਿੰਘ ਲਈ ਅੰਦਰ ਰਹਿਣਾ ਕੋਈ ਸੌਖਾ ਨਹੀਂ ਸੀ, ਇਸ ਤੋਂ ਅਗਲੇ ਦਿਨ ਹੀ ਸਰਦਾਰ ਚੇਤ ਸਿੰਘ ਦੇ ਕਰਮਚਾਰੀ ਸ਼ੇਰਿ ਪੰਜਾਬ ਕੋਲ ਪਹੁੰਚੇ ਤੇ ਬੇਨਤੀ ਕੀਤੀ ਕਿ ਆਪ ਸਰਦਾਰ ਦੀ ਜਾਨ ਬਖਸ਼ੀ ਕਰੋ ਤਾਂ ਉਹ ਕਿਲ੍ਹਾ ਖਾਲੀ ਕਰ ਦੇਣ ਨੂੰ ਤਿਆਰ ਹੈ। ਸ਼ੇਰਿ ਪੰਜਾਬ ਉਹਨਾਂ ਨਾਲ ਬੜੀ ਚੰਗੀ ਤਰ੍ਹਾਂ ਵਰਤਿਆ ਅਤੇ ਚੇਤ ਸਿੰਘ ਲਈ ਇਕ ਭਾਰੀ ਜਾਗੀਰ ਨੀਯਤ ਕਰ ਦਿੱਤੀ। ਹੁਣ ਚੇਤ ਸਿੰਘ ਨੇ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਸ਼ੇਰਿ ਪੰਜਾਬ ਦਾ ਕਿਲ੍ਹੇ ਉਤੇ ਪੂਰੀ ਤਰ੍ਹਾਂ ਅਧਿਕਾਰ ਹੋ ਗਿਆ। ਕਿਲ੍ਹੇ ਵਿਚੋਂ ਬਹੁਤ ਸਾਰਾ ਪੁਰਾਣਾ ਦੱਬਿਆ ਹੋਇਆ ਖਜ਼ਾਨਾ ਤੇ ਕਈ ਤੋਪਾਂ ਮਹਾਰਾਜੇ ਦੇ ਹੱਥ ਆਈਆਂ। ਇਹ ਘਟਨਾ ਹਾੜ 16 ਸੰਮਤ 1856, ਸੰਨ 1778 ਦੀ ਹੈ।

**ਸ਼ਾਹ ਜ਼ਮਾਨ ਦੀ ਬਖਸ਼ਸ਼ ਪਰ ਵਿਚਾਰ**

ਕਈ ਅੰਗਰੇਜ਼ ਤੇ ਦੇਸੀ ਇਤਿਹਾਸਕਾਰਾਂ ਨੇ ਕਪਤਾਨ ਵੈਂਜ ਦੀ ਰਿਪੋਰਟ ਤੋਂ ਜਿਸ ਵਿਚ ਬੇਓੜਕ ਭੁੱਲਾਂ ਖ਼ਬਰ-ਨਵੀਸਾਂ ਨੇ ਉਸ ਨੂੰ ਲਿਖਵਾਈਆਂ ਤੇ ਉਹ ਭੁੱਲਾਂ ਉਸ ਰਿਪੋਰਟ ਤੋਂ ਪਿੱਛੋਂ ਕਈ ਇਤਿਹਾਸਕਾਰਾਂ ਨੇ ਨਕਲ ਕੀਤੀਆਂ, ਜਿਹਨਾਂ ਵਿਚੋਂ ਇਕ ਇਹ ਹੈ ਕਿ ਸਰਦਾਰ ਰਣਜੀਤ ਸਿੰਘ ਨੂੰ ਲਾਹੌਰ ਤੇ ਕਬਜ਼ਾ ਕਰਨ ਦਾ ਪਟਾ ਸ਼ਾਹ ਜ਼ਮਾਨ ਦੁਰਾਨੀ ਨੇ ਲਿਖ ਦਿੱਤਾ ਸੀ ਤੇ ਇਹ ਉਸ ਸੇਵਾ ਬਦਲੇ ਸੀ ਜੋ ਮਹਾਰਾਜੇ ਨੇ ਉਸ ਦੀਆਂ ਤੋਪਾਂ ਦਰਿਆ ਵਿਚੋਂ ਕੱਢਣ ਸਮੇਂ ਮਦਦ ਕੀਤੀ। ਅਸੀਂ ਐਸੀ ਖ਼ਬਰ ਨੂੰ ਪਰਮਾਣਿਕ ਹਵਾਲਾ ਨਹੀਂ ਦਿੱਤਾ, ਹੇਠ ਲਿਖੀਆਂ ਦਲੀਲਾਂ ਦੇ ਹੁੰਦਿਆਂ ਮੰਨਣ ਲਈ ਤਿਆਰ ਨਹੀਂ:-

1. ਸ਼ਾਹ ਜ਼ਮਾਨ ਆਪ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਨਾ ਰੱਖ ਸਕਣ ਦੇ ਕਾਰਣ ਤੰਗ ਆ ਕੇ ਮੁੜਿਆ ਸੀ, ਇਸ ਤਰ੍ਹਾਂ ਉਸ ਦੀ ਹਵਾਈ ਬਖਸ਼ਿਸ਼ ਦਾ ਮਹਾਰਾਜੇ ਨੂੰ ਲਾਹੌਰ ਪਰ ਅਧਿਕਾਰ ਕਰਨ ਲਈ ਪਟਾ ਦੇਣ ਦਾ ਕੀ ਲਾਭ ਹੋ ਸਕਦਾ ਸੀ? ਜਦ ਸ਼ਾਹ ਜ਼ਮਾਨ ਦੀ ਮੌਜੂਦਗੀ ਵਿਚ ਉਸ ਦਾ ਹੁਕਮ ਪੰਜਾਬ ਵਿਚ ਕੋਈ ਨਹੀਂ ਸੀ ਮੰਨਦਾ, ਤਦ ਦੱਸੋ, ਜਾਨ ਬਚਾ ਕੇ ਭੱਜੇ ਜਾਂਦੇ ਦੁਰਾਨੀ ਦਾ ਲਾਹੌਰ ਬਖਸ਼ ਜਾਣ ਦਾ ਪਟਾ ਮਹਾਰਾਜੇ ਲਈ ਕੀ ਸਵਾਰ ਸਕਦਾ ਹੈ?

2. ਸ਼ਾਹ ਜ਼ਮਾਨ ਆਪਣੇ ਅਤਿ ਪਿਆਰੇ ਜਰਨੈਲ ਸਹਾਨਚੀ ਖ਼ਾਨ ਦੇ ਇਨ੍ਹਾਂ ਦਿਨਾਂ ਵਿਚ ਹੀ ਸ਼ੇਰਿ ਪੰਜਾਬ ਦੀ ਫੌਜ ਦੇ ਹੱਥੋਂ ਕਤਲ ਹੋਣ ਦੇ ਕਾਰਨ ਉਹ ਉਸ ਦੇ ਲਹੂ ਦਾ ਪਿਆਸਾ ਸੀ ਨਾ ਕਿ ਉਹਨੂੰ ਉਹ ਇਸ ਹੱਤਿਆ ਬਦਲੇ ਪੰਜਾਬ ਦੀ ਹਕੂਮਤ ਇਨਾਮ ਵਜੋਂ ਬਖਸ਼ ਜਾਂਦਾ।

3. ਸ਼ਾਹ ਜ਼ਮਾਨ ਜਦ ਲਾਹੌਰ ਦੇ ਕਿਲ੍ਹੇ ਵਿਚ ਸੀ ਤਾਂ ਸ਼ੇਰਿ ਪੰਜਾਬ ਤਿੰਨ ਵਾਰੀ ਸਣੇ ਜੁਆਨਾਂ ਦੇ ਸੰਮਨ ਬੁਰਜ ਦੇ ਕੋਲ ਪਹੁੰਚ ਕੇ ਸ਼ਾਹ ਜ਼ਮਾਨ ਪਰ ਗੋਲੀਆਂ ਚਲਾਉਂਦਾ ਰਿਹਾ ਤੇ ਉਸ ਦੀਆਂ ਅੱਖਾਂ ਸਾਹਮਣੇ ਕਈ ਦੁਰਾਨੀਆਂ ਨੂੰ ਫੱਟੜ ਕੀਤਾ ਅਤੇ ਵੰਗਾਰ ਵੰਗਾਰ ਕੇ ਆਖਦਾ ਰਿਹਾ "ਰਣਜੀਤ ਸਿੰਘ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਇਹ ਗੋਲੀਆਂ ਚਲਾਉਂਦਾ ਹੈ। ਤੇਰੇ ਵਿਚ ਹੌਂਸਲਾ ਹੈ ਤਾਂ ਹੇਠਾਂ ਮੈਦਾਨ ਵਿਚ ਆ ਕੇ ਜ਼ਰਾ ਬਲ ਪ੍ਰੀਖਿਆ ਕਰਕੇ ਵੇਖ ਲੈ।" ਚਾਹੀਦਾ ਤਾਂ ਇਹ ਸੀ ਕਿ ਇਸ ਬੇਪਤੀ ਅਤੇ ਹਾਨੀ ਦੇ ਬਦਲੇ ਸ਼ਾਹ ਜ਼ਮਾਨ ਉਸ ਦੀ ਜਾਨ ਲੈ ਕੇ ਬਦਲਾ ਲੈਂਦਾ, ਨਾ ਕਿ ਉਸ ਨੂੰ ਲਾਹੌਰ ਦਾ ਪਟਾ ਲਿਖ ਦਿੰਦਾ।

4. ਇਹ ਘਟਨਾ ਕੋਈ ਦਰਿਆ ਜੇਹਲਮ ਦੀ ਲਿਖਦਾ ਹੈ, ਕੋਈ ਝਨਾਂ ਦੀ ਅਤੇ ਕੋਈ ਰਾਵੀ ਦੀ ਦੱਸਦਾ ਹੈ, ਜੋ ਅਸਲ ਵਿਚ ਕਿਸੇ ਖਬਰ ਨਵੀਸ ਦੀ ਮਨਘੜਤ ਕਹਾਣੀ ਹੈ, ਹਕੀਕਤ ਵਿਚ ਨਾ ਸ਼ਾਹ ਜ਼ਮਾਨ ਦੀਆਂ ਕੋਈ ਤੋਪਾਂ ਜੁੜੀਆਂ ਤੇ ਨਾ ਹੀ ਕਿਸੇ ਕਢਵਾਈਆਂ ਅਤੇ ਨਾ ਹੀ ਰਣਜੀਤ ਸਿੰਘ ਨੂੰ ਕੋਈ ਪਟਾ ਮਿਲਿਆ। ਇਹ ਸਾਰੀ ਕਹਾਣੀ ਹੀ ਕਲਪਿਤ ਹੈ।

5. ਕੋਈ ਇਤਿਹਾਸਕਾਰ ਬਾਰਾਂ ਤੋਪਾਂ ਲਿਖਦਾ ਹੈ, ਕੋਈ ਦਸ।

6. ਫੇਰ ਲਿਖਿਆ ਹੈ ਕਿ ਮਹਾਰਾਜੇ ਨੇ ਅੱਠ ਤੋਪਾਂ ਕਾਬਲ ਭਿਜਵਾ ਦਿੱਤੀਆਂ ਤੇ ਚਾਰ ਆਪਣੇ ਕੋਲ ਰੱਖ ਲਈਆਂ, ਇਸ ਤਰ੍ਹਾਂ ਤੀਸਰਾ ਹਿੱਸਾ ਸ਼ਾਹ ਜ਼ਮਾਨ ਦੀਆਂ ਤੋਪਾਂ ਦਾ ਮਾਰ ਲੈਣ ਕਰਕੇ ਤਾਂ ਮਹਾਰਾਜਾ ਸ਼ਾਹ ਜ਼ਮਾਨ ਤੋਂ ਸਜ਼ਾ ਪਾਉਣ ਦਾ ਅਧਿਕਾਰੀ ਬਣ ਗਿਆ ਸੀ, ਨਾ ਕਿ ਪੰਜਾਬ ਹਕੂਮਤ ਦੇ ਪਟੇ ਦੇ ਇਨਾਮ ਦਾ।

7. ਉਸ ਸਮੇਂ ਦੇ ਕਿਸੇ ਦੇਸੀ ਇਤਿਹਾਸਕਾਰ ਨੇ ਇਸ ਦਾ ਜ਼ਿਕਰ ਨਹੀਂ ਲਿਖਿਆ।

8. ਜੇ ਕਦੇ ਰਣਜੀਤ ਸਿੰਘ ਕੋਲ ਕੋਈ ਪਟਾ ਹੁੰਦਾ ਤਾਂ ਜਦ ਉਸ ਨੇ ਲਾਹੌਰ ਨੂੰ ਫ਼ਤਿਹ ਕਰ ਲਿਆ ਤਦ ਕਿਉਂ ਫੇਰ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ ਉਸ ਤੋਂ ਲਾਹੌਰ ਛੁਡਾਉਣ ਲਈ ਭੰਗੀ ਸਰਦਾਰਾਂ ਤੇ ਨਜ਼ਾਮੁਦੀਨ ਕਸੂਰੀਏ ਆਦਿ ਭਸੀਨ ਦੇ ਮੈਦਾਨ ਵਿਚ ਉਸ ਨਾਲ ਜੰਗ ਕੀਤੀ। ਜੇ ਕਦੀ ਸੱਚ ਮੁੱਚ ਰਣਜੀਤ ਸਿੰਘ ਕੋਲ ਕੋਈ ਐਸਾ ਪਟਾ ਹੁੰਦਾ ਤਾਂ ਨਵਾਬ ਕਿਸ ਤਰ੍ਹਾਂ ਸ਼ਾਹ ਜ਼ਮਾਨ ਦੇ ਹੁਕਮ ਉਲਟ ਉਸ ਤੋਂ ਲਾਹੌਰ ਛਡਾਉਣ ਲਈ ਲੜਾਈਆਂ ਲੜਦਾ।

9. ਉਸ ਸਮੇਂ ਸਿੱਖਾਂ ਵਿਚ ਕਿਸੇ ਮੁਸਲਮਾਨ ਦੇ ਹੱਥੋਂ ਕੋਈ ਹਕੂਮਤ ਲੈਣੀ ਘ੍ਰਿਣਾ ਦੀ ਨਜ਼ਰ ਨਾਲ ਵੇਖੀ ਜਾਂਦੀ ਸੀ। ਉਦਾਹਰਣ ਲਈ ਜਦ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1767 ਵਿਚ ਲਾਹੌਰ ਤੇ ਧਾਵਾ ਕਰਕੇ ਆਪਣਾ ਕਬਜ਼ਾ ਕਰ ਲਿਆ ਤਾਂ ਸ਼ਹਿਰ ਦੇ ਕਾਜ਼ੀਆਂ ਤੇ ਮੁਫ਼ਓਮਪ;ਤੀਆਂ ਨੇ ਅਹਿਮਦ ਸ਼ਾਹ ਅਤੇ ਸਰਦਾਰ ਲਹਿਣਾ ਸਿੰਘ ਭੰਗੀ ਮਿਸਲ ਦੇ ਆਗੂ ਦੀ ਨਿਆਂ-ਸ਼ੀਲ ਹਕੂਮਤ ਦੀ ਬੜੀ ਮਹਿਮਾ ਕੀਤੀ, ਜਿਸ ਪਰ ਅਬਦਾਲੀ ਨੇ ਕਈ ਵਾਰ ਕਾਬਲੀ ਮੇਵੇ ਤੇ ਇਕ ਸ਼ਾਹੀ ਫ਼ੁਰਮਾਨ ਸਰਦਾਰ ਲਹਿਣਾ ਸਿੰਘ ਪਾਸ ਭੇਜਿਆ, ਜਿਸ ਵਿਚ ਲਿਖਿਆ ਸੀ ਕਿ ਤੁਸੀਂ ਆ ਕੇ ਮੇਰੇ ਵਲੋਂ ਲਾਹੌਰ ਦੀ ਨਜ਼ਾਮਤ ਸਾਂਭ ਲਵੋ। ਉਹ ਸਮੇਂ ਸਰਦਾਰ ਲਹਿਣਾ ਸਿੰਘ ਨੇ ਜੋ ਉਤਰ ਅਹਿਮਦ ਸ਼ਾਹ ਵੱਲ ਭੇਜਿਆ, ਉਹ ਮੌਲਵੀ ਮੁਹੰਮਦ ਕਾਸਮ ਨੇ ਇਬਰਤਨਾਮੇ ਵਿਚ ਇਉਂ ਲਿਖਿਆ:-

"ਲਹਿਣਾ ਸਿੰਘ ਨੇ ਜਵਾਬ ਦਿੱਤਾ ਕਿ ਮੈਂ ਮੁਸਲਮਾਨ ਬਾਦਸ਼ਾਹ ਦੇ ਹੱਥੋਂ ਨਜ਼ਾਮਤ ਨਹੀਂ ਲੈਂਦਾ ਕਿਉਂਕਿ ਇਉਂ ਕਰਨ ਨਾਲ ਮੈਂ ਆਪਣੇ ਸਿੱਖ ਭਰਾਵਾਂ ਦੀਆਂ ਨਜ਼ਰਾਂ ਤੋਂ ਡਿੱਗ ਜਾਵਾਂਗਾ ਅਤੇ ਫਲਾਂ ਦੇ ਭਾਰ ਇਹ ਕਹਿਕੇ ਮੋੜ ਦਿੱਤੇ ਕਿ ਇਹ ਖਾਣੇ ਬਾਦਸ਼ਾਹ ਨੂੰ ਸੋਭਦੇ ਹਨ; ਅਸੀਂ ਸਾਧਾਰਨ ਲੋਕ ਹਾਂ, ਅਸਾਂ ਨੂੰ ਅਨਾਜ ਦੇ ਦਾਣੇ ਫਲਾਂ ਤੋਂ ਵੱਧ ਰਸ ਦਿੰਦੇ ਹਨ।" ਹੁਣ ਸੋਚਣ ਦੀ ਗੱਲ ਇਹ ਹੈ ਕਿ ਜਦ ਲਾਹੌਰ ਦੀ ਨਜ਼ਾਮਤ, ਸ਼ਾਹ ਵਲੋਂ ਲਹਿਣਾ ਸਿੰਘ ਨੂੰ ਐਸੀ ਦਸ਼ਾ ਵਿਚ ਮਿਲਦੀ ਹੈ ਜਦ ਕਿ ਉਹ ਆਪਣੇ ਇਲਾਕੇ ਤੋਂ ਨਿਕਲਿਆ ਜੰਗਲਾਂ ਵਿਚ ਰਹਿੰਦਾ ਹੈ ਪਰ ਅਨਾਚਾਰੀ ਦੇ ਹੱਥੋਂ ਲੈਣ ਤੋਂ ਇਨਕਾਰ ਕਰਦਾ ਹੈ ਤਦ ਸ਼ੇਰਿ ਪੰਜਾਬ ਇੰਨਾ ਸ਼ਕਤੀਮਾਨ ਹੁੰਦਾ ਹੋਇਆ ਕਿਵੇਂ ਨੱਸੇ ਜਾਂਦੇ ਬਾਦਸ਼ਾਹ ਤੋਂ ਪਟੇ ਲੈਣੇ ਪ੍ਰਵਾਨ ਕਰ ਸਕਦਾ ਸੀ? ਅਸਲ ਗੱਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਭੁੱਲਾਂ ਖ਼ਬਰ ਨਵੀਸਾਂ ਤੇ ਸ਼ੇਰਿ ਪੰਜਾਬ ਨੂੰ ਨੀਵਾਂ ਦੱਸਣ ਲਈ ਲਿਖਵਾਈਆਂ ਹਕੀਕਤ ਵਿਚ ਉਸ ਨੇ ਲਾਹੌਰ ਆਪਣੀ ਤਲਵਾਰ ਦੇ ਬਲ ਨਾਲ ਲਿਆ ਤੇ ਆਪਣੀ ਹਿੰਮਤ ਨਾਲ ਹੀ ਸਿੱਖ ਰਾਜ ਦੀ ਨੀਂਹ ਰੱਖੀ, ਇਸ ਵਿਚ ਸ਼ਾਹ ਜ਼ਮਾਨ ਦਾ ਕੋਈ ਹੱਥ ਨਹੀਂ ਸੀ। -0-




# ਕਿਵੇਂ ਤਬਾਹਕੁੰਨ ਸਾਬਤ ਹੁੰਦੀਆਂ ਹਨ ਸੁਨਾਮੀ ਲਹਿਰਾਂ?



ਬੱਚਿਓ! ਨੀਲੇ ਪਾਣੀਆਂ ਦੀਆਂ ਚਾਂਦੀ ਰੰਗੀਆਂ ਛੱਲਾਂ ਕਿਸੇ ਸਮੇਂ ਤੀਹ-ਚਾਲੀ ਮੀਟਰ ਉੱਚੀ ਕੰਧ ਬਣ ਕੇ ਸਮੁੰਦਰ ਦੇ ਨੇੜੇ-ਤੇੜੇ ਪੰਜਾਹ ਤੋਂ ਸੱਠ ਕਿੱਲੋ ਮੀਟਰ ਕਈ ਵਾਰ ਇਸ ਤੋਂ ਵੀ ਜ਼ਿਆਦਾ ਦੂਰ ਤੱਕ ਕੁਦਰਤ ਦੀ ਹਰ ਸ਼ੈਅ ਕਾਗਜ਼ ਦੀਆਂ ਬੇੜੀਆਂ ਵਾਂਗ ਰੋੜ੍ਹ ਕੇ ਲੈ ਜਾਂਦੀਆਂ ਹਨ ਅਤੇ ਸਾਗਰ ਧੁਰ ਹੇਠਾਂ ਤੱਕ ਹਿੱਲ ਜਾਂਦੇ ਹਨ। ਧੁਰ ਪਤਾਲ ਤੋਂ ਹਿੱਲੇ ਸਾਗਰਾਂ ਨਾਲ ਪੈਦਾ ਹੋਈਆਂ ਲਹਿਰਾਂ ਨੂੰ ਹੀ ਸੁਨਾਮੀ ਲਹਿਰਾਂ ਕਿਹਾ ਜਾਂਦਾ ਹੈ।

ਬੱਚਿਓ, ਸੁਨਾਮੀ ਸ਼ਬਦ ਜਾਪਾਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਮੁੰਦਰੀ ਗੋਦ ਵਿਚੋਂ ਉੱਠੀ ਲਹਿਰ। ਕਹਿਣ ਨੂੰ ਸਮੁੰਦਰੀ ਪਾਣੀ ਦੀ ਹਰ ਲਹਿਰ ਹੀ ਸਮੁੰਦਰ ਦੀ ਗੋਦ ਵਿਚੋਂ ਹੀ ਉਪਜੀ ਮੰਨੀ ਜਾਂਦੀ ਹੈ, ਪਰ ਸੁਨਾਮੀ ਲਹਿਰਾਂ ਤਾਂ ਉਸ ਦੀ ਧੁਰ ਅੰਦਰਲੀ ਗੋਦ, ਉਸ ਦੇ ਪਾਤਾਲ, ਉਸ ਦੇ ਤਲ ਤੋਂ ਉਪਜਣ ਕਰਕੇ ਆਪਣੀ ਵੱਖਰੀ ਹੋਂਦ ਰੱਖਦੀਆਂ ਹਨ। ਇਹ ਲਹਿਰਾਂ ਧਰਤੀ ਉਤੇ ਟੈਕਟੋਨਿਕ ਪਲੇਟਾਂ ਦੀ ਗਤੀ ਦੁਆਰਾ ਪੈਦਾ ਹੁੰਦੀਆਂ ਹਨ। ਇਸ ਨਾਲ ਆਪਣੇ-ਆਪ ਅਤੇ ਗੰਭੀਰਤਾ ਦੇ ਜ਼ੋਰ ਵਜੋਂ ਸਤ੍ਹਾ 'ਤੇ ਪਾਣੀ ਵਧਦਾ ਅਤੇ ਡਿਗਦਾ ਹੈ। ਇਹ ਲਹਿਰਾਂ ਚਾਲੀ ਫੁੱਟ ਤੋਂ ਲੈ ਕੇ ਸੌ ਫੁੱਟ ਤੱਕ ਜਾਂ ਉਸ ਤੋਂ ਵੀ ਵੱਧ ਉੱਚੀ ਪਾਣੀ ਦੀ ਤੁਰੀ ਆਉਂਦੀ ਦੀਵਾਰ ਪ੍ਰਤੀਤ ਹੁੰਦੀਆਂ ਹਨ, ਜੋ ਸੈਂਕੜੇ ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੀਆਂ ਹਨ। ਹਰ ਵੀਹ-ਪੰਝੀ ਮਿੰਟ ਬਾਅਦ ਦੂਰ ਤੱਕ ਮਾਰ ਕਰਨ ਵਾਲੀਆਂ ਇਨ੍ਹਾਂ ਲਹਿਰਾਂ ਦਾ ਸਿਲਸਿਲਾ ਘੰਟਿਆਂਬੱਧੀ ਚੱਲਦਾ ਹੈ, ਓਨਾ ਚਿਰ ਜਿੰਨਾ ਚਿਰ ਸਾਗਰ ਸ਼ਾਂਤ ਨਹੀਂ ਹੋ ਜਾਂਦੇ।

ਇਹ ਸਪੱਸ਼ਟ ਹੈ ਕਿ ਸੁਨਾਮੀ ਲਹਿਰਾਂ ਸਾਗਰ ਹੇਠ ਆਏ ਭੂਚਾਲ ਜਾਂ ਜਵਾਲਾਮੁਖੀ ਵਿਸਫੋਟ ਤੋਂ ਜਨਮਦੀਆਂ ਹਨ। ਇਨ੍ਹਾਂ ਦੇ ਜਨਮ ਦਾ ਕਾਰਨ ਹੈ ਪਾਣੀ ਹੇਠਾਂ ਵੱਡੀ ਮਾਤਰਾ ਵਿਚ ਊਰਜਾ ਦਾ ਅਚਾਨਕ ਹੋਇਆ ਵਿਸਫੋਟ। ਇਹ ਵਿਸਫੋਟ ਕਈ ਵਾਰ ਹਜ਼ਾਰਾਂ ਐਟਮ ਬੰਬਾਂ ਜਿੰਨਾ ਸ਼ਕਤੀਸ਼ਾਲੀ ਹੁੰਦਾ ਹੈ। ਖੁੱਲ੍ਹੇ ਸਾਗਰਾਂ ਵਿਚ ਸੁਨਾਮੀ ਲਹਿਰਾਂ ਦੀ ਤਰੰਗ ਲੰਬਾਈ ਬਹੁਤ ਵੱਡੀ ਹੁੰਦੀ ਹੈ ਤੇ ਇਹ ਉੱਚੀ ਸਪੀਡ ਉਤੇ ਕਿਨਾਰਿਆਂ ਵੱਲ ਵਧਦੀਆਂ ਹਨ। ਜਿਉਂ-ਜਿਉਂ ਇਹ ਲਹਿਰਾਂ ਸਮੁੰਦਰ ਦੇ ਕਿਨਾਰਿਆਂ ਵੱਲ ਵਧਦੀਆਂ ਹਨ, ਤਿਉਂ-ਤਿਉਂ ਇਨ੍ਹਾਂ ਦੀ ਤਰੰਗ ਲੰਬਾਈ ਘਟਦੀ ਹੈ ਅਤੇ ਇਹ ਹੋਰ ਵਧੇਰੇ ਉੱਚੀਆਂ ਹੋ ਜਾਂਦੀਆਂ ਹਨ ਤੇ ਵਿਆਪਕ ਤਾਂਡਵ ਛੱਡਦੀਆਂ ਹਨ। ਉਂਜ ਤਾਂ ਸਾਗਰਾਂ ਦੇ ਕਿਸੇ ਕੰਢੇ 'ਤੇ ਸੁਨਾਮੀ ਲਹਿਰਾਂ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ ਪ੍ਰੰਤੂ ਸ਼ਾਂਤ ਮਹਾਂਸਾਗਰ ਦੇ ਆਸ-ਪਾਸ ਦਾ ਇਲਾਕਾ ਇਸ ਪੱਖੋਂ ਸਭ ਤੋਂ ਵੱਧ ਖ਼ਤਰਨਾਕ ਮੰਨਿਆ ਗਿਆ ਹੈ।

-0-

## ਸਰਦੀ ਦਾ ਮੌਸਮ ਹੈ ਆਇਆ

**-ਬਲਵਿੰਦਰ ਸਿੰਘ ਬਾਲਮ (ਵਟਸਐਪ : 98156-25409)**

ਗਰਮੀ ਧਰਤੀ ਦੇ ਵਿਚ ਲੁਕ ਗਈ।
ਲੂ ਵਾਲੀ ਵੀ ਟਹਿਣੀ ਝੁਕ ਗਈ।
ਠੰਢੀ ਵਾਅ ਨੇ ਘੇਰਾ ਪਾਇਆ।
ਸਰਦੀ ਦਾ ਹੈ ਮੌਸਮ ਆਇਆ
ਨਾਲ ਬਹਾਰਾਂ ਗੁਲਸ਼ਨ ਹੱਸਿਆ।
ਖੁਸ਼ਬੂਆਂ ਦਾ ਕਣ-ਕਣ ਹੱਸਿਆ।
ਵਿਹੜਾ ਫੁੱਲਾਂ ਨਾਲ ਸਜਾਇਆ
ਸਰਦੀ ਦਾ ਹੈ ਮੌਸਮ ਆਇਆ।
ਬਰਫ਼ਾਂ ਵਾਲੀ ਰਾਣੀ ਵਾਲਾ।
ਨਿਰਮਲ ਸੁੱਚੇ ਪਾਣੀ ਵਾਲਾ।
ਦਰਿਆਵਾਂ ਨੇ ਹਾਰ ਬਣਾਇਆ।
ਸਰਦੀ ਦਾ ਹੈ ਮੌਸਮ ਆਇਆ।
ਝਰਨੇ ਚਾਂਦੀ ਵਾਂਗਰ ਲਿਸ਼ਕੇ।
ਦੂਰ ਕਿਸੇ ਪਰਬਤ ਤੋਂ ਖਿਸਕੇ।
ਕੁਦਰਤ ਦੁਧਿਆ ਰੰਗ ਮਿਲਾਇਆ।
ਸਰਦੀ ਦਾ ਹੈ ਮੌਸਮ ਆਇਆ।
ਅੰਬਰ ਦੇ ਵਿਚ ਰੂਪ ਨਿਰਾਲਾ।
ਕਾਲੇ-ਕਾਲੇ ਬੱਦਲਾਂ ਵਾਲਾ।
ਰਿਮਝਿਮ ਨੇ ਸੰਗੀਤ ਸੁਣਾਇਆ।
ਸਰਦੀ ਦਾ ਹੈ ਮੌਸਮ ਆਇਆ
ਠੰਢੀਆਂ ਚੀਜ਼ਾਂ ਖਾਓ ਨਾ।
ਠੰਢੇ ਕੱਪੜੇ ਪਾਓ ਨਾ।
'ਬਾਲਮ' ਨੇ ਸਭ ਨੂੰ ਸਮਝਾਇਆ
ਸਰਦੀ ਦਾ ਹੈ ਮੌਸਮ ਆਇਆ।

# ਸੂਰਜ ਮੰਡਲ ਦੇ ਗ੍ਰਹਿ

**–ਮਨਿੰਦਰ ਕੌਰ**

ਪਿਆਰੇ ਬੱਚਿਓ! ਤੁਸੀਂ ਜਾਣਦੇ ਹੋ ਇਸ ਜ਼ਮੀਂ ਤੋਂ ਇਲਾਵਾ ਕਿਸੇ ਹੋਰ ਗ੍ਰਹਿ 'ਤੇ ਜੀਵਨ ਦੀ ਤਲਾਸ਼ ਲਈ ਸੰਘਰਸ਼ ਲੰਬੇ ਸਮੇਂ ਤੋਂ ਜਾਰੀ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੇਗੇ ਕਿ ਹੁਣ ਇਕ ਅਜਿਹਾ ਸੂਰਜ ਮੰਡਲ ਹੋਰ ਲੱਭ ਗਿਆ ਹੈ, ਜੋ ਸਾਡੀ ਆਪਣੀ ਧਰਤੀ ਤੋਂ 500 ਪ੍ਰਕਾਸ਼ ਵਰ੍ਹੇ ਦੂਰ ਹੈ । ਯਾਨੀ ਕਿ ਸਾਡੇ ਸੂਰਜ ਮੰਡਲ ਦੇ ਗ੍ਰਹਿਆਂ/ਉਪ-ਗ੍ਰਹਿਆਂ ਤੋਂ ਇਲਾਵਾ ਇਕ ਪੂਰਾ ਸੂਰਜ ਮੰਡਲ ਹੋਰ, ਜਿਥੇ ਬਹੁਤ ਸਾਰੇ ਸਬੂਤ ਜੀਵਨ ਦੀ ਸੰਭਾਵਨਾ ਦੀ ਪੁਸ਼ਟੀ ਕਰਦੇ ਹਨ। ਇਹ ਸੂਰਜ ਮੰਡਲ ਜਿਸ ਨੂੰ ਕੈਪਲਰ ਟੈਲੀਸਕੋਪ ਦੁਆਰਾ ਲੱਭਿਆ ਗਿਆ ਹੈ, ਦਾ ਨਾਂਅ ਕੈਪਲਰ-186 ਰੱਖਿਆ ਹੈ। ਇਸ ਦੇ ਪੰਜ ਉਪ-ਗ੍ਰਹਿ ਹਨ, ਜਿਨ੍ਹਾਂ ਦੀ ਸੰਰਚਨਾ ਧਰਤੀ ਵਰਗੀ ਹੀ ਹੈ ਅਤੇ ਇਥੇ ਕਾਫੀ ਹੱਦ ਤੱਕ ਜੀਵਨ ਸੰਭਵ ਹੈ।

**ਜੀਵਨ ਬ੍ਰਹਸਪਤੀ ਦੇ ਚੰਦ 'ਤੇ ਵੀ...**

ਸਾਡੇ ਸੂਰਜ ਮੰਡਲ ਦੇ ਸਭ ਤੋਂ ਵੱਡੇ ਉਪ-ਗ੍ਰਹਿ, ਬ੍ਰਹਸਪਤੀ ਦੇ ਸਭ ਤੋਂ ਵੱਡੇ ਚੰਦ 'ਗੈਨੀਮਡ' ਉੱਤੇ ਭੂਮੀਗਤ ਸਮੁੰਦਰ ਹੋਣ ਦੇ ਸੰਕੇਤ ਮਿਲੇ ਹਨ। ਨਾਸਾ ਦਾ ਦਾਅਵਾ ਹੈ ਕਿ ਇਸ ਸਮੁੰਦਰ ਵਿਚ ਧਰਤੀ ਤੋਂ ਵੀ ਵੱਧ ਪਾਣੀ ਮੌਜੂਦ ਹੈ, ਜੋ ਧਰਤੀ ਦੇ ਸਮੁੰਦਰਾਂ ਨਾਲੋਂ ਘੱਟੋ-ਘੱਟ ਦਸ ਗੁਣਾ ਡੂੰਘਾ ਅਤੇ 150 ਕਿਲੋਮੀਟਰ ਮੋਟੀ ਬਰਫ਼ੀਲੀ ਤਹਿ ਥੱਲੇ ਦੱਬਿਆ ਪਿਆ ਹੈ। ਗੈਨੀਮੇਡ, ਇਕੋ-ਇਕ ਅਜਿਹਾ ਚੰਦ ਹੈ, ਜਿਸ ਦਾ ਆਪਣਾ ਚੁੰਬਕੀ ਖੇਤਰ ਹੈ, ਜਿਸ ਕਾਰਨ ਉੱਥੇ ਆਰੇਰੋ ਬਣਦਾ ਹੈ। ਆਰੇਰੋ, ਚਮਕੀਲੇ ਅਤੇ ਬਿਜਲਈਕ੍ਰਿਤ ਗੈਸ ਦਾ ਇਕ ਫੀਤਾ ਹੈ, ਜੋ ਚੰਦ ਦੇ ਉੱਤਰੀ ਅਤੇ ਦੱਖਣੀ ਧਰੁਵ ਤੋਂ ਦਿੱਸਦਾ ਹੈ, ਕਿਉਂਕਿ ਗੈਨੀਮੇਡ, ਬ੍ਰਹਸਪਤੀ ਦੇ ਨੇੜੇ ਹੈ, ਜਦੋਂ ਬ੍ਰਹਸਪਤੀ ਦਾ ਚੁੰਬਕੀ ਖੇਤਰ ਬਦਲਦਾ ਹੈ, ਗੈਨੀਮੇਡ ਦਾ ਆਰੇਰੋ ਵੀ ਬਦਲਦਾ ਹੈ। ਇਹ ਆਰੇਰੋ ਹੀ ਇੱਥੇ ਜੀਵਨ ਸੰਭਵ ਹੋਣ ਦਾ ਵੱਡਾ ਸੰਕੇਤ ਹੈ।

**ਸਬੂਤ ਸ਼ਨੀ ਦੇ ਚੰਦ 'ਤੇ ਵੀ ਮਿਲੇ...**

2005 ਵਿਚ ਛੱਡੇ ਗਏ ਨਾਸਾ ਦੇ ਕਾਸਿਨੀ ਯਾਨ ਨੇ ਸ਼ਨੀ ਦੇ ਚੰਦ 'ਇੰਸੇਲਾਦਸ' 'ਤੇ ਜਲਵਾਸ਼ਪਾਂ ਦੀ ਮੌਜੂਦਗੀ ਦੇ ਸੰਕੇਤ ਦਿੱਤੇ ਸਨ। ਹੁਣ ਨਾਸਾ ਅਨੁਸਾਰ 'ਇੰਸੇਲਾਦਸ' ਦੀ ਬਰਫ਼ੀਲੀ ਸਤਹ ਦੇ 40 ਕਿਲੋਮੀਟਰ ਥੱਲੇ ਤਰਲ ਪਦਾਰਥ ਹਨ, ਜਿਸ ਦੀ ਵਜ੍ਹਾ ਕਰਕੇ ਉਥੇ ਜੀਵਨ ਲਈ ਅਨੁਕੂਲ ਪ੍ਰਸਥਿਤੀਆਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਸ਼ਨੀ ਦੇ ਸਭ ਤੋਂ ਵੱਡੇ ਉਪਗ੍ਰਹਿ 'ਟਾਈਟਨ' 'ਤੇ ਵੀ ਜੀਵਨ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ।

**ਮੰਗਲ 'ਤੇ ਵੀ ਵਸ ਸਕਦੀ ਹੈ ਦੁਨੀਆ...**

ਮੰਗਲ 'ਤੇ ਛੱਡੇ ਕਿਓਰੋਸਿਟੀ ਰੋਵਰ ਅਨੁਸਾਰ 'ਮੰਗਲ ਗ੍ਰਹਿ' ਲਗਭਗ 4 ਅਰਬ ਸਾਲ ਪਹਿਲਾਂ ਜੀਵਨ ਯੋਗ ਰਿਹਾ ਹੋਵੇਗਾ, ਕਿਉਂਕਿ ਉਥੋਂ ਦੀ ਸਤਹ ਗਰਮ ਅਤੇ ਪਾਣੀ ਮੌਜੂਦ ਰਿਹਾ ਹੋਵੇਗਾ। ਅਜੇ ਤੱਕ ਜੀਵਨ ਸੰਭਵ ਹੋਣ ਦੀ ਪੁਸ਼ਟੀ ਤਾਂ ਨਹੀਂ ਹੋ ਸਕੀ, ਪਰ ਉੱਥੇ ਮੀਥੇਨ ਗੈਸ ਦੀ ਮੌਜੂਦਗੀ ਤੋਂ ਵਿਗਿਆਨੀ ਹੈਰਾਨ ਸਨ, ਕਿਉਂਕਿ ਮੀਥੇਨ ਗੈਸ, ਜੈਵਿਕ ਕ੍ਰਿਆਵਾਂ ਦਾ ਹੀ ਉਤਪਾਦ ਹੈ, ਪਰ ਮੀਥੇਨ ਦੇ ਸਰੋਤ ਦੀ ਪ੍ਰਕ੍ਰਿਤੀ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਸ਼ਾਇਦ 'ਮੰਗਲਯਾਨ' ਇਸ ਬਾਬਤ ਕੁਝ ਅੰਕੜੇ ਜੁਟਾਉਣ 'ਚ ਸਫ਼ਲ ਹੋਵੇ। -0-

**ਬਾਲ ਕਹਾਣੀ:**

# ਬਹਾਦਰ ਬੱਚੇ

**–ਰਘੁਵੀਰ ਸਿੰਘ ਕਲੋਆ 98550-24495**

ਮਨੀ ਅਤੇ ਜੋਤ, ਦੋਵੇਂ ਭੈਣ-ਭਰਾ ਆਪਣੇ ਘਰ ਦੇ ਵਿਹੜੇ 'ਚ ਖੇਡ ਰਹੇ ਸਨ ਕਿ ਉਨ੍ਹਾਂ ਦੀ ਮੰਮੀ ਨੇ ਰਸੋਈ ਅੰਦਰੋਂ 'ਵਾਜ ਲਗਾਈ,

'ਪੁੱਤ ਮਨੀ, ਲਾਲੇ ਦੀ ਦੁਕਾਨ 'ਤੇ ਜਾਵੇਂਗੀ, ਜ਼ਰਾ ਚਾਹ ਪੱਤੀ ਲੈਣ।'

'ਜੀ ਮੰਮੀ!' ਮਨੀ ਨੇ ਹਾਂ ਵਿਚ ਸਿਰ ਹਿਲਾਇਆ ਤੇ ਭੱਜ ਕੇ ਰਸੋਈ 'ਚ ਕੰਮ ਕਰਦੀ ਆਪਣੀ ਮੰਮੀ ਕੋਲ ਜਾ ਪੁੱਜੀ। ਲਾਲੇ ਦੀ ਕਰਿਆਨੇ ਦੀ ਦੁਕਾਨ ਉਨ੍ਹਾਂ ਦੇ ਘਰ ਤੋਂ ਬਹੁਤਾ ਦੂਰ ਨਹੀਂ ਸੀ। ਆਪਣੀ ਮੰਮੀ ਕੋਲੋਂ ਪੈਸੇ ਲੈ ਅਤੇ ਚਾਹ ਪੱਤੀ ਦਾ ਨਾਂਅ ਪੁੱਛ ਉਹ ਉੱਥੋਂ ਚੱਲਣ ਲੱਗੀ ਤਾਂ ਜੋਤ ਵੀ ਉੱਥੇ ਭੱਜਾ-ਭੱਜਾ ਆ ਪੁੱਜਿਆ,

'ਮੈਂ ਵੀ ਜਾਊਂਗਾ, ਮੈਂ ਵੀ ਜਾਊਂਗਾ।'

ਜੋਤ ਨੂੰ ਪਤਾ ਸੀ ਕਿ ਲਾਲਾ ਉਨ੍ਹਾਂ ਨੂੰ ਸੌਦੇ ਦੇ ਨਾਲ ਇਕ-ਅੱਧ ਟੌਫ਼ੀ ਵੀ ਦੇ ਦਿੰਦਾ ਹੁੰਦਾ, ਇਸੇ ਕਰਕੇ ਉਹ ਵੀ ਨਾਲ ਜਾਣਾ ਚਾਹੁੰਦਾ ਸੀ। ਧਿਆਨ ਨਾਲ ਜਾਣ ਦੀ ਹਦਾਇਤ ਦੇ ਜਦੋਂ ਉਨ੍ਹਾਂ ਦੀ ਮੰਮੀ ਨੇ ਦੋਵਾਂ ਨੂੰ ਜਾਣ ਦੀ ਆਗਿਆ ਦਿੱਤੀ ਤਾਂ ਉਹ ਛਾਲਾਂ ਮਾਰਦੇ ਘਰ ਤੋਂ ਬਾਹਰ ਆ ਗਏ।

ਜੋਤ ਦੀ ਉਮਰ ਪੰਜ ਕੁ ਸਾਲ ਦੀ ਸੀ ਤੇ ਮਨੀ ਦੀ ਅੱਠ ਸਾਲ। ਗਲੀ 'ਚ ਤੇਜ਼-ਤੇਜ਼ ਤੁਰਦਿਆਂ ਅਚਾਨਕ ਜੋਤ ਨੇ ਸ਼ੂਟ ਵੱਟ ਲਈ।

'ਆਜਾ ਦੇਖੀਏ ਕਿਹੜਾ ਪਹਿਲਾਂ ਪਹੁੰਚਦਾ ਲਾਲੇ ਦੀ ਹੱਟੀ।'

ਦੁੜੰਗੇ ਲਾਉਂਦਾ ਹਾਲੇ ਉਹ ਕੁਝ ਦੂਰ ਹੀ ਗਿਆ ਹੋਣਾ ਕਿ ਬੇਧਿਆਨੀ ਕਾਰਨ ਉਹ ਭੁੰਜੇ ਡਿੱਗ ਪਿਆ। ਉਸ ਦੀ ਸੱਜੀ ਕੂਹਣੀ 'ਤੇ ਹਲਕੀ ਜਿਹੀ ਰਗੜ ਲੱਗ ਗਈ। ਅੱਖਾਂ ਭਰਦਿਆਂ ਉਹ ਹਟਕੋਰੇ ਲੈਣ ਲੱਗਾ। ਪਿੱਛੇ ਆਉਂਦੀ ਮਨੀ ਫਟਾਫਟ ਉਸ ਕੋਲ ਪੁੱਜੀ ਤੇ ਉਸ ਦੇ ਕੱਪੜੇ ਝਾੜਦਿਆਂ ਉਸ ਨੂੰ ਦਿਲਾਸਾ ਦੇਣ ਲੱਗੀ, 'ਕੁਝ 'ਨੀ ਹੋਇਆ, ਵੀਰੇ, ਚੱਲ ਉੱਠ।'

ਪਰ ਉਸ ਦੇ ਕੋਲ ਪਹੁੰਚਦਿਆਂ ਜੋਤ ਹੋਰ ਉੱਚੀ ਰੋਣ ਲੱਗਿਆ ਸੀ ਜਿਵੇਂ ਕੂਹਣੀ ਦੀ ਸੱਟ ਨਾਲੋਂ ਉਸ ਦੇ ਸਵੈਮਾਣ ਨੂੰ ਜ਼ਿਆਦਾ ਸੱਟ ਵੱਜੀ ਹੋਵੇ। ਮਨੀ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਅਚਾਨਕ ਉਸ ਨੂੰ ਤਿੰਨ-ਚਾਰ ਵਰ੍ਹੇ ਪਹਿਲਾਂ ਆਪਣੇ ਸੱਟ ਲੱਗਣ ਦੀ ਗੱਲ ਯਾਦ ਆਈ। ਘਰ ਦੇ ਵਿਹੜੇ 'ਚ ਡਿੱਗ ਉਦੋਂ ਉਹ ਵੀ ਇਵੇਂ ਹੀ ਲਗਾਤਾਰ ਰੋਈ ਜਾ ਰਹੀ ਸੀ ਕਿ ਉਸ ਦੀ ਮੰਮੀ ਨੇ ਉਸ ਨੂੰ ਆਖਿਆ ਸੀ, 'ਨਾ ਰੋ ਮੇਰੀ ਲਾਡੋ, ਆਹ ਦੇਖ ਕੀੜੀ ਵਿਚਾਰੀ ਦਾ ਤਾਂ ਆਟਾ ਡੁੱਲ੍ਹ ਗਿਆ। ਹੁਣ ਉਹਦੇ ਬੱਚੇ ਕੀ ਖਾਣਗੇ।'

ਆਪਣੀ ਮੰਮੀ ਦੀ ਕਹੀ ਇਹ ਗੱਲ ਸੁਣਨ ਦੀ ਦੇਰ ਸੀ ਕਿ ਮਨੀ ਦਾ ਸਾਰਾ ਧਿਆਨ ਆਪਣੀ ਸੱਟ ਤੋਂ ਫ਼ਰਸ਼ 'ਤੇ ਜਾਂਦੀ ਕੀੜੀ ਵੱਲ ਚਲਾ ਗਿਆ। ਭਾਵੇਂ ਉਸ ਨੂੰ ਫ਼ਰਸ਼ 'ਤੇ ਨਾ ਤਾਂ ਕੀੜੀ ਦਿਸੀ ਸੀ ਨਾ ਹੀ ਉਸ ਦਾ ਆਟਾ ਪਰ ਉਸ ਨੂੰ ਆਪਣੀ ਸੱਟ ਭੁੱਲ ਗਈ ਸੀ। ਬੀਤੀ ਇਹ ਘਟਨਾ ਯਾਦ ਕਰ ਮਨੀ ਨੇ ਉਹੀ ਗੱਲ ਜੋਤ ਨੂੰ ਦੁਹਰਾਈ। ਜੋਤ ਕੁਝ ਚਿਰ ਚੁੱਪ ਤਾਂ ਕਰ ਗਿਆ ਪਰ ਪੂਰੀ ਤਰ੍ਹਾਂ ਡੁਸਕਣੋਂ ਨਾ ਹਟਿਆ। ਮਨੀ ਨੂੰ ਇਕ ਗੱਲ ਹੋਰ ਅਹੁੜੀ, 'ਜੋਤ ਤੂੰ ਤਾਂ ਬਹਾਦਰ ਬੱਚਾ ਹੈਂ, ਬਹਾਦਰ ਬੱਚੇ 'ਨੀ ਰੋਂਦੇ ਇੰਨੀ ਕੁ ਸੱਟ 'ਤੇ।' ਇਹ ਸੁਣ ਜੋਤ ਦੀਆਂ ਅੱਖਾਂ 'ਚ ਮੁੜ ਚਮਕ ਆ ਗਈ। ਹੁਣ ਉਸ ਦੇ ਚਿਹਰੇ 'ਤੇ ਵੀ ਪਿਆਰੀ ਜਿਹੀ ਮੁਸਕਾਨ ਸੀ। ਪਹਿਲਾਂ ਵਾਲੀ ਫ਼ੁਰਤੀ 'ਚ ਆ ਉਹ ਇਹ ਕਹਿੰਦਿਆਂ ਮੁੜ ਲਾਲੇ ਦੀ ਦੁਕਾਨ ਵੱਲ ਭੱਜ ਪਿਆ, 'ਚੱਲ ਫੇ, ਲਾ ਲੈ ਦੌੜ।'

ਪਰ ਹੁਣ ਉਸ ਦੇ ਕਦਮ ਪਹਿਲਾਂ ਨਾਲੋਂ ਜ਼ਿਆਦਾ ਸੰਭਲੇ ਹੋਏ ਸਨ।

# ਰਾਮੁ ਸਿਮਰਿ ਰਾਮੁ ਸਿਮਰਿ...

**ਇੰਜੀ: ਜੋਗਿੰਦਰ ਸਿੰਘ**

## (ਸਿਮਰਨ ਕੀ, ਕਿਵੇਂ ਤੇ ਕਿਉਂ ਕਰਣੈ?)

ਸਿਰਲੇਖ ਸਿਰਜੀ ਪੰਕਤੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਰਾਗੁ ਜੈਜਾਵੰਤੀ ਵਿਚ ਉਚਾਰੇ ਸ਼ਬਦ ਦੀ ਪਹਿਲੀ ਤੁਕ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਕ 1352 'ਪਰ ਸੁਭਾਇਮਾਨ ਹੈ- **ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥** ਰਾਮੁ ਸਿਮਰਿ ਦੇ ਫ਼ੁਰਮਾਨ ਨੂੰ ਦੂਹਰੀ ਵਾਰ ਉਚਾਰਦਿਆਂ ਗੁਰੂ ਪਾਤਿਸ਼ਾਹ ਮਨੁੱਖ ਨੂੰ ਸਾਰੀ ਸ੍ਰਿਸ਼ਟੀ ਦੀ ਹੋਂਦ ਅਤੇ ਸੰਚਾਲਨ ਦੇ ਕਾਰਨ, ਕਰਣ ਤੇ ਕਰਣਹਾਰ ਹੁੰਦਿਆਂ ਹੋਇਆਂ ਆਪਣੀ ਕਿਰਤ ਵਿਚ ਰਮੇ ਹੋਏ 'ਕਰਤਾਪੁਰਖੁ' ਦੇ ਨਿਰੰਤਰ ਸਿਮਰਨ ਵਾਸਤੇ ਤਾਕੀਦ ਕਰਦੇ ਹਨ। ਕਰਤਾ ਪੁਰਖੁ ਨੂੰ ਆਪਣੀ ਸਮੁੱਚੀ ਰਚਨਾ ਵਿਚ ਰਮਿਆ ਹੋਇਆ ਹੋਣ ਦੇ ਦ੍ਰਿੜ ਵਿਸ਼ਵਾਸ ਕਾਰਨ, ਪੁਰਾਤਨ ਸਮਿਆ ਤੋਂ ਹੀ ਰਾਮੁ ਨਾਉਂ ਜਾਂ ਨਾਮ ਨਾਲ ਜਾਣਿਆ ਜਾਂਦਾ ਹੈ। ਵੱਖ-ਵੱਖ ਮਨੁੱਖੀ ਸੱਭਿਆਚਾਰਾਂ ਵਿਚ ਕਰਤਾਪੁਰਖੁ ਜਾਂ ਓਸ ਕਰਤਾਰੀ ਹਸਤੀ ਨੂੰ ਹੀ ਪਰਮ-ਆਤਮਾ, ਅੱਲਾ, ਖ਼ੁਦਾ, ਅਕਾਲ ਮੂਰਤਿ, ਹਰੀ ਪ੍ਰਭੂ ਜਾਂ ਵਾਹਿਗੁਰੂ ਆਖਿਆ ਜਾਂਦਾ ਹੈ। ਸਿਮਰਨ 'ਸ੍ਮਰਣ' ਜਾਂ ਸਮ੍ਰਿਤੀ ਦਾ ਤਤਭਵ ਰੂਪ ਹੈ ਤੇ ਅਰਥ ਭਾਵ ਹਨ ਚੇਤੇ ਰੱਖਣਾ, ਯਾਦ ਵਿਚ ਟਿਕੇ ਰਹਿਣਾ ਜਾਂ ਹਿਰਦੈ'ਚ ਵਸਾਉਣਾ ਆਦਿਕ। ਇਹ ਸਾਰੀ ਪ੍ਰਕਿਰਿਆ 'ਮਨ' ਨੇ ਕਰਨੀ ਹੈ। ਮਾਨਸਿਕ ਤਲ 'ਤੇ ਜਿਹੋ ਜਿਹੇ ਸੰਕਲਪ-ਵਿਕਲਪ ਉਭਰਦੇ ਰਹਿਣਗੇ, ਮਨੋਬਿਰਤੀਆਂ ਦੀ ਉਜੇਹੀ ਦਿਸ਼ਾ-ਦਸ਼ਾ ਸੰਵਰਦੀ-ਵਿਗੜਦੀ ਰਵ੍ਹੇਗੀ।

ਜੈਵਿਕ ਸੰਸਾਰ ਵਿਚ 'ਮਨੁੱਖ', ਸਰੀਰਕ ਅਤੇ ਮਾਨਸਿਕ ਵਿਕਾਸ-ਕ੍ਰਮ ਦਾ ਸਿਖਰ ਹੈ। ਇਸ ਤਰ੍ਹਾਂ ਮਨੁੱਖੀ ਮਨ ਨੂੰ ਪਸ਼ੂ-ਬਿਰਤੀਆਂ ਵਿਰਾਸਤ ਵਿਚ ਮਿਲਣੀਆਂ ਸੁਭਾਵਿਕ ਹੀ ਹਨ। ਅਸਲ ਵਿਚ 'ਮਨ' ਦੀਆਂ ਸੋਚਣੀਆਂ, ਲੋਚਣੀਆਂ ਤੇ ਇਛਾਵਾਂ ਦੀ ਪੂਰਤੀ ਵਾਸਤੇ ਕੀਤੀਆਂ ਗਈਆਂ ਕੋਸ਼ਿਸ਼ਾਂ, ਯਤਨਾਂ ਹੰਭਲਿਆਂ ਤੇ ਉਪਰਾਲਿਆਂ ਸਦਕਾ ਹੀ ਵਿਕਾਸ ਦੀ ਅਰੰਭਣਾ ਹੁੰਦੀ ਹੈ। ਇੰਵ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ ਕਿ ਪਹਿਲੋਂ 'ਮਨ' ਦੇ ਵਿਕਾਸ ਦੀ ਸ਼ੁਰੂਆਤ ਹੋਈ, ਜਿਸਨੇ ਸਰੀਰਕ ਅੰਗਾਂ-ਪ੍ਰਤਿਅੰਗਾਂ ਨੂੰ ਉਦਮੀ ਅਤੇ ਕਈ ਪਰਤਾਵਿਆਂ (Repeated attempts, Experiments etc.) ਮਗਰੋਂ ਸਹੀ ਦਸ਼ਾ ਵੱਲ ਕਾਰਜਸ਼ੀਲ ਹੋਣ ਲਈ ਉਤਸ਼ਾਹਿਤ ਕੀਤਾ। ਨਤੀਜਤਨ ਦੂਜੀਆਂ ਸਾਰੀਆਂ ਜੋਨੀਆਂ ਵਿਚੋਂ ਮਨੁੱਖ ਨੂੰ ਸਿਰਦਾਰੀ ਪ੍ਰਾਪਤ ਹੋਈ ਹੈ। ਪ੍ਰਭੂ- ਪ੍ਰਮਾਤਮਾ ਨੇ ਮਨੁੱਖੀ-ਮਨ ਦੀ ਇਸ 'ਸਿਕਦਾਰੀ' ਵਿਚ ਅਸੀਮ ਸ਼ਕਤੀਆਂ ਤੇ ਸਮਰੱਥਾਵਾਂ ਸੰਜੋਈਆਂ ਹੋਈਆਂ ਹਨ। ਜੇ ਮਨੁੱਖ ਨੂੰ ਸੱਚੇ ਰਹਿਬਰ, ਮੁਰਸ਼ਦ, ਪੱਥ ਪ੍ਰਦਰਸ਼ਕ, ਸਤਿਗੁਰੂ ਦੀ ਰਹਿਨੁਮਾਈ ਹਾਸਿਲ ਹੋ ਜਾਵੇ ਤਾਂ ਉਸ ਵਲੋਂ ਦਿੱਤੀਆਂ ਸਿੱਖਿਆਵਾਂ ਤੇ ਨਿਰਦੇਸ਼ਾਂ ਅਨੁਸਾਰ ਜੀਵਨ-ਘਾੜਤ ਕਰਦਿਆਂ ਉਹਨਾਂ ਸਮਰਥਾਵਾਂ ਨਾਲ ਜੁੜੀਆਂ ਚੜ੍ਹਦੀਆਂ ਕਲਾਂ ਦੁਆਰਾ ਜ਼ਿੰਦਗੀ ਦੇ ਸ੍ਰੇਸ਼ਟਤਮ ਟੀਚਿਆਂ ਤੱਕ ਅੱਪੜਿਆ ਜਾ ਸਕਦਾ ਹੈ।

ਮਨੁੱਖ ਵਲੋਂ ਖਾਣ- ਪੀਣ, ਹੱਸਣ ਸੋਣ ਅਤੇ ਹੋਰ ਸਰੀਰਕ ਸੁੱਖ-ਸੁਵਿਧਾਵਾਂ ਵਾਸਤੇ ਲੋੜੀਦੇਂ ਆਹਰ-ਪਾਹਰ ਕਰਦੇ ਰਹਿਣਾ ਤਾਂ ਦੂਸਰਿਆਂ ਸਾਰਿਆ ਜੀਵ- ਜੰਤੂਆਂ ਵਾਂਗ ਕੁਦਰਤੀ ਵਰਤਾਰਾ ਹੀ ਹੈ। ਫਿਰ ਮਨੁੱਖ ਨੂੰ ਪਸ਼ੂਆਂ-ਪੰਛੀਆਂ ਦੀਆਂ ਸ਼੍ਰੇਣੀਆਂ ਤੋਂ ਵੱਖਰੀ ਤੇ ਉਤਮ ਨਸਲ ਹੋਣ ਦਾ ਕੀ ਮਾਪਦੰਡ ਮੰਨੀਏ? **ਅਵਰ ਜੋਨਿ ਤੇਰੀ ਪਨਿਹਾਰੀ ॥ ਇਸ ਧਰਤੀ ਮਹਿ ਤੇਰੀ ਸਿਕਦਾਰੀ॥ (374)** ਵਾਲੇ ਰੁਤਬੇ ਦੀ ਪ੍ਰਮਾਣੀਕਤਾ ਜਾਂ ਮਿਆਰੀ ਉਚਿਤਤਾ ਸਿੱਧ ਕਰਨ ਲਈ ਕਿਹੜੀਆਂ ਨਿਸ਼ਾਨੀਆਂ, ਲੱਛਣ, ਕਰਤੱਵ ਜਾਂ ਜ਼ਿੰਮੇਵਾਰੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ? ਜੇ ਅਜਿਹੇ ਮਾਪਦੰਡਾਂ ਪਰ ਪੂਰਾ ਨਹੀਂ ਉਤਰਿਆ ਜਾਂਦਾ ਤਾਂ ਫਿਰ **ਕਰਤੂਤਿ ਪਸੂ ਕੀ ਮਾਨਸ ਜਾਤਿ॥ (267)** ਹੀ ਆਖਿਆ ਜਾਵੇਗਾ।

ਗੁਰੂ ਸਾਹਿਬ ਮਨੁੱਖ ਨੂੰ ਐਸੀ ਉੱਤਰਦਾਇਕਤਾ (Onus, Imparative accountability) ਦੀ ਉੱਚਤਾ ਤੇ ਉੱਤਮਤਾ ਵਾਸਤੇ ਪ੍ਰਭੂ-ਸਿਮਰਨ ਨੂੰ ਇਹੈ ਤੇਰੈ ਕਾਜਿ ਹੈ ਨਿਸ਼ਚਿਤ ਕਰਦਿਆਂ ਹੋਰਨਾਂ ਆਮ-ਸਾਧਾਰਣ ਜਾਂ ਜ਼ਿੰਦਗੀ ਨੂੰ ਬਰਕਰਾਰ ਰੱਖਣ ਵਾਸਤੇ ਰੋਟੀ ਕੱਪੜਾ ਮਕਾਨ ਲਈ ਲੋੜੀਂਦੇ ਉਪਰਾਲਿਆਂ ਜਾਂ ਕੰਮਾਂ ਤੋ ਅੱਗੇ ਤੇ ਵੱਡੇ ਮਹੱਤਵਪੂਰਨ ਕਾਰਜ ਵੱਲ ਪ੍ਰੇਰਿਤ ਕਰਦੇ ਹਨ। ਹਰ ਕਾਰਜ ਦੀ ਸਫਲਤਾ ਲਈ ਕੁਝ ਮੁਢਲੀਆਂ ਜ਼ਰੂਰੀ ਤਿਆਰੀਆਂ (Prerequisites) ਆਵੱਸ਼ਕ ਹੁੰਦੀਆਂ ਹਨ ਤਾਂ ਜੋ ਇੱਛਤ ਨਤੀਜੇ ਪ੍ਰਾਪਤ ਹੋ ਸਕਣ। ਇਹ ਅੱਟਲ ਸਚਾਈ ਹੈ ਕਿ ਸੰਸਾਰਕ ਪ੍ਰਸਥਿਤੀਆਂ ਹਮੇਸ਼ਾ ਇਕੋ-ਜਿਹੀਆਂ ਨਹੀ ਰਹਿੰਦੀਆਂ। ਮਾਇਕ-ਪਦਾਰਥਾਂ ਤੋਂ ਉਪਜਦੇ ਜਾਣੇ ਜਾਂਦੇ ਸੁੱਖ ਅਲਪ ਕਾਲੀਨ ਜਾਂ ਝੂਠੇ ਹੀ ਹੁੰਦੇ ਹਨ, ਕਿਉਂਕਿ ਹਾਲਾਤ ਬਦਲਦਿਆਂ ਹੀ ਇਹਨਾਂ ਦੀ ਅਣਹੋਂਦ ਵਧੇਰੇ ਕਸ਼ਟਦਾਇਕ ਪ੍ਰਤੀਤ ਹੁੰਦੀ ਹੈ। ਇਸ ਕਰਕੇ ਨਾਸ਼ਵੰਤ ਧਨ-ਦੌਲਤਾਂ ਨਾਲ ਬੱਝੀਆਂ ਸ਼ਾਨ-ਸ਼ੌਕਤਾਂ ਦੇ ਲੋਭ-ਮੋਹ ਅਹੰਕਾਰ ਨੂੰ ਤਿਆਗਣਾ ਲੋੜੀਂਦਾ ਹੈ। ਅਸਲੀਅਤ ਵਿਚ 'ਸੁੱਖ' ਸਰੀਰ ਦਾ ਵਿਸ਼ਾ ਹੀ ਨਹੀ। ਸਰੀਰ ਤਾਂ ਆਪਣੀਆਂ ਲੋੜਾਂ- ਥੋੜਾਂ ਦੀ ਮੁਥਾਜੀ ਵੱਸ ਦੁਖੀ ਹੀ ਰਹਿੰਦਾ ਹੈ ਜਾਂ ਇਹਨਾਂ ਲੋੜਾਂ ਦੀ ਪੂਰਤੀ ਹੋਵਣ ਉਪਰੰਤ ਚੁੱਪ ਕਰ ਬੈਠਦਾ ਹੈ। ਸਰੀਰ ਨੂੰ ਸੁਖਾਂ ਦਾ ਕੁਝ ਪਤਾ ਨਹੀਂ। ਪਰ ਸਰੀਰ ਦੇ ਦੁਖੀ ਹੋਣ ਦਾ ਅਹਿਸਾਸ 'ਮਨ' ਨੂੰ ਝਟਪਟ ਅੱਪੜਦਾ ਹੈ ਤੇ ਵਿਚਲਿਤ ਕਰਦਾ ਹੈ।ਉਪਲਬਧ ਵਸੀਲਿਆਂ ਦੀ ਵਰਤੋਂ ਕਰਦਿਆਂ ਜਦੋਂ ਸਰੀਰਕ ਲੋੜ ਪੂਰੀ ਹੋ ਜਾਂਦੀ ਹੈ ਤਾਂ ਮਨ ਵੀ ਸ਼ਾਂਤ ਹੋ ਜਾਂਦਾ ਹੈ- ਭਾਵ, ਨਾ ਦੁੱਖ, ਨਾ ਸੁਖ।ਅਸਲੀਅਤ ਵਿਚ ਸੁਖ-ਆਨੰਦ ਦੀ ਪ੍ਰਾਪਤੀ ਵਾਸਤੇ 'ਮਨ' ਨੂੰ ਕੁਝ ਹੋਰ ਵਿਸ਼ੇਸ਼ ਗਤੀਵਿਧੀਆਂ ਕਰਨੀਆਂ ਲੋੜੀਂਦੀਆਂ ਹਨ, ਤੇ ਉਹ **ਰਾਮੁ ਸਿਮਰਿ ਰਾਮੁ ਸਿਮਰਿ** ਨਾਲ ਜੁੜੀਆਂ ਹੋਈਆਂ ਹਨ।

ਗੁਰਬਾਣੀ ਨੇ ਨਾਮੁ ਜਪਣ, ਗਾਉਣ, ਸਿਮਰਨ ਤੇ ਧਿਆਵਣ ਤੋਂ ਉਪਜਦੇ ਸਦਗੁਣਾਂ, ਵਡਿਆਈਆਂ, ਉਪਲਬਧੀਆਂ, ਸਰੀਰਕ ਤੇ ਮਾਨਸਿਕ ਸਿਹਤ ਨਾਲ ਸੰਬੰਧਿਤ ਲਾਹੇਵੰਦ ਤਬਦੀਲੀਆਂ ਅਤੇ ਸਮੁੱਚੀ ਮਨੁੱਖੀ ਸ਼ਖਸੀਅਤ ਦੀ ਖੁਸ਼ਹਾਲੀ ਤੇ ਚੜ੍ਹਦੀਆਂ ਕਲਾਂ ਪ੍ਰਫੁੱਲਿਤ ਹੋਣ ਦੀ ਬਾਰੰਬਰ ਪੁਨਰਾਵ੍ਰਿਤੀ ਕੀਤੀ ਹੈ। ਅਸੀਂ ਕੇਵਲ ਵੰਨਗੀ ਮਾਤਰ ਪ੍ਰਮਾਣ ਪ੍ਰਸਤੁਤ ਕਰਨਾ ਚਾਹਾਂਗੇ:

1. ਗੁਰੂ ਨਾਨਕ ਸਾਹਿਬ ਮਨੁੱਖੀ ਮਾਨਸਿਕਤਾ ਵਿਚ ਵਿਆਪਦੀਆਂ ਵਿਕਾਰੀ ਬਿਰਤੀਆਂ ਨੂੰ ਠੱਲ੍ਹ ਪਾਉਣ ਵਾਸਤੇ ਪ੍ਰਮਾਤਮਾ ਦੇ ਨਾਮੁ-ਸਿਮਰਨ ਦਾ ਨੁਸਖਾ ਦੱਸਦੇ ਹਨ। ਵੀਚਾਰਾਤਮਕ ਤੇ ਸੰਜੀਦਗੀ ਨਾਲ ਕੀਤੀ ਗਈ ਇਸ ਪ੍ਰਕਿਰਿਆ ਦੁਆਰਾ ਨਿੱਜੀ ਤੇ ਸਮਾਜਿਕ ਆਚਰਣ ਵਿਚ ਉੱਤਮਤਾ ਲਿਆਂਦੀ ਜਾ ਸਕਦੀ ਹੈ।

**ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥**
**ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥**
**ਸ੍ਰੀ ਰਾਮ ਨਾਮਾ ਉਚਰੁ ਮਨਾ॥ ਆਗੈ ਜਮ ਦਲੁ ਬਿਖਮੁ ਘਨਾ॥**

(155)

2. ਜਿਸ ਹਿਰਦੈ ਵਿਚ ਨਾਮੁ-ਵਰਖਾ ਸ਼ੁਰੂ ਹੋ ਜਾਏ, ਉਥੋਂ ਦੁੱਖਾਂ-ਭੁੱਖਾਂ ਦੀ ਤਪਸ਼ ਮਿਟ ਜਾਂਦੀ ਹੈ- ਬਸ ਸ਼ਾਂਤੀ ਹੀ ਸ਼ਾਂਤੀ, ਸੁਖ ਹੀ ਸੁਖ, ਤ੍ਰਿਪਤੀ ਹੀ ਤ੍ਰਿਪਤੀ ਦਾ ਸੁਹਾਵਣਾ ਵਾਤਾਵਰਨ ਬਣ ਜਾਂਦਾ ਹੈ।

**ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥ (1250)** ਅਤੇ ਮਹਲਾ ਨੌਵਾਂ ਅਨੁਸਾਰ **ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ ॥ ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ ॥ ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ ॥ ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ ॥ (1352)**

3. ਭਗਤ ਨਾਮਦੇਵ ਜੀ 'ਸੰਡਾ ਮਰਕਾ ਜਾਇ ਪੁਕਾਰੇ' ਵਾਲੇ ਸ਼ਬਦ ਵਿਚ ਨਾਮੁ-ਸਿਮਰਨ ਤੋਂ 'ਨਿਰਭੈਤਾ' ਵਰਗੇ ਗੁਣਾਂ ਦੇ ਉਪਜਣ ਦੀ ਗਵਾਹੀ ਦਿੰਦੇ ਹਨ:

**ਰਾਮ ਨਾਮਾ ਜਪਿਬੋ ਕਰੈ ॥**
**ਹਿਰਦੈ ਹਰਿ ਜੀ ਕੋ ਸਿਮਰਨੁ ਧਰੈ॥ ਰਹਾਉ ॥**
**ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ॥**
**ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥**
**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥**
**ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥**
**ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥**
**ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥**
**ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ॥**
**ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥**
**(1165)**

4. ਗੁਰੂ ਅਰਜਨ ਸਾਹਿਬ ਜੀ 'ਸੁਖਮਨੀ' ਬਾਣੀ ਦੇ ਸ਼ੁਰੂ ਵਿਚ ਹੀ ਜੀਵਨ-ਜਾਚ ਦੀ ਅਗਵਾਈ ਦੇਂਦਿਆਂ **ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥ (262)** ਉਚਾਰਦਿਆਂ, ਪੂਰੀ ਅਸ਼ਟਪਦੀ ਵਿਚ 'ਪ੍ਰਭ ਕੈ ਸਿਮਰਨਿ' ਦੀਆਂ ਅਨੰਤ ਪਰਤਾਂ ਖੋਲ੍ਹਦੇ ਹਨ। ਪੰਦਰਵੀਂ ਅਸ਼ਟਪਦੀ ਦੇ ਮੁਢਲੇ ਸਲੋਕ ਵਿਚ **ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ॥** (282) ਫੁਰਮਾਉਂਦਿਆਂ, ਪੰਜਵੇਂ ਪਦੇ ਵਿਚ ਜੀਵਨ ਮਨੋਰਥ ਦੀ ਸਫਲਤਾ ਦਾ ਰਹੱਸ ਇੰਝ ਦ੍ਰਿਸ਼ਟਾਉਂਦੇ ਹਨ:

**ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥ ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥ ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥ (283)**

5. ਭਗਤ ਰਵਿਦਾਸ ਜੀ ਇਕ ਸ਼ਬਦ ਵਿਚ ਲੋਕਾਂ ਵਲੋਂ ਆਪਣੀ ਨੀਵੀਂ ਜਾਤ ਆਖੇ ਜਾਣ ਦੇ ਬਾਵਜੂਦ, ਪ੍ਰਭੂ ਨਾਮੁ-ਸਿਮਰਨ ਦੇ ਅਮਲ 'ਚੋਂ, ਜੀਵਨ ਸ਼ੈਲੀ ਦੀ ਨਵ ਘਾੜਤ ਰਾਹੀਂ ਮਾਨਵੀ ਨੈਤਿਕ ਕਦਰਾਂ-ਕੀਮਤਾਂ ਤੇ ਆਚਰਣ ਦੀ ਸ੍ਰੇਸ਼ਟਤਾ ਨੂੰ ਵੱਡੇ-ਵੱਡੇ ਬ੍ਰਾਹਮਣਾਂ ਵਲੋਂ ਵੀ ਸਵਿਕਾਰਿਆ ਤੇ ਨਮਸਕਾਰਿਆ ਜਾਣ ਦੀ ਤਸਦੀਕ ਕਰਦੇ ਹਨ-ਭਾਵ ਗੁਣਵੱਤਾ ਪੱਖੋਂ ਸਿਮਰਨ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ:

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ ਰਿਦੈ ਰਾਮ ਗੋਬਿੰਦ ਗੁਨ ਸਾਰੰ॥ ਰਹਾਉ ॥ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥ ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥ ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥ ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥ ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ (1293)** ਇਤਿਆਦਿਕ।

ਸੁਚੇਤ ਜਿਗਿਆਸੂ ਵਲੋਂ, ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਕਰਦਿਆਂ ਮਨੁੱਖੀ ਆਚਰਣ, ਸੱਭਿਆਚਾਰ ਤੇ ਸਮਾਜਿਕ-ਸਾਂਝ ਦੀ ਉਸਾਰੀ ਵੱਲ ਸੇਧਿਤ ਤੇ ਪ੍ਰੇਰਿਤ ਕਰਦਿਆਂ ਨਾਮੁ ਸਿਮਰਨ ਦੀਆਂ ਉਕਤ ਅਤੇ ਹੋਰ ਅਣ-ਗਿਣਤ ਬਰਕਤਾਂ ਦਾ ਬਖਾਨ ਗੁਰਬਾਣੀ ਵਿਚ ਬਾਰੰਬਾਰ ਵੇਖਿਆ ਜਾ ਸਕਦਾ ਹੈ। ਜਪੁ ਬਾਣੀ ਵਿਚ ਸਚਿਆਰੀ ਜੀਵਨ ਸ਼ੈਲੀ ਵਾਸਤੇ **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (2)** ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਗਿਆ ਹੈ। ਵਡਿਆਈ ਤੋਂ ਮੁਰਾਦ ਹੈ ਆਦਰਸ਼ਕ ਗੁਣਵੱਤਾ, ਈਸ਼ਵਰੀ-ਗੁਣ, ਖਾਸਾ ਜਾਂ ਵਿਸ਼ੇਸ਼ਤਾਈਆਂ (Attributes)। ਇਹਨਾਂ ਗੁਣਾਂ ਦੀ ਵੀਚਾਰ ਕਰਨ ਦਾ ਮਤਲਬ ਹੈ ਕਿ ਇਹੋ ਜਿਹੇ ਗੁਣਵਾਚਕ ਲੱਛਣਾਂ ਨੂੰ ਚੰਗੀ ਤਰ੍ਹਾਂ ਸਮਝਦਿਆਂ-ਬੁੱਝਦਿਆਂ ਆਪਣੇ ਜੀਵਨ-ਅਮਲ ਦੇ ਚੱਜ-ਆਚਾਰ ਵਿਚ ਸ਼ਾਮਿਲ ਕਰਨਾ। ਸਿੱਖਾਂ ਦੇ ਰੋਜ਼-ਮੱਰਾ ਦੇ ਕਾਰ ਵਿਹਾਰ ਤੇ ਸੁਭਾਉ ਵਿਚ ਸਦਾਚਾਰੀ ਲੱਛਣਾਂ ਦੀ ਸਮੂਲੀਅਤ ਹੀ ਮਹੱਤਵਪੂਰਨ ਹੈ ਜਿਸ ਨੇ ਸਾਧਾਰਨ ਸਿੱਖ ਨੂੰ ਗੁਰਮੁਖ ਤੇ ਸਨਮੁੱਖ ਬਣਾਉਣਾ ਹੈ। ਨਿਤਨੇਮ-ਪਾਠ ਕਰਨ ਦੀ ਮਰਯਾਦਾ ਦਾ ਮੰਤਵ ਵੀ ਇਹੋ ਹੈ ਕਿ ਹੌਲੀ-ਹੌਲੀ ਜਿਗਿਆਸੂ-ਸਿੱਖਾਂ ਦੇ ਜੀਵਨ ਦੀ ਸਦਗੁਣੀ ਨਵ-ਘਾੜਤ ਹੋਵੇ ਦੁਨਿਆਵੀ ਲੋਭ-ਮੋਹ, ਵਿਕਾਰ ਤੇ ਬੁਰਿਆਈਆਂ ਘਟਦੀਆਂ ਘਟਦੀਆਂ ਮੁੱਕ ਜਾਣ ਤੇ ਚੰਗਿਆਈਆਂ ਦੀ ਭਰਪੂਰਤਾ ਬਣੇ। ਗਉੜੀ ਰਾਗ ਵਿਚ ਉਚਾਰੇ ਇਕ ਸ਼ਬਦ ਵਿਚ ਧਰਮ-ਦਰਸ਼ਨ, ਸੰਸਕ੍ਰਿਤੀ ਤੇ ਮਨੁੱਖੀ-ਕਿਰਦਾਰ ਦੀ ਬਣਤਰ ਦੇ ਸੰਦਰਭ ਵਿਚ ਗੁਰੂ ਨਾਨਕ ਸਾਹਿਬ ਮਨੋਵਿਗਿਆਨਕ ਸਿਧਾਂਤ ਦੀ ਸਥਾਪਨਾ ਇੰਞ ਕਰਦੇ ਹਨ:

**ਸਤਿਗੁਰੁ ਸੇਵੇ ਸੋ ਜੋਗੀ ਹੋਇ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥**
**ਜੈਸਾ ਸੇਵੈ ਤੈਸੋ ਹੋਇ ॥ (223)**

ਨਾਮੁ-ਸਿਮਰਨ ਸਿੱਖ ਧਰਮ-ਕਰਮ ਦਾ ਅਤਿ ਮਹੱਤਵਪੂਰਨ ਅੰਗ ਹੈ। ਗੁਰਬਾਣੀ 'ਸਿੱਖ' ਦੀ ਪਰਿਭਾਸ਼ਾ ਕਰਦਿਆਂ ਨਿਸ਼ਚਿਤ ਕਰਦੀ ਹੈ ਕਿ:

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (305-306)**

**ਅਰਥ:** ਜੋ ਮਨੁੱਖ ਸਤਿਗੁਰੂ ਦਾ ਸਿੱਖ ਅਖਵਾਂਦਾ ਹੈ ਉਹ ਰੋਜ਼ ਸਵੇਰੇ ਉੱਠ ਕੇ ਹਰਿ-ਨਾਮੁ ਦਾ ਸਿਮਰਨ ਕਰਦਾ ਹੈ, ਹਰ ਰੋਜ਼ ਸਵੇਰੇ ਉੱਦਮ ਕਰਦਾ ਹੈ, ਇਸ਼ਨਾਨ ਕਰਦਾ ਹੈ ਤੇ ਫਿਰ ਨਾਮ-ਰੂਪ ਅੰਮ੍ਰਿਤ ਦੇ ਸਰੋਵਰ ਵਿਚ ਟੁੱਬੀ ਲਾਉਂਦਾ ਹੈ; ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ ਤੇ ਇਸ ਤਰ੍ਹਾਂ ਉਸ ਦੇ ਸਾਰੇ ਪਾਪ-ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ ਦਿਹਾੜੀ ਬਹਿੰਦਿਆਂ ਉੱਠਦਿਆਂ ਭਾਵ, ਕਾਰ-ਕਿਰਤ ਕਰਦਿਆਂ ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੂ ਦੇ ਮਨ ਵਿਚ ਉਹ ਸਿੱਖ ਚੰਗਾ ਲਗਦਾ ਹੈ ਜੋ ਪਿਆਰੇ ਪ੍ਰਭੂ ਨੂੰ ਹਰ ਦਮ ਯਾਦ ਕਰਦਾ ਹੈ। ਜਿਸ 'ਤੇ ਪਿਆਰਾ ਪ੍ਰਭੂ ਦਿਆਲ ਹੁੰਦਾ ਹੈ, ਉਸ ਗੁਰਸਿੱਖ ਨੂੰ ਸਤਿਗੁਰੂ ਸਿੱਖਿਆ ਦਿੰਦਾ ਹੈ। ਦਾਸ ਨਾਨਕ (ਵੀ) ਉਸ ਗੁਰਸਿੱਖ ਦੀ ਚਰਨ-ਧੂੜ ਮੰਗਦਾ ਹੈ ਜੋ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ। (ਪ੍ਰੋ. ਸਾਹਿਬ ਸਿੰਘ ਕ੍ਰਿਤ-'ਦਰਪਣ' ਵਿਚੋਂ)

ਇਹ ਵੀ ਸੱਚ ਹੈ ਕਿ ਮਨੁੱਖਤਾ ਦੇ ਇਤਿਹਾਸ ਵਿਚ ਹਰ ਸਮੇਂ, ਚੰਗੇ ਤੋਂ ਚੰਗੇ ਸਿਧਾਂਤਾਂ, ਉਪਦੇਸ਼ਾਂ, ਜੁਗਤਾਂ, ਸਾਧਨਾਂ ਤੇ ਸਮਰੱਥਾਵਾਂ ਦਾ ਦੁਰ-ਉਪਯੋਗ ਹੁੰਦਾ ਆਇਆ ਹੈ। ਸ਼ਾਇਦ ਮਨੁੱਖੀ ਮਾਨਸਿਕ ਤੇ ਬੌਧਿਕ ਵਿਕਾਸ ਦੀ ਇਹ ਸਭ ਤੋਂ ਵੱਡੀ ਤ੍ਰਾਸਦੀ ਰਹੀ ਹੈ ਕਿ ਚਤੁਰ-ਚਲਾਕ ਪੰਡਿਤਾਂ-ਪੁਰੋਹਿਤਾਂ ਤੇ ਮੁੱਲਾਂ-ਮੌਲਾਣਿਆਂ ਆਦਿ ਨੇ ਆਪਣੀ ਨਿਜੀ-ਉਪਜੀਵਿਕਾ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਧਰਮਾਂ ਦੇ ਉੱਚੇ-ਸੁੱਚੇ ਨੇਮਾਂ ਤੇ ਉਹਨਾਂ ਦੇ ਅਮਲਾਂ ਵਿਚ ਵੇਖੀਆ ਜਾ ਰਹੀਆਂ ਸਾਰੀਆਂ ਬਦਨੀਤੀਆਂ ਲਿਆ ਘਸੋੜੀਆਂ ਹਨ ਅਤੇ ਆਮ-ਲੋਕਾਈ ਨੂੰ ਵਹਿਮਾਂ-ਭਰਮਾਂ ਤੇ ਅਡੰਬਰੀ-ਅਨੁਸ਼ਨਾਨਾਂ ਵਿਚ ਉਲਝਾਈ ਰੱਖਿਆ ਹੈ। ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਰੰਗ ਰਾਗ ਵਿਚਲੇ ਇਕ ਸ਼ਬਦ ਵਿਚ ਮਨੁੱਖੀ-ਕਿਰਦਾਰ ਦੀ ਇਸ ਕਮਜ਼ੋਰੀ ਦੇ ਕਾਰਨ ਜੀਵਨ ਅਜਾਈਂ ਗਵਾਏ ਜਾਣ ਦੇ ਵਰਤਾਰੇ ਬਾਰੇ ਫੁਰਮਾਉਂਦੇ ਹਨ ਕਿ

**ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥**
**ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ॥**
**(1231)**

ਤੀਜੀ ਪਾਤਿਸ਼ਾਹੀ ਗੁਰੂ ਅਮਰਦਾਸ ਜੀ ਨੇ ਵੀ ਰਾਗ ਗੂਜਰੀ ਦੇ ਇਕ ਸ਼ਬਦ ਵਿਚ 'ਨਾਮੁ ਜਪਣ-ਸਿਮਰਨ' ਦੀ ਵਿਕ੍ਰਿਤ-ਪ੍ਰਕਿਰਿਆ ਦੀ ਸਪੱਸ਼ਟਤਾ ਇਉਂ ਕੀਤੀ ਹੈ:

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥ ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥ ਰਹਾਉ॥ ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥ ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥ ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥ ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥ (491)**

ਗੁਰਮਤਿ ਅਨੁਸਾਰ ਮਾਨਵ-ਮਨ, 'ਰਾਮ' ਜਾਂ ਕਰਤਾ-ਪੁਰਖੁ ਦੇ ਜੋਤਿ-ਸਰੂਪ ਦੀ ਹੀ 'ਅੰਸ਼' ਹੈ। ਅੰਸ਼ ਦੇ ਮੂਲਕ ਤਤਵ, ਗੁਣ, ਲੱਛਣ ਜਾਂ ਸੁਭਾਉ ਦਾ ਬਰਕਰਾਰ ਰਹਿਣਾ ਲਾਜ਼ਮੀ ਹੈ, ਤੇ ਇਸ ਲਾਜ਼ਿਮ ਜ਼ਿੰਮੇਵਾਰੀ ਨੂੰ ਨਿਭਾਉਣ ਵਾਸਤੇ ਪ੍ਰਭੂ-ਪਰਮਾਤਮਾ ਨੇ ਆਰੰਭ ਵਿਚ ਹੀ ਦਿਸ਼ਾ-ਨਿਰਦੇਸ਼ ਕਰ ਦਿੱਤਾ ਕਿ: **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** ਸਾਰਿਆਂ ਮੱਤ-ਮਤਾਂਤਰਾਂ ਦੇ ਧਰਮ ਸੰਸਥਾਪਕਾਂ ਨੇ ਓਸ ਇਸ਼ਟ-ਪ੍ਰਮੇਸ਼ਵਰ, ਭਗਵਾਨ, ਅੱਲਹਾ-ਤਾਲਾ, ਖ਼ੁਦਾ ਜਾਂ ਰੱਬ ਦੇ ਸਰੂਪ ਦੀ ਸੰਕਲਪਿਤ ਵਿਆਖਿਆ ਕੀਤੀ ਹੈ। ਸਿੱਖ ਧਰਮ ਦੇ ਇਸ਼ਟ-ਵਾਹਿਗੁਰੂ ਦਾ ਸੰਖਿਪਤ ਸਰੂਪ '੧ਓ ਤੋਂ ਗੁਰਪ੍ਰਸਾਦਿ' ਤੱਕ ਨਿਸਚਿਤ ਕੀਤਾ ਮੰਨਿਆ ਜਾਂਦਾ ਹੈ। ਇਸ ਦੀ ਵਿਸਥਾਰਿਤ ਗੁਣਾਤਮਕ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਆਪਣੀ ਰਚਨਾਵਾਂ ਵਿਚ ਉਪਲਬਧ ਹੈ। ਇਹਨਾਂ ਸਦਗੁਣੀ ਵਡਿਆਈਆਂ ਦੇ ਵਿਚਾਰਨ, ਸੇਵਨ ਜਾਂ ਸਿਮਰਨ ਕਰਦਿਆਂ ਜੀਵਨ-ਸ਼ੈਲੀ ਵਿਚ ਪਕਿਆਈ ਨਾਲ ਅਮਲਾਉਣ ਦੁਆਰਾ ਗੁਰਸਿੱਖ, ਕਰਤਾਪੁਰਖੁ ਦੀ ਨੇੜਤਾ ਪ੍ਰਾਪਤ ਕਰ ਸਕਦਾ: **ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (8)**

ਜੈਜਾਵੰਤੀ ਰਾਗ ਭਾਰਤਵਰਸ਼ ਦਾ ਬਹੁਤ ਪੁਰਾਤਨ ਰਾਗ ਹੈ ਜਿਸ ਨੂੰ ਰਾਜਸਥਾਨ-ਪ੍ਰਦੇਸ਼ ਵਿਚ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਹੋਈ। ਬਲਵਾਨ ਸੂਰਵੀਰਾਂ ਤੇ ਸ਼ਕਤੀਸ਼ਾਲੀ ਰਾਜਿਆਂ-ਰਾਣਿਆਂ ਦੇ ਆਗਮਨ ਦੇ ਸੁਆਗਤੀ-ਅਵਸਰਾਂ 'ਪਰ ਇਸ ਨੂੰ ਗਵਾਇਆ ਜਾਣ ਦਾ ਰਿਵਾਜ ਸੀ ਅਤੇ ਜੋਧਿਆਂ ਦੀਆਂ ਜਿੱਤਾਂ ਦੇ ਸਲਾਹੁਣਯੋਗ ਪ੍ਰਸੰਗਾਂ ਨੂੰ ਅਲੰਕਾਰਾਂ ਨਾਲ ਸ਼ਿੰਗਾਰ ਕੇ ਲੋਕਾਈ ਨੂੰ ਅਣਖ-ਆਬਰੂ ਸਵੈਮਾਨ-ਸਨਮਾਨ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਰਖਵਾਲੀ ਵਾਸਤੇ ਜੁਝਾਰੂ ਬਿਰਤੀਆਂ ਨੂੰ ਕਾਇਮ-ਦਾਇਮ ਰੱਖਣ ਦਾ ਮਕਸਦ ਹੁੰਦਾ ਸੀ। ਬੀਰ-ਰਸੀ-ਕਾਵਿ ਦੀ ਬੁਲੰਦ-ਗਾਇਕੀ ਬੁਜ਼ਦਿਲਾਂ ਤੇ ਡਰਪੋਕਾਂ ਨੂੰ ਵੀ ਰਣਤੱਤੇ ਵਿਚ ਜਾਨ ਹੂਲ ਕੇ ਲੜਨ-ਮਰਨ ਵਾਸਤੇ ਤਿਆਰ ਕਰ ਸਕਣ ਦੀ ਸਮਰੱਥਾ ਰੱਖਦੀ ਸੀ ਤੇ ਇੱਛਤ ਸਫਲਤਾਵਾਂ ਦਾ ਸਬੱਬ ਹੋ ਨਿਬੜਦੀ ਸੀ। ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਤੱਤਕਾਲੀਨ ਭਾਰਤਵਰਸ਼ ਦੀ ਵਿਦੇਸ਼ੀ ਹੁਕਮਰਾਨਾਂ ਦੇ ਜ਼ੁਲਮ ਦੀ ਸ਼ਿਕਾਰ ਬਣੀ ਸਾਹ-ਸਤ ਹੀਣ ਜਨਤਾ ਦੀ ਸਮਾਜਿਕ ਤ੍ਰਾਸਦੀ ਦੀ ਤਸਵੀਰ ਨੂੰ ਚਿਤਰਦਿਆਂ ਕਰਤਾਰਪੁਰਖੁ ਨੂੰ ਸਹਾਈ ਹੋਣ ਲਈ ਬੇਨਤੀ ਕੀਤੀ ਹੈ: **ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ (1429)** ਸਤਿਗੁਰੂ ਜੀ ਨੇ ਜਨ-ਮਾਨਸਿਕਤਾ ਨੂੰ ਬਾਖੂਬੀ ਉਭਾਰਿਆ, ਧਰਮ-ਕਰਮ ਦੀ ਆਜ਼ਾਦੀ ਤੇ ਮਨੁੱਖੀ ਹਕਾਂ ਦੀ ਰਖਵਾਲੀ ਵਾਸਤੇ ਨਿਜੀ ਜ਼ਿੰਦਗੀ ਕੁਰਬਾਨ ਕਰਨ ਨੂੰ ਤੁੱਛ ਜਾਨਣ ਦੇ ਪ੍ਰਚਾਰ ਅਤੇ ਆਪਣੀ ਕਥਨੀ-ਕਰਣੀ ਦੇ ਸੁਮੇਲ ਦੀ ਰੀਤ ਨਿਭਾਉਦਿਆਂ ਐਸੀ ਜਾਗਰੂਕਤਾ ਪੈਦਾ ਕੀਤੀ, ਜਿਸ ਨੂੰ ਸਤਿਗੁਰੂ ਦੂਜੇ ਸਲੋਕ ਵਿਚ ਇਉਂ ਵਿਆਨਦ ਹਨ:

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ (1429)**

**...ਪ੍ਰਭ ਜੂ ਕੀ ਸਰਨਿ ਲਾਗੁ॥ (1352)** ਦਾ ਅਰਥ ਭਾਵ ਹੈ, ਗੁਰ-ਉਪਦੇਸ਼ਾਂ ਦੀ ਪਾਲਣਾ ਕਰਨਾ। ਸਿਮਰਨ ਕਿਸੇ ਵਿਸ਼ੇਸ਼ ਅੱਖਰ ਜਾਂ ਸ਼ਬਦ ਦਾ ਰਟਨ ਮਾਤਰ ਨਹੀਂ, ਇਹ ਤਾਂ ਸਮੁੱਚੀ ਜੀਵਨ ਸ਼ੈਲੀ ਵਿਚ ਗੁਰ-ਉਪਦੇਸ਼ਾਂ ਜਾਂ ਰੱਬੀ-ਗੁਣਵੱਤਾ ਨੂੰ ਅਮਲਾਉਣਾ, ਇਕਮਿਕ ਹੋਣਾ, ਰਚਾ ਲੈਣਾ (assimilate) ਜਾਂ ਆਤਮਸਾਤ ਕਰਨਾ ਹੈ। ਮਾਨਵੀ ਸਦਗੁਣਾਂ ਨੂੰ ਜ਼ਿੰਦਗੀ ਦਾ ਚੱਜ-ਆਚਾਰ ਬਣਾ ਲੈਣ ਦੀ ਵਡਿਆਈ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਹੀ ਸਤਿਗੁਰਾਂ ਵਲੋਂ ਫੁਰਮਾਇਆ ਗਿਆ ਹੈ: ਇਹੈ ਤੇਰੈ ਕਾਜਿ ਹੈ। ਸਤਿਗੁਰਾਂ ਨੇ ਸਿੱਖਾਂ ਨੂੰ ਸੰਸਾਰਕ ਰਸ-ਭੋਗਾਂ ਦੇ ਮੋਹ ਬੰਧਨਾਂ ਨੂੰ ਤੋੜ ਕੇ, ਪਦਾਰਥਕ ਲੋਚਾਂ-ਸੋਚਾਂ ਨੂੰ ਵਿਸਾਰ ਕੇ, ਆਤਮਿਕ-ਸਮਾਜਿਕ ਸੁਤੰਤਰਤਾ ਤੇ ਸਵੈਮਾਨ ਦੇ ਜੈ-ਜੈਕਾਰ ਲਈ ਜੂਝਣਾ ਸਿਖਾਇਆ। ਜਿਵੇਂ ਤੁਸੀ ਵੇਖਦੇ ਹੋ ਕਿ ਸਕੂਲ ਪੜ੍ਹਦੇ ਬੱਚਿਆਂ ਲਈ ਨਿਸ਼ਚਿਤ ਵਰਦੀ ਪਾਉਣੀ ਤੇ ਉਸਤਾਦਾਂ ਦਾ ਸਤਿਕਾਰ ਕਰਨਾ ਲਾਜ਼ਮੀ ਹੁੰਦਾ ਹੈ। ਪਰ ਵਰਦੀ ਪਾ ਕੇ ਅਤੇ ਅਧਿਆਪਕ ਜਾਂ ਟੀਚਰ ਨੂੰ ਰੋਜ਼ਾਨਾ ਕੇਵਲ ਨਮਸਕਾਰ ਕਰਨ ਨਾਲ ਲਿਆਕਤ ਨਹੀਂ ਆਉਂਦੀ। ਵਿੱਦਿਅਕ ਗੁਣਵੱਤਾ ਜਾਂ ਸਿੱਖਿਆ ਤਾਂ ਮਿਹਨਤ-ਮੁਸ਼ੱਕਤ ਦੁਆਰਾ ਗ੍ਰਹਿਣ ਕਰਨੀ ਪਵੇਗੀ। ਇਸੇ ਤ੍ਰਰਾਂ ਸਿੱਖ ਲਈ ਗੁਰੂ ਉਪਦੇਸ਼ਾਂ 'ਪਰ ਅਮਲ ਕਰਨਾ ਜ਼ਰੂਰੀ ਹੈ। 'ਅੰਸ਼' ਵਾਸਤੇ ਆਪਣੇ ਮੂਲ ਸ੍ਰੋਤ ਦੇ ਗੁਣਾਤਮਕ ਤੱਤਾਂ ਨੂੰ ਬਰਕਰਾਰ ਰੱਖਣਾ ਅਨੀਵਾਰੀ ਹੈ- ਇਹੋ ਹੁਕਮ ਰਜਾਈ ਚੱਲਣਾ ਜਾਂ **ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥ (1352)** ਦਾ ਅਰਥ ਭਾਵ ਹੈ।

ਖੰਡੇ ਦੀ ਪਾਹੁਲ ਲੈਣ ਉਪਰੰਤ, ਮੈਂ ਪਿਛਲੇ ਕਿੰਨੇ ਵਰ੍ਹਿਆ ਤੋਂ ਰੋਜ਼ ਬਾਕਾਇਦਗੀ ਨਾਲ ਨਿਤਨੇਮ ਕਰ ਰਿਹਾ ਹਾਂ, ਗੁਰਦੁਆਰਾ ਸਾਹਿਬ ਵਿਚ ਵੀ ਹਾਜ਼ਰੀ ਲੁਆਈਦੀ ਹੈ ਅਤੇ ਯਥਾ-ਸ਼ਕਤ ਸੰਗਤੀ ਸੇਵਾ ਵਿਚ ਹਿੱਸਾ ਪਾਉਂਦਾ ਹਾਂ। ਇਸ ਦੇ ਬਾਵਜੂਦ ਵੀ ਮੇਰੇ ਕਿਰਦਾਰ ਵਿਚ ਕੋਈ ਖਾਸ ਬਦਲਾਵ ਆਇਆ ਪ੍ਰਤੀਤ ਨਹੀਂ ਹੁੰਦਾ। ਕਿਸੇ ਦੂਸਰੇ ਦੁਖੀਏ-ਦਰਦਵੰਦ ਨੂੰ ਤੱਕ ਕੇ ਉਸ ਦੀ ਮਦਦ ਕਰਨ ਦੀ ਬਜਾਏ, ਮੈਂ ਪਾਸਾ ਵੱਟਦਿਆਂ ਆਪਣੇ ਰੁਜ਼ਗਾਰ ਦੇ ਕੰਮਾਂ ਵਿਚ ਮਸਰੂਫੀਅਤ ਨੂੰ ਤਰਜੀਹ ਦਿੰਦਾ ਹਾਂ, ਧੰਨ-ਸੰਪਦਾ ਬਨਾਉਣ ਵਾਸਤੇ ਚੁਸਤੀ-ਚਲਾਕੀ ਜਾਂ ਠੱਗੀ-ਠੋਰੀ ਵੀ ਮਾਰ ਲੈਂਦਾ ਹਾਂ। ਇਹ ਤਾਂ 'ਵਪਾਰਕ ਵਿਵਹਾਰਤਾ' ਹੈ, ਦਾ ਬਹਾਨਾ ਬਣਾ ਕੇ ਆਪਣੇ ਅੰਦਰਲੀ ਆਵਾਜ਼ ਨੂੰ ਚੁੱਪ ਕਰਾ ਲੈਣਾ ਵੀ ਮੁਸ਼ਕਲ ਹੈ? ਮੇਰੇ ਕੋਲ ਆਧੁਨਿਕ ਸੁਖ-ਸੁਵਿਧਾਵਾਂ ਤੇ ਸਾਜ਼ੋ-ਸਾਮਾਨ ਮੌਜੂਦ ਹੈ ਅਤੇ ਮੈਂ ਇਸ ਖੁਸ਼ਹਾਲੀ ਨੂੰ ਆਪਣੇ ਵਲੋਂ ਧਰਮ-ਕਰਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਸਦਕੇ ਵਾਹਿਗੁਰੂ ਜੀ ਦੀਆਂ ਬਖਸ਼ਿਸ਼ਾਂ ਸਮਝਦਾ ਹਾਂ। ਫਿਰ ਵੀ ਮਨ ਦੀ ਸੰਤੋਖੀ ਅਵਸਥਾ ਤੋਂ ਵਾਂਝਿਆਂ ਹਾਂ ਤੇ ਭਟਕਣਾ ਨਹੀਂ ਮੁੱਕੀ, ਕਿਉਂ? ➡

# ਸਤਿਨਾਮੁ ਦਾ ਸੰਕਲਪ

ਮੰਗਤ ਸਿੰਘ ਰਾਹੀ # 98882-91607

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ **ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥** ਨਾਲ ਹੁੰਦੀ ਹੈ। ਇਸ ਨੂੰ ਆਮ ਤੌਰ ਤੇ ਅਸੀਂ **ਮੂਲ ਮੰਤਰ** ਕਹਿੰਦੇ ਹਾਂ। ਜਦ ਕਿ ਗੁਰਮਤਿ ਵਿਚ 'ਮੰਤਰ' ਕੋਈ ਐਸੇ ਲਫਜ਼ ਨਹੀਂ ਜਿਨ੍ਹਾਂ ਨੂੰ ਬਾਰ ਬਾਰ ਬੋਲਣ ਨਾਲ ਕੋਈ ਬਾਹਰੀ ਚਮਤਕਾਰ ਹੋ ਜਾਏ। ਸਿੱਖ ਮਤ ਵਿਚ 'ਮੰਤਰ' ਗੁਰੂ ਦਾ ਗਿਆਨ ਹੈ। ਸਾਰੀ ਬਾਣੀ ਹੀ ਗੁਰੂ ਦਾ ਮੰਤਰ ਹੈ ਤੇ ਇਸ ਮੰਤਰ ਨੂੰ ਜੀਵਨ ਵਿਚ ਉਤਾਰ ਕੇ ਰੱਬੀ ਗੁਣਾਂ ਨੂੰ ਧਾਰਨ ਕਰਕੇ ਰੱਬ ਨਾਲ ਇਕ ਮਿਕ ਹੋਣਾ ਹੈ।

ਇਸ ਮੂਲ ਮੰਤਰ ਵਿਚ ੴ ਤੋਂ ਲੈ ਕੇ ਸੈਭੰ ਤਕ ਅੱਠ ਗੁਣ ਪ੍ਰਭੂ ਜੀ ਦੇ ਦਿੱਤੇ ਹਨ। ਸਤਿਨਾਮੁ ਪ੍ਰਭੂ ਜੀ ਦਾ ਦੂਜਾ ਗੁਣ ਹੈ। ਸਤਿਨਾਮੁ ਦਾ ਅਰਥ ਹੈ- ਉਹ ਸਦੀਵੀ ਹੋਂਦ ਵਾਲਾ ਹੈ। ਉਸਦਾ ਨਾਮ ਸਤਿ ਹੈ। ਪ੍ਰਭੂ ਸਤਿ ਹੈ, ਸੱਚ ਹੈ ਤੇ ਸੱਚ ਸਦਾ ਹੀ ਝੂਠ ਦੇ ਵਿਰੁੱਧ ਹੈ। ਸੱਚ ਸ਼ਬਦ ਯਥਾਰਥ, ਗਿਆਨ, ਸ਼ਕਤੀ ਲਈ ਵੀ ਆਇਆ ਹੈ।

'ਨਾਮੁ' ਦਾ ਅਰਥ ਹੈ- ਹੋਂਦ। ਪਰਮਾਤਮਾ ਦੀ ਸਦੀਵੀ ਹੋਂਦ ਹੀ ਉਸਦੀ ਪਛਾਣ ਹੈ। ਉਹ ਸਦਾ ਹੈ, ਉਹ ਜੀਵਨ ਰੂਪ ਹੈ। ਸਾਡੇ ਅੰਦਰ ਜੀਵਨ ਦਾ ਹੋਣਾ ਉਸਦੀ ਹੋਂਦ ਦਾ ਹੀ ਗੁਣ ਹੈ, ਪਛਾਣ ਹੈ। ਸਤਿ ਹਮੇਸ਼ਾ ਸੱਚ ਹੀ ਹੈ। ਪਰਮਾਤਮਾ ਦਾ ਹੁਕਮ ਸੱਚ ਹੈ। ਸਾਰਾ ਸੰਸਾਰ ਸੱਚ ਤੇ ਟਿੱਕਿਆ ਹੈ। ਅਕਾਲ ਪੁਰਖ ਦਾ ਗੁਣ ਕਿ ਉਹ ਹਮੇਸ਼ਾ ਸੱਚ ਹੈ ਤੇ ਹੁਣ ਜੇ ਅਸੀਂ ਇਹੀ ਕਹੀ ਜਾਈਏ, ਕਹਿੰਦੇ ਜਾਈਏ ਕਿ ਅਕਾਲ ਪੁਰਖ ਸੱਚ ਹੈ, ਅਕਾਲ ਪੁਰਖ ਸੱਚ ਹੈ ਤਾਂ ਇਸ ਨਾਲ ਕਿਸੇ ਨੂੰ ਕੋਈ ਲਾਭ ਨਹੀਂ ਹੋਏਗਾ, ਨਾ ਹੀ ਸਮਾਜ ਦਾ ਕੋਈ ਭਲਾ ਹੋ ਸਕਦਾ ਹੈ। ਹਾਂ, ਸਮਾਜ ਨੂੰ ਕੁਝ ਲਾਭ ਤਾਂ ਹੀ ਹੋ ਸਕਦਾ ਹੈ ਜੇ ਕਰ ਅਸੀਂ ਸੱਚ ਨੂੰ ਆਪਣੇ ਜੀਵਨ ਵਿਚ ਅਪਨਾਈਏ।

ਹੁਣ ਜੇ ਮਨੁੱਖ ਇਕ ਹੈ, ਅੰਦਰੋਂ ਬਾਹਰੋਂ ਇਕ ਹੈ ਤਾਂ ਉਹ ਸੱਚ ਦਾ ਧਾਰਨੀ ਵੀ ਹੋਏਗਾ। ਇਕ ਅਖਾਣ ਆਮ ਪ੍ਰਚਲਿਤ ਹੈ- ਪਲੈ ਹੋਵੇ ਸੱਚ, ਤਾਂ ਕੋਠੇ ਚੜ੍ਹ ਕੇ ਨੱਚ। ਹੁਣ ਮਨੁੱਖ ਸਤਿਨਾਮੁ ਤਾਂ ਕਹਿ ਰਿਹਾ ਹੈ ਪਰ ਸੱਚ ਬੋਲਣ ਲਈ ਤਿਆਰ ਨਹੀਂ ਹੈ। ਪਰਮਾਤਮਾ ਦਾ ਇਕ ਗੁਣ ਗੁਰੂ ਨਾਨਕ ਸਾਹਿਬ ਜੀ ਨੇ "ਸਤਿ ਵਿਵਹਾਰ" ਵੀ ਦੱਸਿਆ ਹੈ ਤੇ ਅਸੀਂ ਇਸ ਸੱਚ ਨੂੰ ਆਪਣੇ ਜੀਵਨ ਵਿਚ ਜੇ ਅਪਣਾ ਲਈਏ ਤਾਂ ਸਾਡਾ ਸਤਿ ਪੜ੍ਹਿਆ ਵੀ ਸਾਰਥਕ ਹੋ ਸਕਦਾ ਹੈ।

ਨਾਮੁ ਦਾ ਅਰਥ ਹੈ- ਹੋਂਦ। ਪਰਮਾਤਮਾ ਸਦਾ ਲਈ ਹੋਂਦ ਵਾਲਾ ਹੈ। ਪਰਮਾਤਮਾ ਦੀ ਹੋਂਦ ਜਗਤ ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ। ਪੰਚਮ ਪਾਤਸ਼ਾਹ ਕਹਿੰਦੇ ਹਨ-

**ਸਤਿ ਨਾਮੁ ਤੇਰਾ ਪਰਾ ਪੂਰਬਲਾ॥** (1083)

ਹੁਣ ਚੋਰੀ ਕਰਨ ਵਾਲੇ ਦੀ ਆਪਣੀ ਹੋਂਦ ਹੈ ਤੇ ਸੰਸਾਰ ਵਿਚ ਭਲਾ ਕਰਨ ਵਾਲੇ ਮਨੁੱਖ ਦੀ ਵੀ ਆਪਣੀ ਹੋਂਦ ਹੈ। ਇਕ ਨੂੰ ਸਤਿਕਾਰ ਮਿਲਦਾ ਹੈ ਤੇ ਦੂਜੇ ਨੂੰ ਨਫਰਤ ਕੀਤੀ ਜਾਂਦੀ ਹੈ। ਪਰਮਾਤਮਾ ਦੀ ਗੁਣਾਂ ਰੂਪੀ ਹੋਂਦ ਸਰਬ-ਵਿਆਪਕ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਅਕਾਲ ਪੁਰਖ ਦੇ ਰੱਬੀ ਗੁਣਾਂ ਨੂੰ ਆਪਣੇ ਨਿਤਾ-ਪ੍ਰਤੀ ਜੀਵਨ ਵਿਚ ਲਿਆਈਏ ਤੇ ਅਪਨਾਈਏ। ਇਕ ਕਿਸਾਨ ਖੇਤੀ ਕਰਦਾ ਹੈ, ਉਸਦੀ ਹੋਂਦ ਖੇਤੀ ਵਾਲੀ ਹੈ। ਜੇ ਉਸ ਵਿਚ ਸ਼ੁੱਭ ਗੁਣਾਂ ਦੀ ਬਹੁਤਾਤ ਹੈ ਤਾਂ ਉਸਦੀ ਹੋਂਦ ਇਕ ਚੰਗੇ ਕਿਸਾਨ ਦੀ ਹੋਏਗੀ। ਇਕ ਫੁੱਲ ਖਿੜ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਇਸੇ ਤਰ੍ਹਾਂ ਮਨੁੱਖ ਨੇ ਰੱਬੀ ਗੁਣਾਂ ਦੀ ਖੁਸ਼ਬੂ ਦੁਨੀਆਂ ਨੂੰ ਦੇਣੀ ਹੈ। ਹਰ ਮਨੁੱਖ ਨੂੰ ਪਤਾ ਹੈ ਕਿ ਸਤਿਨਾਮੁ- ਪ੍ਰਭੂ ਦਾ ਨਾਮ ਸੱਚ ਹੈ ਤੇ ਉਹ ਸਦੀਵੀ ਹੋਂਦ ਵਾਲਾ ਹੈ। ਜੇ ਮਨੁੱਖ ਨੂੰ ਵੀ ਰੱਬ ਵਰਗਾ ਹੋਣਾ ਹੈ ਤਾਂ ਉਸਦੇ ਜੀਵਨ ਵਿਚ ਵੀ ਸੱਚ ਆ ਜਾਣਾ ਚਾਹੀਦਾ ਹੈ। ਉਸਦਾ ਵੇਖਣਾ ਸੱਚ ਹੋ ਜਾਏ, ਉਸ ਦਾ ਸੁਣਨਾ ਸੱਚ ਹੋ ਜਾਏ, ਉਸਦਾ ਬੋਲਣਾ ਸੱਚ ਹੋ ਜਾਏ, ਉਸਦੇ ਹੱਥੀਂ ਕਰਮ ਸੱਚੇ ਹੋ ਜਾਣ, ਉਸਦੇ ਕਦਮ ਸੱਚ ਵਾਲੇ ਪਾਸੇ ਜਾਣ ਤੇ ਉਸਦੇ ਅੰਦਰ ਸੱਚ ਹੋਵੇ। ਇਸੇ ਤਰ੍ਹਾਂ ਜਿਸ ਦਿਨ ਐ ਮਨੁੱਖ! ਤੂੰ ਸੱਚ ਵਿਚ ਸਮਾਂ ਜਾਏਂਗਾ, ਕਣ-ਕਣ ਵਿਚ ਰੱਬ ਦੇ ਦਰਸ਼ਨ ਹੋ ਜਾਣਗੇ। -0-

➡ ਮੈਨੂੰ ਹੁਣ ਕੁਝ-ਕੁਝ ਸਮਝ ਆਉਣ ਲੱਗੀ। ਮੈਂ ਸ਼ਾਇਦ ਵਿਖਾਵੇ ਦੇ ਬਾਹਰਮੁਖੀ ਗੁਰਬਾਣੀ ਪੜ੍ਹਨ-ਸੁਣਨ ਅਤੇ ਨਾਮ-ਸਿਮਰਨ ਦੌਰਾਨ ਮਾਨਸਿਕਤਾ ਦੀ ਧਰਾਤਲ 'ਪਰ ਆਪਣੀਆਂ ਪਦਾਰਥਕ ਲੋੜਾਂ, ਧੀਆਂ-ਪੁੱਤਰਾਂ ਦੇ ਚੰਗੇਰੇ ਭਵਿੱਖ ਅਤੇ ਭਾਈਚਾਰੇ ਵਿਚ ਆਪਣੀ ਪੈਂਠ ਬਣਾਉਣ ਦਾ ਹੀ ਸਿਮਰਨ ਕਰਦਾ ਰਿਹਾ ਹਾਂ-ਨਵੀਆਂ ਕੱਚ ਘਰੜ ਸਕੀਮਾਂ ਦੀ ਉਧੇੜ-ਬੁਣ, ਵਿਕਾਰੀ ਵਿਉਂਤਬੰਦੀਆਂ ਤੇ ਸ਼ਾਤਰ ਪੈਂਤੜੇਬਾਜ਼ੀਆਂ-ਜਿਵੇਂ ਗੁਰੂ ਨਾਨਕ ਸਾਹਿਬ ਨਾਲ ਇਕੱਠਿਆਂ ਨਮਾਜ਼ ਪੜ੍ਹਨ ਵੇਲੇ, ਨਵਾਬ ਅਤੇ ਕਾਜ਼ੀ ਆਪੋ-ਆਪਣੇ ਫ਼ਿਕਰਾਂ ਵਿਚ ਗਲਤਾਨ ਸਨ। ਅਸਲੀਅਤ ਵਿਚ **ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ॥** (80) ਅਤੇ **ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ॥** (295) ਵਾਲਾ ਕਰਮ ਹੀ ਮੇਰੀ ਮਾਨਸਿਕਤਾ ਨੂੰ ਸੱਚਾ-ਸੁੱਚਾ ਬਣਾ ਕੇ ਜੀਵਨ ਦੀ ਸਾਰਥਿਕਤਾ ਦਾ ਰਸਤਾ ਖੋਲ੍ਹੇਗਾ। ਜੇ ਮੇਰੇ ਵਿਚ ਆਚਰਣਕ-ਉੱਤਮਤਾ ਨਹੀਂ ਆ ਰਹੀ ਤਾਂ ਸਮਝ ਲੈਣਾ ਚਾਹੀਦੈ ਕਿ ਮੇਰਾ ਰਾਮੁ ਸਿਮਰਿ ਰਾਮੁ ਸਿਮਰਿ ਮਹਿਜ਼ ਤੋਤਾ ਰਟਨੀ ਬਣ ਰਿਹੈ ਅਤੇ ਮੈਂ ਜੀਵਨ ਦਾ ਅਮੋਲਕ ਸਮਾਂ ਅਜਾਈਂ ਗਵਾ ਰਿਹਾ ਹਾਂ:

**ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥**
**ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥** (1352)

ਜਿਵੇਂ ਕਿ ਸ਼ੁਰੂ ਵਿਚ ਹੀ ਸੁਚੇਤ ਕੀਤਾ ਗਿਆ ਸੀ ਕਿ "ਰਾਮੁ ਸਿਮਰਿ ਰਾਮੁ ਸਿਮਰਿ" ਦੀ ਪੂਰੀ ਪ੍ਰਕਿਰਿਆ ਮਨੁੱਖੀ ਮਨ ਦੀ ਇਕਾਗਰਤਾ ਨੇ ਹੀ ਕਰਨੀ ਹੈ, ਇਸ ਦੀ ਸਫਲਤਾ ਵਾਸਤੇ ਕਿਸੇ ਵਿਸ਼ੇਸ਼ ਤਰਕੀਬ, ਤਰਤੀਬ ਜਾਂ ਟ੍ਰੇਨਿੰਗ ਦਾ ਵਿਧੀ-ਵਿਧਾਨ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਸ਼ੁਰੂ-ਸ਼ੁਰੂ ਵਿਚ ਭਾਵੇਂ ਕਈ ਤਰ੍ਹਾਂ ਦੇ ਗੁਰਮਤੀ-ਉੱਦਮ, ਜਿਵੇਂ ਕਿ ਪਹਿਰ ਰਾਤ ਰਹਿੰਦਿਆਂ ਜਾਗਣਾ, ਇਸ਼ਨਾਨ ਕਰਕੇ ਨਿਤਨੇਮ ਅਤੇ ਅਰਦਾਸ ਕਰਨਾ ਆਦਿ ਅਵੱਸ਼ ਹੀ ਸਾਡੀ ਸਹਾਇਤਾ ਕਰਦੇ ਹਨ, ਪਰ ਸਿਮਰਨ ਦੀ ਕੋਈ ਖਾਸ ਤਕਨੀਕ ਨਹੀਂ ਮਿੱਥੀ ਜਾ ਸਕਦੀ; ਇਹ ਤਾਂ ਮਾਨਸਿਕ ਅਵਸਥਾ ਦਾ

ਸੰਤੁਲਿਤ ਟਿਕਾਉ ਹੈ, ਚੇਤਨਾ ਦੀ ਜਾਗ੍ਰਿਤੀ, ਸੁਰਤੀ ਦੀ ਨਵ ਘਾੜਤ ਅਤੇ ਅਡੋਲ ਬਿਰਤੀ ਹੈ। ਇਹ ਤਾਂ **ਤੇਰਾ ਕੀਆ ਮੀਠਾ ਲਾਗੈ** (394) ਦੇ ਸੁਭਾਉ ਦੀ ਪਕਿਆਈ ਹੈ ਅਤੇ

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥** (633)

ਵਾਲਾ ਸਹਿਜ ਸੰਤੋਖੀ-ਜੀਵਨ ਅਮਲ ਹੈ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ ਸੀਨੀਅਰ ਵਿਦਿਆਰਥੀਆਂ ਦੇ ਮਾਪਿਆਂ ਦੀ ਇਕੱਤਰਤਾ

**ਗੁਰਪ੍ਰੀਤ ਕੌਰ**

16 ਦਸੰਬਰ 2025 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ ਕੋਰਸ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਇਕੱਤਰਤਾ ਕੀਤੀ ਗਈ। ਇਸ ਸਮੇਂ ਅਧਿਆਪਕਾਂ, ਪ੍ਰਬੰਧਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਵਿਚਕਾਰ ਵਿਚਾਰ ਸਾਂਝੇ ਕੀਤੇ ਗਏ।

ਮੀਟਿੰਗ ਦੀ ਸ਼ੁਰੂਆਤ ਵਿੱਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਵਾਈਸ ਪ੍ਰਿੰਸੀਪਲ ਭਾਈ ਸੁਖਵਿੰਦਰ ਸਿੰਘ ਜੀ ਵੱਲੋਂ ਮਾਪਿਆਂ ਨੂੰ ਜੀ ਆਇਆਂ ਕਿਹਾ ਗਿਆ। ਉਨ੍ਹਾਂ ਨੇ ਕਿਹਾ ਕਿ “ਗੁਰਸਿੱਖੀ ਦਾ ਬੀਜ ਗੁਰੂ ਸਾਹਿਬ ਦਾ ਸ਼ਬਦ ਹੈ। ਪ੍ਰਚਾਰਕ ਨੇ ਬੀਜ ਬੀਜਣਾ ਹੈ।” ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਅੱਗੇ ਵਧਣਾ ਹੈ। ਪ੍ਰਿੰ: ਗੁਰਬਚਨ ਸਿੰਘ ਪੰਨਵਾਂ ਜੀ ਨੇ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ





ਕਿ “ਉਹਨਾਂ ਨੇ ਇਥੇ ਭੇਜ ਕੇ ਚੰਗੇ ਜੀਵਨ ਦੀ ਘਾਲਨਾ ਘੜ੍ਹੀ ਹੈ।” ਉਹਨਾਂ ਨੇ ਕਿਹਾ ਕਿ “ਜੇਕਰ ਬੱਚੇ ਨੂੰ ਧਰਮ ਦੇ ਰਾਹ ’ਤੇ ਪਾਇਆ ਜਾਵੇ ਤਾਂ ਉਹ ਨੇਕ ਕਮਾਈ ਕਰਦਾ ਹੋਇਆ ਆਪਣੇ ਜੀਵਨ ਨੂੰ ਸਫਲਾ ਕਰ ਲੈਂਦਾ ਹੈ। ਬੱਚੇ ਨਸ਼ਿਆਂ ਤੋਂ ਦੂਰ ਹੋ ਕੇ ਪ੍ਰਚਾਰਕ ਬਣ ਕੇ ਹਰ ਖੇਤਰ ਵਿਚ ਵਿਚਰ ਸਕਦੇ ਹਨ।”

ਪ੍ਰਚਾਰ ਕੇਂਦਰਾਂ ਦੇ ਇੰਚਾਰਜ ਕੈਪਟਨ ਅਵਤਾਰ ਸਿੰਘ ਜੀ ਨੇ ਬੱਚਿਆਂ ਤੇ ਮਾਪਿਆਂ ਨੂੰ ਇੱਕ ਦੂਜੇ ਦੀ ਸਹਿਮਤੀ ਨਾਲ ਹੀ ਅੱਗੇ ਵਧਣ ਦਾ ਜ਼ਿਕਰ ਕੀਤਾ। ਉਨ੍ਹਾਂ ਨੂੰ ਸੁਚੇਤ ਵੀ ਕੀਤਾ ਕਿ ਆਪ ਦਾ ਸਭ ਤੋਂ ਵੱਡਾ ਸਹਿਯੋਗ ਹੋਵੇਗਾ ਤਾਂ ਹੀ ਤੁਹਾਡੇ ਬੱਚੇ ਵਧੀਆ ਪ੍ਰਚਾਰਕ ਬਣ ਸਕਣਗੇ ਅਤੇ ਪ੍ਰਭਾਵੀ ਤਰੀਕੇ ਨਾਲ ਗੁਰੂ ਦੀ ਗੱਲ ਸਟੇਜ ’ਤੇ ਕਹਿਣਗੇ। ਕਾਲਜ ਦੇ ਡਾਇਰੈਕਟਰ ਸ. ਪ੍ਰਭਸ਼ਰਨ ਸਿੰਘ ਜੀ ਨੇ ਬੱਚਿਆਂ ਨੂੰ ਗੁਰਬਾਣੀ ਦਾ ਓਟ-ਆਸਰਾ ਲੈ ਕੇ ਪ੍ਰਚਾਰ ਕਰਨ ਲਈ ਪ੍ਰੇਰਿਤ ਕੀਤਾ। ਆਪਣੇ ਬੱਚਿਆਂ ਨੂੰ ਤਿੰਨ ਸਾਲਾ ਗੁਰਮਤਿ ਕੋਰਸ ਕਰਨ ਵਾਸਤੇ ਕਾਲਜ ਭੇਜਣ ’ਤੇ ਮਾਪਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਤੁਹਾਡੇ ਬੱਚਿਆਂ ਨੂੰ ਅਸੀਂ ਸਾਰਿਆਂ ਨੇ ਧਰਮ ਦੇ ਰਾਹ 'ਤੇ ਤੁਰਨ ਦਾ ਤਰੀਕਾ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਆਪ ਦਾ ਵੱਡਾ ਸਹਿਯੋਗ ਹੈ ਅਤੇ ਆਸ ਕਰਦੇ ਹਾਂ ਕਿ ਅੱਗੇ ਵੀ ਸਹਿਯੋਗ ਰਹੇਗਾ।

ਵਿਦਿਆਰਥੀਆਂ ਨੇ ਆਪਣੇ ਜੀਵਨ ਵਿੱਚ ਆਏ ਬਦਲਾਅ ਬਾਰੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਅਤੇ ਸਾਰੇ ਅਧਿਆਪਕਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਕਾਲਜ ਦੇ ਦਿਨਾਂ ਨੂੰ ਨਾ ਭੁੱਲਣ ਵਾਲਾ ਸਮਾਂ ਦੱਸਿਆ। ਵੀਰ ਜਸਵੰਤ ਸਿੰਘ ਨੇ ਕਿਹਾ ਕਿ ਮੈਂ ਆਪਣੇ ਆਪ ਵਿਚ ਮਹਿਸੂਸ ਕੀਤਾ ਕਿ ਮੈਂ 3-4 ਸਾਲ ਪਹਿਲਾਂ ਇਥੇ ਕਿਉਂ ਨਹੀਂ ਆਇਆ। ਆਪਣੀ ਜੀਵਨ ਗਾਥਾ ਸੁਣਾਉਂਦੇ ਹੋਏ ਕਿਹਾ ਕਿ ਮੇਰਾ ਜਿਹੜਾ ਪਹਿਲਾ ਸਮਾਂ ਖਰਾਬ ਹੋਇਆ, ਉਹ ਸਮਾਂ ਵਾਪਸ ਨਹੀਂ ਆ ਸਕਦਾ। ਮੈਨੂੰ ਪਹਿਲਾਂ ਗੁਰਬਾਣੀ ਦੀ ਸੋਝੀ ਨਹੀਂ ਸੀ। ਉਸ ਨੇ ਕਿਹਾ ਕਿ ਸੱਚ ਤੇ ਕੱਚ ਹਮੇਸ਼ਾਂ ਚੁਭਦੇ ਹਨ, ਇਥੇ ਰਹਿ ਕੇ ਮੈਂ ਆਪਣੇ ਆਪ ਨੂੰ ਬਦਲਿਆ ਹੈ। ਮੈਂ ਆਪਣੇ ਪਰਿਵਾਰ ਵਿਚੋਂ ਅੰਧ-ਵਿਸ਼ਵਾਸ਼ ਕੱਢ ਦਿਤਾ ਹੈ। ਵੀਰ ਹਰਦੀਪ ਸਿੰਘ ਜੀ ਨੇ ਦੱਸਿਆ ਕਿ ਉਹ ਡਿਪਰੈਸ਼ਨ ਦਾ ਸ਼ਿਕਾਰ ਸੀ। ਹੁਣ ਇਥੇ ਰਹਿ ਕੇ ਗੁਰਬਾਣੀ ਦੀ ਸੋਝੀ ਨਾਲ ਉਸ ਦੀ ਸਿਹਤ ਵੀ ਠੀਕ ਹੈ। ਹੁਣ ਉਹ ਕਥਾ ਵੀ ਬਹੁਤ ਸੋਹਣੀ ਕਰ ਰਿਹਾ ਹੈ। ਵੀਰ ਜਸਕਰਨ ਸਿੰਘ ਤੇ ਵੀਰ ਪ੍ਰਭਪ੍ਰੀਤ ਸਿੰਘ ਨੇ ਵੀ ਦੱਸਿਆ ਕਿ ਉਨ੍ਹਾਂ ਨੂੰ ਕਿਵੇਂ ਗੁਰਸਿੱਖੀ ਨਾਲ ਪਿਆਰ ਹੋਇਆ। ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਕੇ ਸੋਚ ਵੀ ਬਦਲ ਗਈ। ਵੀਰ ਗੁਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਘਰ ਦਾ ਮਾਹੌਲ ਹੋਰ ਹੀ ਸੀ। ਪਰ ਅੱਜ ਗੁਰਬਾਣੀ ਦੀ ਸੇਧ ਲੈ ਕੇ ਮੇਰਾ ਜੀਵਨ ਬਦਲ ਗਿਆ ਹੈ।

ਇਸ ਤਰ੍ਹਾਂ ਬੱਚਿਆਂ ਦੇ ਮਾਪਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਾਲਜ ਦੇ ਸਮੁੱਚੇ ਪ੍ਰਬੰਧ 'ਤੇ ਖੁਸ਼ੀ ਜ਼ਾਹਰ ਕੀਤੀ। ਵੀਰ ਜਸਕਰਨ ਸਿੰਘ ਜੀ ਦੀ ਮਾਤਾ ਜੀ ਨੇ ਕਿਹਾ ਕਿ ਮੇਰੇ ਪਤੀ ਪਾਠੀ ਸੀ। ਉਹ ਗੁਰਦੁਆਰੇ ਵਿਚ ਰਹਿੰਦੇ ਸੀ ਤੇ ਮੈਂ ਪਿੰਡ ਬੱਚਿਆਂ ਨਾਲ ਰਹਿੰਦੀ ਸੀ। ਉਹਨਾਂ ਦੇ ਚਲੇ ਜਾਣ ਤੋਂ ਬਾਅਦ ਮੈਨੂੰ ਤੇ ਮੇਰੇ ਬੱਚਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਦੇ ਤਾਹਨੇ-ਮਿਹਣੇ ਸੁਣਨੇ ਪਏ। ਅੱਪਰਾ ਕੇਂਦਰ ਵਲੋਂ ਵੀਰ ਨਰਿੰਦਰ ਸਿੰਘ ਜੀ ਪਿੰਡ ਵਿਚ ਕਲਾਸਾਂ ਲਗਾਉਂਦੇ ਸੀ, ਉਹਨਾਂ ਤੋਂ ਪ੍ਰੇਰਿਤ ਹੋ ਕੇ ਮੈਂ ਆਪਣੇ ਬੱਚੇ ਨੂੰ ਇਥੇ ਕਾਲਜ ਵਿੱਚ ਭੇਜ ਕੇ ਇਕੱਲੇ ਰਹੀ, ਪਰ ਇਹ ਇਕੱਲਾਪਣ ਬੱਚੇ ਦੇ ਜੀਵਨ ਨੂੰ ਵਧੀਆ ਬਣਾਉਣ ਵਾਸਤੇ ਕੁਝ ਵੀ ਨਹੀਂ ਸੀ। ਅਖੀਰ ਵਿੱਚ ਪ੍ਰਿੰ: ਗੁਰਬਚਨ ਸਿੰਘ ਜੀ ਨੇ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 5

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

**ਛੇਵਾਂ ਹੈ ਕੁਝ ਬਾਣੀਕਾਰਾਂ ਅਤੇ ਰਾਗਾਂ ਦੇ ਘਰਾਂ ਅੰਦਰਲੇ ਬੇਮਿਸਲ ਹੋਏ ਸ਼ਬਦਾਂ ਦੇ ਸਹੀ ਸਥਾਨ ਦਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਅਤੇ ਰਾਗਾਂ ਦੇ ਘਰਾਂ ਦੀ ਇੱਕ ਬਝਵੀਂ ਤਰਤੀਬ ਹੈ । ਗੁਰੂ-ਬਾਣੀਕਾਰਾਂ ਦੀ ਤਰਤੀਬ ਤਾਂ ਗੁਰਿਆਈ ਕਾਲ ਦੀ ਤਰਤੀਬ ਮੁਤਾਬਿਕ ਹੈ । ਜਿਵੇਂ ਸ਼ਬਦਾਂ, ਅਸਟਪਦੀਆਂ ਤੇ ਛੰਤਾਂ ਆਦਿਕ ਵਿੱਚ ਸਭ ਤੋਂ ਪਹਿਲਾਂ ਮਹਲਾ ੧ ਦੀ ਬਾਣੀ, ਫਿਰ ਮਃ ੩, ਮਃ ੪, ਮਃ ੫ ਤੇ ਮਃ ੯ਵਾਂ ਦੀ । ਮਃ ੨ ਦੇ ਕੇਵਲ ੬੨ ਸਲੋਕ ਹਨ ਤੇ ਉਹ ਵੀ ਵਾਰਾਂ ਵਿੱਚ ਪ੍ਰੋਏ ਹੋਣ ਕਰਕੇ ਬਾਣੀਕਾਰਾਂ ਦੀ ਤਰਤੀਬ ਦਾ ਭਾਗ ਨਹੀਂ ਬਣਦੇ । ਪ੍ਰੰਤੂ ਭਗਤ-ਬਾਣੀ ਦੀ ਤਰਤੀਬ, ਸ਼ਬਦਾਂ ਦੀ ਬਹੁਲਤਾ ਅਤੇ ਗੁਰਮਤਿ ਦ੍ਰਿਸ਼ਟੀਕੋਨ ਤੋਂ ਸਿਧਾਂਤਕ ਅਨੁਕੂਲਤਾ ਤੇ ਸਪਸ਼ਟਤਾ ਅਧਾਰਿਤ ਹੈ । ਇਸ ਲਈ ਸੰਪਾਦਕੀ ਵੇਲੇ ਜਿਵੇਂ ਗੁਰਬਾਣੀ ਵਿੱਚ ਪਹਿਲ ਦਿੱਤੀ ਗਈ ਗੁਰੂ ਨਾਨਕ-ਬਾਣੀ ਨੂੰ, ਤਿਵੇਂ ਭਗਤ-ਬਾਣੀ ਦੇ ਹਰੇਕ ਸ਼ਬਦ-ਸੰਗ੍ਰਹਿ ਵਿੱਚ ਪਹਿਲ ਦਿੱਤੀ ਹੈ ਭਗਤ ਕਬੀਰ ਜੀ ਨੂੰ । ਉਨ੍ਹਾਂ ਉਪਰੰਤ ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਤ੍ਰਿਲੋਚਨ ਜੀ ਜਾਂ ਬਾਕੀ ਦੇ ਭਗਤਾਂ ਵਿੱਚੋਂ ਕਿਸੇ ਦੀ ਬਾਣੀ ਅੰਕਿਤ ਹੈ । ਛਾਪੇ ਦੀ ਪ੍ਰਚਲਿਤ ਬੀੜ ਵਿੱਚ ਗੁਰੂ-ਬਾਣੀਕਾਰਾਂ ਦੀ ਤਰਤੀਬ ਤਾਂ ਸਭ ਰਾਗਾਂ ਵਿੱਚ ਠੀਕ ਹੈ । ਹਾਂ ! ਕਈ ਥਾਈਂ ਰਾਗਾਂ ਦੇ 'ਘਰ' ਅੱਗੇ ਪਿੱਛੇ ਹੋਏ ਮਿਲਦੇ ਹਨ, ਪ੍ਰੰਤੂ ਬੀੜਾਂ ਦੇ ਲੇਖਕਾਂ ਦੀਆਂ ਉਕਾਈਆਂ ਕਾਰਨ ਭਗਤ-ਬਾਣੀ ਦੀ ਬਝਵੀਂ ਤਰਤੀਬ ਵੀ ਕਈ ਥਾਈਂ ਵਿਗੜੀ ਹੋਈ ਹੈ । ਜਿਵੇਂ

ਸਿਰੀਰਾਗੁ ਮਹਲਾ ੫ ਘਰੁ ੧ ॥ ਸੰਤ ਜਨਾ ਮਿਲਿ ਭਾਈਆ ..{੫੨} ਤੋਂ ਲੈ ਕੇ ਸਿਰੀਰਾਗੁ ਮਹਲਾ ੫ ॥ ਸੰਤ ਜਨਹੁ ਸੁਣਿ ਭਾਈਹੋ... ॥ {ਪੰ.੫੩} ਤਕ ਦੇ ੨੮, ੨੯, ੩੦ ਤਿੰਨ ਸ਼ਬਦ ਪਹਿਲੇ ਘਰ ਦੇ ਹਨ । ਪਰ ਬੇਮਿਸਲ ਹੋ ਕੇ ੭ਵੇਂ ਘਰ ਤੋਂ ਪਿਛੋਂ ਛਪ ਰਹੇ ਹਨ । ਸੂਚੀ ਮੁਤਾਬਿਕ ਸਹੀ ਕਰਨ ਦੀ ਲੋੜ ਹੈ ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ: ੧੨ ਵਿੱਚ ਉਨ੍ਹਾਂ ੨੭ ਬੀੜਾਂ ਦੀ ਸੂਚੀ ਦਿੱਤੀ ਹੋਈ ਹੈ, ਜਿਨ੍ਹਾਂ ਵਿੱਚ ਉਪਰੋਕਤ ਤਿੰਨੇ ਸ਼ਬਦ 'ਘਰੁ ੧' ਵਾਲੇ ੨੧ਵੇਂ ਸ਼ਬਦ ਨਾਲ ਆਪਣੀ ਸਹੀ ਥਾਂ ਦਰਜ ਹਨ । ਜਿਵੇਂ : ਬੀੜ ਨੰ. ੭, ੨੦, ੩੪, ੪੨, ੪੪, ੪੫, ੫੦, ੫੨, ੫੪, ੫੬, ੫੯, ੬੦, ੬੭, ੭੩, ੭੯, ੮੦, ੮੧, ੮੨, ੮੬, ੯੪, ੯੮, ੯੯, ੧੦੪, ੧੦੫, ੧੦੮, ੧੧੦ ਤੇ ੧੧੫ ।

"ਸਿਰੀਰਾਗੁ ਤ੍ਰਿਲੋਚਨ ਕਾ ॥ ਮਾਇਆ ਮੋਹੁ ਮਨਿ ਆਗਲੜਾ"... {ਪੰ.੯੨} ਬੇਮਿਸਲ ਹੋ ਕੇ ਕਬੀਰ ਜੀ ਦੀ ਬਾਣੀ ਦੇ ਵਿਚਕਾਰ ਛਪ ਰਿਹਾ ਹੈ । ਭਗਤ-ਬਾਣੀ ਦੀ ਬਝਵੀਂ ਤਰਤੀਬ ਮੁਤਾਬਿਕ ਇਸ ਦਾ ਸਥਾਨ ਠੀਕ ਕਰਨ ਦੀ ਲੋੜ ਹੈ । ਇਸ ਸਬੰਧੀ ਪਾਠ-ਭੇਦ ਸੂਚੀ ਦੀ ਮੰਨਣਯੋਗ ਸਲਾਹ ਇਸ ਪ੍ਰਕਾਰ ਹੈ :

ਇਹ ਸ਼ਬਦ ਬੇਮਿਸਲ ਹੈ । ਕਬੀਰ ਜੀ ਦੇ ਦੂਜੇ ਸਬਦ "ਅਚਰਜ ਏਕੁ ਸੁਨਹੁ ਰੇ" ਤੋਂ ਮਗਰੋਂ ਪੰਨਾ ੯੨ ਦੇ ਅੰਤ ਪੁਰ ਹੋਣਾ ਚਾਹੀਏ । ਜਿਵੇਂ ਕਿ ਏਹਨਾਂ ਗ੍ਰੰਥਾਂ ਵਿੱਚ- ਬੀੜ ਨੰਬਰ ੨੧/੩੪, ੪੪, ੫੪ ।{ਸੂਚੀ ਪੰ. ੩੬}

ਪ੍ਰੋ. ਸਾਹਿਬ ਸਿੰਘ ਟਰਸਟ ਸ੍ਰੀ ਅਨੰਦਪੁਰ, ਵੇਦਾਂਤੀ ਜੀ ਤੇ ਦਾਸ ਦੀ ਲਾਇਬ੍ਰੇਰੀ ਵਿੱਚ ਬਾਬਾ ਰਾਮਰਾਇ ਵਾਲੀ (ਲਿਖਤ ਸੰਮਤ ੧੭੪੨, ਸੰਨ ੧੬੮੫) ਬੀੜ ਦੀ ਵੀਡੀਓ ਕਾਪੀ ਮਜੂਦ ਹੈ । ਇਸ ਦੇ ਪਤਰਾ ਨੰਬਰ ੩੯ 'ਤੇ ਭਗਤ ਕਬੀਰ ਜੀ ਦੇ ਦੂਜੇ ਸ਼ਬਦ ਮਗਰੋਂ ਇਹ ਸੰਖੇਪ ਮੰਗਲ ਸਮੇਤ ਹੇਠ ਲਿਖੇ ਉਸ ਪ੍ਰਮਾਣੀਕ ਢੰਗ ਨਾਲ ਸ਼ੋਭਨੀਕ ਹੈ, ਜਿਸ ਮੁਤਾਬਿਕ ਮੰਗਲਾਂ ਨੂੰ ਸੱਜੇ ਰੱਖ ਕੇ ਇਉਂ ਪਹਿਲ ਦਿੱਤੀ ਜਾਂਦੀ ਰਹੀ :

ੴ ਸਤਿਗੁਰਪ੍ਰਸਾਦਿ ॥

ਸਿਰੀਰਾਗੁਤ੍ਰਿਲੋਚਨ ਕਾ ॥ ਮਾਇਆਮੋਹੁਮਨਿਆਗਲੜਾਪ੍ਰਾਣੀਜਰਾਮਰਣੁਭਉਵਿਸਰਿਗਇਆ ॥

ੴ ਸਤਿਗੁਰਪ੍ਰਸਾਦਿ ॥ ਰਾਗੁ ਗਉੜੀ ਗੁਆਰੇਰੀ ਕਬੀਰ ਜੀ ਕੀ ਅਸਟਪਦੀ ॥ ਇਹ ਅਸਟਪਦੀ, ਜੋ ਪੰਨਾ ੩੩੦ 'ਤੇ ਛਪ ਰਹੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੱਧੇ ਕਰਮ ਅਨੁਸਾਰ ਬੇਮਿਸਲ ਹੈ । ਇਹ ਪੰਨਾ ੩੩੯ 'ਤੇ ਸ਼ਬਦਾਂ ਪਿਛੋਂ ੭੪ਵੇਂ ਅੰਕ 'ਤੇ ਦਰਜ ਹੋਣੀ ਚਾਹੀਦੀ ਹੈ ਕਿਉਂਕਿ ਸਥਾਪਿਤ ਤਰਤੀਬ ਮੁਤਾਬਿਕ ਅਸਟਪਦੀਆਂ ਸਭ ਥਾਈਂ ਸ਼ਬਦਾਂ ਪਿਛੋਂ ਅੰਕਤ ਹੋਈਆਂ ਮਿਲਦੀਆਂ ਹਨ । {ਵੇਖੋ ਸੂਚੀ ਪੰਨਾ-੮੭}

ੴ ਸਤਿਗੁਰਪ੍ਰਸਾਦਿ ॥ ਤਿਲੰਗ ਕਾਫੀ ਮਹਲਾ ੯ ॥ਚੇਤਨਾ ਹੈ ਤਉ ਚੇਤਿ ਲੈ... ॥{੭੨੭} ਮਹਲਾ ੯ ਦੇ ਤਿੰਨੇ ਸ਼ਬਦ ਪੰਨਾ ੭੨੪ 'ਤੇ ਤਿਲੰਗ ਮਹਲਾ ੫ ॥ ਮੀਰਾਂ ਦਾਨਾ... ॥ ਪਿਛੋਂ ਅਤੇ ਅਸਟਪਦੀਆਂ ਨੂੰ 'ਜਿਨ ਕੀਆ...' ਤੋਂ ਪਹਿਲਾਂ ਚਾਹੀਦੇ ਹਨ । ਕਾਰਣ ਹੈ ਕਿ ਹਰ ਥਾਂ ਅਸਟਪਦੀਆਂ ਤੇ ਛੰਤਾਂ ਤੋਂ ਪਹਿਲਾਂ ਹੀ ਨੌਵੇਂ ਮਹਲੁ ਦੇ ਸ਼ਬਦ ਦਰਜ ਹੋਏ ਹਨ । ਸੂਚੀ ਮੁਤਾਬਿਕ ਪੁਰਾਤਨ ਬੀੜਾਂ ਵਿੱਚ ਇਥੇ ਵੀ ਦੋ ਸ਼ਬਦ ਦਰਜ ਮਿਲਦੇ ਹਨ । ਜਿਵੇਂ ਸਿੱਖ ਰੈਫ਼ਰੈਂਸ ਦੀ ਬੀੜ ਨੰਬਰ ੮/੮, ੨੧/੩੪, ੨੪/੩੬, ੨੬/੫੫, ੨੯/੭੯ ...ਆਦਿ । {ਸੂਚੀ ਪੰ.੨੫੫}

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੨੬ (ਪੰ. ੨੭੬) ਵਿੱਚ ੪੮ ਬੀੜਾਂ ਦੀ ਸੂਚੀ ਪ੍ਰਾਪਤ ਹੈ, ਜਿਨ੍ਹਾਂ ਵਿੱਚ ਉਪਰੋਕਤ ਤਿਲੰਗ ਮਃ ੯ਵਾਂ ਦੇ ਤਿੰਨੇ ਸ਼ਬਦ ਅਸਟਪਦੀਆਂ ਤੋਂ ਪਹਿਲਾਂ ਆਪਣੀ ਥਾਂ ਸਿਰ ਦਰਜ ਹਨ । ਵੇਖੋ ਬੀੜ ਨੰ. ੧, ੨, ੪, ੫, ੭, ੧੧, ੨੪, ੨੫, ੨੬, ੨੭, ੩੨, ੩੩, ੩੪, ੩੫, ੩੬, ੪੦ ਤੇ ੪੨ ਆਦਿ ।

ਛਾਪੇ ਦੀ ਬੀੜ ਅੰਦਰਲਾ "ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥" {ਪੰ. ੧੧੦੪} ਸੂਚੀ ਵਿਚ ਦਰਜ ਸਿਰਲੇਖ ਮੁਤਾਬਿਕ ਇਹ ਸ਼ਬਦ ਅਸਟਪਦੀ ਹੈ, ਜੋ 'ਚਉਪਦੇ' 'ਦੁਪਦਿਆਂ' ਵਿੱਚ ਬੇ-ਟਿਕਾਣੇ ਹੈ । ਕਬੀਰ ਜੀ ਦੇ ਸਾਰੇ ਸ਼ਬਦਾਂ ਤੋਂ ਬਾਦ ਰੱਖਣੀ ਚਾਹੀਦੀ ਹੈ, ਕਿਉਂਕਿ ਬੱਝਵੀਂ ਤਰਤੀਬ ਅਨੁਸਾਰ ਅਸਟਪਦੀਆਂ ਸਦਾ ਸ਼ਬਦਾਂ ਪਿੱਛੋਂ ਹੀ ਅੰਕਤ ਹੁੰਦੀਆਂ ਹਨ । {ਸੂਚੀ ਪੰ. ੪੯੩}

ਇਸ ਤੋਂ ਪਹਿਲੇ ਚਉਪਦਿਆਂ ਦੇ ਸਿਰਲੇਖ 'ਮਾਰੂ ॥ ਕਬੀਰ ਜੀ' ਵੀ ਬੀੜਾਂ ਵਿੱਚ ਉਪਲਬਧ ਹਨ । ਜਿਵੇਂ ਬੀੜ ਨੰਬਰ ੧,੫, ੮/੮ ੨੧/੩੪, ੨੪/੩੬ ਆਦਿਕ ੧੬ ਬੀੜਾਂ ਦਾ ਵੇਰਵਾ ਸੂਚੀ ਵਿੱਚ ਦਰਜ ਹੈ । {ਸੂਚੀ ਪੰ.੪੯੦}

ਮਾਰੂ ਕਬੀਰ ਜੀਉ ॥ ਦੀਨੁ ਬਿਸਾਰਿਓ ਰੇ ਦਿਵਾਨੇ..{੧੧੦੫}

ਰਾਮੁ ਸਿਮਰੁ ਪਛੁਤਾਹਿਗਾ ਮਨ ॥{੧੧੦੬} ਸੂਚੀ ਮੁਤਾਬਿਕ ਇਹ ਦੋਵੇਂ ਸ਼ਬਦ ਕਬੀਰ ਜੀ ਦੇ ਚਉਪਦਿਆਂ ਨਾਲ ਹੀ ਅੰਕਿਤ ਹੋਣੇ ਚਾਹੀਦੇ ਹਨ। ਭਾਈ ਬੰਨੋ ਵਾਲੀ ਬੀੜ ਦੇ ਲਿਖਾਰੀ ਦੀ ਭੁੱਲ ਹੈ, ਜਿਸ ਨੂੰ ਹੋਰ ਲੇਖਕਾਂ ਦੁਹਰਾਇਆ ਹੈ। ਪੁਰਾਤਨ ਲਿਖਤੀ ਬੀੜਾਂ ਵਿੱਚ ਉਪਰੋਕਤ ਸ਼ਬਦ "ਸਲੋਕ ਕਬੀਰ ॥ ਗਗਨ ਦਮਾਮਾ..." ਤੋਂ ਪਹਿਲਾਂ ਦਰਜ ਹੈ। ਜਿਵੇਂ ਬੀੜ ਨੰ. ੧, ੮/੮, ੨੧/੩੪ ਆਦਿਕ ੧੧ ਬੀੜਾਂ ਦਾ ਹਵਾਲਾ ਮਿਲਦਾ ਹੈ।

ਨਾਮਦੇਵ ॥ ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ ॥ {੧੧੬੭} ਸੂਚੀ ਮੁਤਾਬਿਕ ਭਗਤ ਨਾਮਦੇਵ ਜੀ ੧੦ ਦਸਵਾਂ ਸ਼ਬਦ ਭਾਈ ਗੁਰਦਾਸ ਜੀ ਮਿਸਲ ਦੀਆਂ ਬੀੜਾਂ ਵਿੱਚ ਦੂਜੇ ਘਰ ਵਾਲੇ ਸੰਗ੍ਰਹਿ ਵਿਖੇ (ਛਾਪੇ ਦੀ ਬੀੜ ਪੰ. ੧੧੬੫ ਪੁਰ) ਆਪਣੇ ਟਿਕਾਣੇ ਸਿਰ ਦਰਜ ਹੈ, ਕਿਉਂਕਿ ਭਗਤ ਬਾਣੀ ਦੀ ਬੱਧੀ ਤਰਤੀਬ ਮੁਤਾਬਿਕ ਨਾਮਦੇਵ ਜੀ ਦਾ ਸ਼ਬਦ ਰਵਿਦਾਸ ਜੀ ਦੇ ਪਿਛੋਂ ਨਹੀਂ ਆ ਸਕਦਾ। ਉਪਰੋਕਤ ਹਕੀਕਤ ਲਈ ਸੂਚੀ ਵਿੱਚ ਬੀੜ ਨੰਬਰ ੧, ੨੧/੩੪, ੨੯/੭੯ ਆਦਿਕ ੯ ਬੀੜਾਂ ਦਾ ਹਵਾਲਾ ਦਰਜ ਹੈ। {ਸੂਚੀ ਪੰ. ੫੫੫}

ਬਸੰਤੁ ਕਬੀਰ ਜੀਉ ॥ ਸੁਰਹ ਕੀ ਜੈਸੀ ਤੇਰੀ ਚਾਲ ॥ {ਪੰ.੧੧੯੬} ਇਹ ਸ਼ਬਦ ਬੇਮਿਸਲ ਹੋ ਕੇ ਭਗਤ ਰਾਮਾਨੰਦ, ਨਾਮਦੇਉ ਤੇ ਰਵਿਦਾਸ ਜੀ ਦੀ ਬਾਣੀ ਪਿਛੋਂ ਅਖ਼ੀਰ ਵਿੱਚ ਛਪ ਰਿਹਾ ਹੈ। ਤਰਤੀਬ ਮੁਤਾਬਿਕ ਇਹ ਪੰ.੧੧੯੫ 'ਤੇ ਕਬੀਰ ਜੀ ਦਾ ਅਠਵਾਂ ਸ਼ਬਦ ਬਣਦਾ ਹੈ। ਸੂਚੀ ਦੀ ਸੂਚਨਾ ਅਨੁਸਾਰ ਬੀੜ ਨੰ. ੨੯/੭੯, ੫੪, ੫੫ ਤੇ ੫੬ ਆਦਿਕ ੯ ਬੀੜਾਂ ਵਿਖੇ ਆਪਣੀ ਥਾਂ ਟਿਕਿਆ ਮਿਲਦਾ ਹੈ। {ਸੂਚੀ ਪੰ. ੫੯੪}

ਸਾਰੰਗ ਕਬੀਰ ਜੀਉ ॥ ਹਰਿ ਬਿਨੁ ਕਉਨੁ ਸਹਾਈ ਮਨ ਕਾ ॥ {ਪੰ.੧੨੫੩} ਇਹ ਸ਼ਬਦ ਪੰਨਾ ੧੨੫੨ 'ਤੇ ਕਬੀਰ ਜੀ ਦਾ ਤੀਜਾ ਸ਼ਬਦ ਬਣਦਾ ਹੈ, ਪਰ ਲਿਖਿਆ ਅੰਤ ਵਿੱਚ ਹੈ। ਸੂਚੀ ਦਾ ਨੋਟ ਇਸ ਪ੍ਰਕਾਰ ਹੈ :

**ਨੋਟ** : ਇਸ ਰਾਗ ਵਿੱਚ ਭੀ ਕਬੀਰ ਜੀ ਦਾ ਤੀਜਾ-ਸ਼ਬਦ -ਹਰਿ ਬਿਨੁ ਕਉਨੁ ਸਹਾਈ ਮਨ ਕਾ ॥... ਛਾਪੇ ਤੇ ਲਿਖਤ ਦੇ ਕਈ ਗ੍ਰੰਥਾਂ ਵਿੱਚ ਬੇ-ਮਿਸਲ (ਟਿਕਾਣੇ ਤੋਂ ਖਿਸਕਿਆ ਹੋਇਆ) ਯੱਨੀ ਰਾਗੁ ਦੇ ਅੰਤਿ ਦਰਜ ਹੈ। ਲੇਕਿਨ ਭਾਈ ਗੁਰਦਾਸ ਮਿਸਲ ਦੇ ਅਕਸਰ ਉਤਾਰਿਆਂ ਵਿੱਚ ਸਹੀ ਥਾਂ (ਤੀਜੇ ਨੰਬਰ) ਲਿਖਿਆ ਮਿਲਦਾ ਹੈ। ਜਿਹਾ ਕਿ- ਬੀੜ ਨੰ. ੨੧/੩੪, ੨੨/੬੨੯੧, ੩੬/੧੧੭, ੩੮/੧੭੩, ੪੦/੨੩੬ ਅਤੇ ੫੫ ਨੰਬਰ ਆਦਿਕ।{ਸੂਚੀ ਪੰ. ੬੫੭}

ਸੂਚੀ ਨੇ ਤਾਂ ਛਾਪੇ ਦੀ ਬੀੜ ਅੰਦਰਲੇ ਦੁਪਦੇ, ਤਿਪਦੇ ਤੇ ਚਉਪਦਿਆਂ ਆਦਿਕ ਦੀ ਤਰਤੀਬ ਦਾ ਵਿਗਾੜ ਵੀ ਦਰਸਾਇਆ ਹੈ। ਜਿਵੇਂ "ਆਸਾ ਮਹਲਾ ੧ ਦੁਪਦੇ ॥ ਤਿਤੁ ਸਰਵਰੜੈ ਭਈਲੇ ਨਿਵਾਸਾ..." {੩੫੭} ਅਤੇ "ਛਿਅ ਘਰ ਛਿਅ ਗੁਰ... ॥" ਦੂਜੇ ਘਰ ਦੇ ੨੯ ਤੇ ੩੦ ਨੰਬਰ ਦੋਵੇਂ ਦੁਪਦੇ, ਤਰਤੀਬ ਮੁਤਾਬਿਕ ਚਉਪਦਿਆਂ ਤੋਂ ਪਹਿਲਾਂ ਪੰਨਾ ੩੪੯ ਉਪਰ 'ਸੋ ਪੁਰਖੁ' ਸ਼ਬਦ ਤੋਂ ਪਿਛੋਂ ਮੰਗਲ ਸਹਿਤ ਅੰਕਿਤ ਹੋਣੇ ਚਾਹੀਦੇ ਹਨ। ਪੰਨਾ ੪੮੪ ਉਪਰਲੇ ੩੪ ਤੋਂ ੩੭ ਨੰਬਰ ਤਕ ਦੇ ਸ਼ਬਦ ਚਉਪਦੇ ਹੋਣ ਕਰਕੇ ਪੰਨਾ ੪੭੯ 'ਤੇ ੧੩ਵੇਂ ਅੰਕ ਪਿਛੋਂ ਦਰਜ ਹੋਣੇ ਚਾਹੀਦੇ ਹਨ। ਪ੍ਰੰਤੂ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨਾਂ ਨੇ ਉਪਰੋਕਤ ਪੱਖ ਨੂੰ ਮਹੱਤਵ ਨਹੀਂ ਦਿੱਤਾ, ਕਿਉਂਕਿ ਦੁਪਦਿਆਂ ਤੇ ਚਉਪਦਿਆਂ ਆਦਿਕ ਦੇ ਰਲਵੇਂ ਮਿਲਵੇਂ ਸੰਗ੍ਰਹਿ ਆਮ ਮਿਲਦੇ ਹਨ। ਦੂਜਾ ਕਾਰਣ ਹੈ ਕਿ ਦੁਪਦੇ, ਚਉਪਦੇ ਆਦਿਕ ਸੰਗ੍ਰਹਿ ਨਾ ਤਾਂ ਸ਼ਬਦਾਂ ਦੇ ਜੋੜ-ਅੰਕਾਂ ਨੂੰ ਪ੍ਰਭਾਵਤ ਕਰਦੇ ਹਨ ਅਤੇ ਨਾ ਹੀ ਇਨ੍ਹਾਂ ਅੱਗੇ ਵਿਸ਼ੇਸ਼ ਮੰਗਲ ਲੋੜੀਂਦਾ ਹੈ।

ਸੋ ਇਸ ਲਈ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦੇ ਸੋਧੇ ਖਰੜੇ ਵਿੱਚ 'ਪਾਠ-ਭੇਦ ਸੂਚੀ' ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨਾਂ ਦੀ ਸਲਾਹ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਝਵੀਂ ਤਰਤੀਬਕ ਇਕਸਾਰਤਾ ਨੂੰ ਕਾਇਮ ਕਰਨ ਹਿਤ ਉਪਰੋਕਤ ਕਿਸਮ ਦੇ ਬੇਮਿਸਲ ਸ਼ਬਦਾਂ ਨੂੰ ਤਰਤੀਬ ਦਿੰਦਿਆਂ ਉਨ੍ਹਾਂ ਦੇ ਘਰਾਂ ਮੁਤਾਬਿਕ ਸਹੀ ਥਾਂ 'ਤੇ ਟਿਕਾਉਣ ਤੇ ਦਰਸਾਉਣ ਦਾ ਵੀ ਉਪਰਾਲਾ ਕੀਤਾ ਦਿਸਦਾ ਹੈ।

**ਸਤਵਾਂ ਬਹੁਤ ਹੀ ਸੰਵੇਦਨਸ਼ੀਲ ਤੇ ਅਹਿਮ ਮਸਲਾ ਹੈ ਬਾਣੀ ਦੀਆਂ ਕੁਝ ਸ਼ਦਿੰਗਧ ਤੁਕਾਂ ਅਤੇ ਰਾਗਮਾਲਾ ਦੇ ਨਿਰਣਾਇਕ ਹੱਲ ਦਾ।** ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਕਰਤਾ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਜਿਤਨੀਆਂ ਭੀ ਬੀੜਾਂ ਲਿਖੀਆਂ ਗਈਆਂ ਸਨ, ਉਹ ਸਾਰੀਆਂ ਹੀ ਲਗਭਗ ਭਾਈ ਗੁਰਦਾਸ ਜੀ ਵਾਲੀ 'ਆਦਿ ਬੀੜ' ਨਾਲ ਮਿਲਦੀਆਂ ਸਨ। ਕਿਸੇ ਲਿਖਾਰੀ ਦੀ ਅਭੋਲ ਉਕਾਈ ਨਾਲ ਭਾਵੇਂ ਕੋਈ (ਲਗ-ਮਾਤ੍ਰੀ) ਨਿੱਕਾ ਮੋਟਾ ਫ਼ਰਕ ਪੈ ਗਿਆ ਹੋਵੇ। ਉਂਞ ਜਾਣ-ਬੁੱਝ ਕੇ ਕਿਸੇ ਨੇ ਕੋਈ ਅਦਲਾ ਬਦਲੀ ਕਰਨ ਦੀ ਕੋਸ਼ਸ਼ ਨਹੀਂ ਕੀਤੀ। ਜੋ ਅਦਲਾ-ਬਦਲੀਆਂ ਹੋਈਆਂ ਉਹ ਸੰਨ ੧੭੩੨ ਤੋਂ ਪਿੱਛੋਂ ਹੋਈਆਂ।

ਸ੍ਰ. ਜੀ.ਬੀ. ਸਿੰਘ ਮੁਤਾਬਿਕ ਤਾਂ ਭਾਈ ਬੰਨੋ ਵਾਲੀ ਬੀੜ ਵਿੱਚ ਵੀ ਪਹਿਲਾਂ ਫ਼ਾਲਤੂ ਬਾਣੀਆਂ ਨਹੀਂ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਜੀ ਦੀ ਸ਼ਹੀਦੀ ਤੋਂ ਪਿੱਛੋਂ ਕਿਸੇ ਨੇ ੨੬ ਵਰਕੇ ਨਵੇਂ ਪਾ ਕੇ ਮਹਲਾ ਨਾਵਾਂ ਦੀ ਬਾਣੀ ਸਮੇਤ ਕੁਝ ਹੋਰ ਫ਼ਾਲਤੂ ਬਾਣੀਆਂ ਲਿਖ ਦਿੱਤੀਆਂ। ਸੰਨ ੧੯੬੪ ਵਿੱਚ ਪੱਥਰ ਦੇ ਛਾਪੇ ਦੀ ਜੋ ਪਹਿਲੀ ਲਹੌਰੀ ਬੀੜ ਛਪੀ, ਪ੍ਰਤੀਤ ਹੁੰਦਾ ਹੈ ਕਿ ਭਾਈ ਬੰਨੋ ਵਾਲੀ ਬੀੜ ਦਾ ਕੋਈ ਉਤਾਰਾ ਹੀ ਉਸ ਦੀ ਛਪਾਈ ਦਾ ਅਧਾਰ ਬਣਿਆ। ਇਹ ਵੱਖਰੀ ਗੱਲ ਹੈ ਕਿ ਉਸ ਵਿੱਚ ਰਾਗਮਾਲਾ ਤੋਂ ਇਲਾਵਾ ਕੋਈ ਹੋਰ ਵਾਧੂ ਬਾਣੀ ਨਹੀਂ ਹੋਵੇਗੀ। ਪਰ ਛਾਪੇ ਦੀ ਪ੍ਰਚਲਿਤ ਬੀੜ ਅੰਦਰਲਾ ਰਾਮਕਲੀ ਰਾਗ ਦਾ ਛੰਤ "ਰਣ ਝੁੰਝਨੜਾ ਗਾਉ ਸਖੀ... ॥ {ਪੰ.੯੨੭} ਦੀਆਂ ਕੇਵਲ ਦੋ ਤੁਕਾਂ ਅਤੇ ਰਾਗ ਸਾਰੰਗ ਵਿੱਚ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥" {ਪੰ.੧੨੫੩} ਵਾਲੀ ਇੱਕੋ ਤੁਕ ਬੀੜ ਦੀ ਛਪਾਈ ਦਾ ਖੋਜ-ਖੁਰਾ ਭਾਈ ਬੰਨੋ ਵਾਲੀ ਬੀੜ ਵੱਲ ਲੈ ਜਾਂਦਾ ਹੈ।

ਫ਼ਰੀਦਕੋਟੀ ਸੰਪਰਦਾਈ ਟੀਕੇ ਵਿੱਚ ਛੰਦ "ਰਣ ਝੁੰਝਨੜਾ ਗਾਉ ਸਖੀ... ॥" {ਪੰ.੯੨੭} ਦੇ ਸਿਰਲੇਖ ਤੋਂ ਪਹਿਲਾਂ ਉਥਾਨਕਾਂ ਵਜੋਂ ਲਿਖਿਆ ਹੈ : ਸ੍ਰੀ ਗੁਰੂ ਅਰਜਨ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੇ ਜਨਮ ਸਮੇਂ ਮੇਂ ਉਚਾਰਤੇ ਭਏ : ਯਹਿ ਸ਼ਬਦ ਸਾਰਾ ਭਾਈ ਬੰਨੋ ਜੀ ਕੀ ਬੀੜ ਮੇਂ ਲਿਖਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੨੮ (ਪੰ. ੨੭੭) ਵਿੱਚ ਐਸੀਆਂ ੬੪ ਹੱਥ ਲਿਖਤੀ ਬੀੜਾਂ ਦੀ ਸੂਚੀ ਦਰਜ ਹੈ, ਜਿਨ੍ਹਾਂ ਵਿੱਚ ਰਾਮਕਲੀ ਛੰਤ ਦੀਆਂ ਉਪਰੋਕਤ ਦੋ ਤੁਕਾਂ ਦੀ ਥਾਂ ਪੂਰਾ ਚਉਪਦਾ ਛੰਤ ਹੈ। ਜਿਵੇਂ ਬੀੜ ਨੰ. ੧, ੨, ੩, ੪, ੫, ੭, ੯, ੧੧, ੧੨, ੧੩, ੧੪, ੧੫, ੧੬, ੧੭, ੧੯, ੨੨, ੨੪, ੨੫, ੨੬ ਤੇ ੨੭ ਆਦਿ। ਵੇਖੋ ! ਪੁਸਤਕ ਦੇ ਪੰਨਾ ੨੫੬ ਵਾਲਾ ੧੭ ਨੰ. ਚਿਤ੍ਰ :

ਗਿ. ਹਰਿਬੰਸ ਸਿੰਘ ਜੀ ਰਚਿਤ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ' ਦੀ ਨਾਵੀਂ ਪੋਥੀ ਦੇ ਪੰਨਾ ੪੫੬ 'ਤੇ 'ਵਿਸ਼ੇਸ ਧਿਆਨ ਦਿਓ' ਸਿਰਲੇਖ ਹੇਠ ਨੋਟ ਹੈ :

......ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਗੁਰੂ ਜੀ ਨੇ ਗੁਰਮਤਿ ਕਸਵੱਟੀ ਤੇ ਪਰਖ ਕੇ ਕੇਵਲ ਸੱਚੀ ਬਾਣੀ ਨੂੰ ਪ੍ਰਮਾਣਿਕਤਾ ਦਿੱਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਈ ਬੰਨੋ ਵਾਲੇ ਸਰੂਪ ਵਿੱਚ ਚਾਰ ਪਦਾਂ ਦਾ ਪੂਰਾ ਛੰਤ ਅੰਕਿਤ ਹੈ ਪਰ ਸ੍ਰੀ ਕਰਤਾਰਪੁਰ ਵਾਲੇ ਪਾਵਨ ਸਰੂਪ ਵਿੱਚ

ਇਸ ਸ਼ਬਦ ਦੀਆਂ ਬਾਕੀ ਪੰਕਤੀਆਂ ਛੱਡਣ ਦਾ ਪ੍ਰਸ਼ਨ ਹੀ ਨਹੀਂ ਸੀ ਉੱਠਣਾ। ਇਸ ਸ਼ਬਦ ਦੇ ਤੀਜੇ ਅੰਕ ਦੇ ਆਰੰਭ ਵਿੱਚ ਹੀ ਗੁਰਮਤਿ ਵਿਰੋਧੀ-ਭਾਵਨਾ ਪੜ੍ਹ ਕੇ ਪਾਠਕ ਜਨ ਆਪ ਹੀ ਅਨੁਮਾਨ ਲਗਾ ਲੈਣਗੇ ਕਿ ਉਪਰੋਕਤ ਦੋ ਪੰਕਤੀਆਂ ਛੱਡ ਕੇ ਸਾਰਾ ਸ਼ਬਦ ਹੀ ਗੁਰਦੇਵ ਜੀ ਦੀ ਕਾਵਿ-ਸ਼ੈਲੀ ਅਤੇ ਰਹੁਰੀਤਾਂ ਨਾਲ ਮੇਲ ਨਹੀਂ ਸੀ ਖਾਂਦਾ, ਜਿਸ ਕਰਕੇ ਉਹ ਪੰਕਤੀਆਂ ਦਰਜ ਨਹੀਂ ਕਰਾਈਆਂ:-

… ॥ ਰੀਤੀ ਸਗਲ ਕਰਾਈਆ, ਹਰਿ ਸਿਉ ਲਿਵ ਲਾਈ ॥

ਭਦਣੁ ਉਨੇਤ ਕਰਾਇਆ, ਗੁਰ ਗਿਆਨ ਜਪਾਈ ॥

ਮਹਾਨਕੋਸ਼ ਮੁਤਾਬਿਕ 'ਭਦਣੁ' (ਭੱਦਣ) ਪਦ ਦਾ ਅਰਥ ਹੈ ਬ੍ਰਾਹਮਣ ਰੀਤੀ ਅਨੁਸਾਰ- 'ਮੁੰਡਨ ਸੰਸਕਾਰ' ਅਤੇ 'ਉਨੇਤ' ਦਾ ਪਦ-ਅਰਥ ਹੈ- ਜਨੇਊ-ਸੰਸਕਾਰ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਉਪਰੋਕਤ ਛੰਤ ਸਬੰਧੀ ਹੇਠ ਲਿਖਿਆ ਨੋਟ ਹੈ :

ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਇਸ ਦੀਆਂ ਕੇਵਲ ਦੋ ਤੁਕਾਂ ਦਿੱਤੀਆਂ ਹਨ, ਪਰ ਭਾਈ ਬੰਨੋ ਵਾਲੀ ਬੀੜ ਵਿੱਚ ਚਾਰ ਪਦਾਂ ਦਾ ਛੰਦ ਦਿੱਤਾ ਹੈ। ਮਜ਼ਮੂਨ ਬਾਲਕ ਸ੍ਰੀ ਹਰਿਗੋਬਿੰਦ ਜੀ ਦੇ ਸਬੰਧ ਵਿੱਚ ਕਿਸੇ ਸੰਸਕਾਰ ਦਾ ਨਹੀਂ, ਸਗੋਂ ਅਨੂਪਮ ਬਾਲਕ ਦਾ ਅਲੰਕਾਰ ਲੈ ਕੇ ਉਸ ਦੇ ਜੀਵਨ ਦੇ ਜ਼ਰੂਰੀ ਮੌਕਿਆਂ (ਜਨਮ, ਨਾਮ-ਕਰਨ, **ਭਦਣ**, ਸਕੂਲੇ ਪੈਣ, ਮੰਗਣਾ, ਵਿਆਹ) ਨੂੰ ਲੈ ਕੇ ਅੰਮ੍ਰਿਤ-ਨਾਮ ਦੇ ਵੰਡਣ ਦਾ ਜ਼ਿਕਰ ਕਰਦੇ ਹਨ, ਇਸੇ ਤਰ੍ਹਾਂ ਹੋਰਨਾਂ ਥਾਵਾਂ 'ਤੇ ਅਲਾਹਣੀਆਂ, ਘੋੜੀਆਂ, ਜੰਞੂ, ਵਿਆਹ ਆਦਿ ਦੇ ਅਲੰਕਾਰ ਵਰਤੇ ਗਏ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਛਾਪੀ ਪੁਸਤਕ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਵਿੱਚ ਡਾ. ਭਾਈ ਜੋਧ ਸਿੰਘ ਲਿਖਦੇ ਹਨ :

ਰਾਮਕਲੀ ਮਹਲਾ ੫ ਛੰਤ "ਰਣ ਝੁੰਝਨੜਾ ਗਾਉ"। ਤਤਕਰੇ ਵਿੱਚ ਪ੍ਰਤੀਕ ਕੋਈ ਨਹੀਂ। ਪਰੰਤੂ ਦੋਵੇਂ ਤੁਕਾਂ ਆਪਣੀ ਥਾਂ ਤੇ ਅਖ਼ੀਰ ਵਿੱਚ ਦਿੱਤੀਆਂ ਹਨ। ੭੦੩/੧ ਪੰਨੇ ਪੁਰ ਹੜਤਾਲ ਕੋਈ ਨਹੀਂ ਫੇਰੀ। ਅੱਗੇ ਸਫਾ ਖਾਲੀ ਹੈ। ਇਨ੍ਹਾਂ ਦੋਹਾਂ ਸਤਰਾਂ ਦੀ ਕਲਮ ਹੋਰ ਹੈ ਪਰ ਲਿਖਤ ਉਹੋ ਜਾਪਦੀ ਹੈ।

ਛਾਪੇ ਦੀ ਪ੍ਰਚਲਿਤ ਬੀੜ ਦੇ ਤਤਕਰੇ ਵਿੱਚ ਤਾਂ ਛੰਤ ਦੇ ਉਪਰੋਕਤ ਪਦੇ ਦੀ ਪ੍ਰਤੀਕ ਹੈ, ਪ੍ਰੰਤੂ ਪਾਵਨ ਬੀੜ ਦੇ ਪੰਨਾ ੯੨੭ 'ਤੇ ਇਸ ਪਦੇ ਨੂੰ ਕੋਈ ਕਾਵਿਕ ਜਾਂ ਸ਼ਬਦਾਂ ਦੀ ਗਿਣਤੀ ਦਾ ਜੋੜ-ਅੰਕ ਨਹੀਂ ਦਿੱਤਾ ਗਿਆ। ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇ ਦੀ ਬੀੜ ਵਿੱਚ ਇਹ ਸ਼ਬਦਾਂ ਦੀ ਗਿਣਤੀ ਵਿੱਚ ਨਹੀਂ ਅਤੇ ਨਾ ਹੀ ਕਰਤਾਰਪੁਰੀ ਬੀੜ ਦੇ ਤਤਕਰੇ ਵਿਚ ਹੈ। ਇਸ ਲਈ ਪਾਠ-ਭੇਦ ਸੂਚੀ ਤੇ ਜਥੇਦਾਰ ਵੇਦਾਂਤੀ ਜੀ ਵਰਗੇ ਖੋਜੀ ਵਿਦਵਾਨਾਂ ਦਾ ਮੱਤ ਸੀ ਕਿ ਉਪਰੋਕਤ ਤੁਕਾਂ ਨੂੰ ਗੁਰਬਾਣੀ ਦਾ ਭਾਗ ਮੰਨਣਾ ਸਿਧਾਂਤਕ ਪੱਖੋਂ ਵੀ ਸਹੀ ਨਹੀਂ ਹੈ। ਗੁਰਮਤਿ ਦੇ ਚਾਨਣ ਵਿੱਚ ਅਜਿਹਾ ਕਦਾਚਿਤ ਵੀ ਨਹੀਂ ਮੰਨਿਆ ਜਾ ਸਕਦਾ ਕਿ ਅਕਾਲਪੁਰਖ ਨੂੰ ਕੇਸ਼ਵ ਕਹਿੰਦਿਆਂ 'ਕੇਸਾ ਕਾ ਕਰਿ ਚਵਰੁ ਢੁਲਾਵਾ' ਦਾ ਇਲਾਹੀ ਨਗਮਾ ਗਾਉਣ ਵਾਲੇ ਗੁਰੂ ਸਾਹਿਬ 'ਭਦਣੁ ਉਨੇਤ ਕਰਾਇਆ, ਗੁਰ ਗਿਆਨ ਜਪਾਈ ॥" ਵਰਗੀ ਮੁੰਡਨ ਸੰਸਕਾਰ ਦੀ ਪ੍ਰੇਰਕ ਤੁਕ ਨੂੰ ਗੁਰੂ ਗਿਆਨ ਕਹਿਣ।

ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਹੋ ਰਹੇ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥" {ਪੰ. ੧੨੫੩} ਦੀ ਤੁਕ ਸਬੰਧੀ ਇੱਕ ਵਿਸ਼ੇਸ਼ ਨੋਟ ਇੰਝ ਹੈ :

"ਇਹ ਸ਼ਬਦ ਭਾਈ ਬੰਨੋ ਦੀ ਬੀੜ ਵਿੱਚ ਸਾਰੇ ਦਾ ਸਾਰਾ ਦਿੱਤਾ ਹੈ। ਪਰ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਹਿਲੀ ਤੁਕ ਹੀ ਦਿਤੀ ਹੈ। ਬਾਕੀਆਂ ਵਿੱਚ ਬੇਮੁਖ ਨੂੰ ਸੱਪ, ਹਾਥੀ, ਕਾਂ, ਗਦੋਂ, ਪੱਥਰ, ਕਾਲੀ ਕੰਬਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੱਗ ਸਾਬਤ ਕੀਤਾ ਹੋਇਆ ਹੈ, ਅਤੇ ਸੁਧਾਰ ਦੀ ਕੋਈ ਆਸ ਨਹੀਂ ਦੱਸੀ ਹੋਈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛੱਡ ਦਿਤੀਆਂ ਮਲੂਮ ਹੁੰਦੀਆਂ ਹਨ।"

ਕਿਉਂਕਿ ਗੁਰਮਤਿ ਆਸ਼ਾਵਾਦੀ ਹੈ, ਨਿਰਾਸ਼ਾਵਾਦੀ ਨਹੀਂ। ਗੁਰਬਾਣੀ ਤਾਂ ਰੱਬੀ ਮਿਹਰ ਸਦਕਾ "ਸੂਕੇ ਕਾਸਟ, ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥" {ਗੁਰੂ ਗ੍ਰੰਥ-ਪੰ.੮੯੮} ਦਾ ਵਿਸ਼ਵਾਸ਼ ਦ੍ਰਿੜ ਕਰਵਾਉਂਦੀ ਹੈ। 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਗਤ ਬਾਣੀ ਭਾਗ) ਮੁਤਾਬਿਕ ਗਿਆਨੀ ਗੁਰਦਿੱਤ ਸਿੰਘ ਜੀ ਦਾ ਮਤ ਹੈ :

"ਕਰੜੇ ਭਾਵਾਂ ਵਾਲੀਆਂ ਤੁਕਾਂ ਛੱਡਣ ਦਾ ਮਨੋਰਥ ਇਹ ਜਾਪਦਾ ਹੈ ਬੇਮੁਖਾਂ ਨੂੰ ਇਤਨਾ ਦੁਰਕਾਰਨਾ ਭੀ ਯੋਗ ਨਹੀਂ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਬਖਸ਼ਿਆ ਨਹੀਂ ਜਾ ਸਕਦਾ ਹੈ। ਗੁਰਮਤ 'ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗੁ ਪਾਵੈ' ਦਾ ਮਾਰਗ ਦਰਸਾਉਂਦੀ ਹੈ। ਇਸ ਅਨੁਸਾਰ ਕਿਸੇ ਵੀ ਗਿਰਾਵਟ ਵਿਚ ਗਿਰੇ ਹੋਏ ਦਾ ਉਧਾਰ ਹੋਣ ਦਾ ਭਰੋਸਾ ਦਿੰਦੀ ਹੈ ਅਤੇ ਬਖਸ਼ਸ਼ ਦਾ ਰਾਹ ਖੁਲ੍ਹਾ ਰਖਦੀ ਹੈ।" {ਪੰਨਾ ੩੩੦}

ਗਿਆਨੀ ਜੀ ਆਪ ਤਾਂ ਭਾਵੇਂ "ਛਾਡਿ ਮਨ …" ਤੁਕ ਨੂੰ ਮਦਨ ਮੋਹਨ 'ਸੂਰਦਾਸ' ਦੀ ਹੀ ਮੰਨਦੇ ਸਨ। ਪਰ ਉਨਾਂ ਨੇ ਉਪਰੋਕਤ ਲਿਖਤ ਵਿੱਚ ਮੰਨਿਆ ਹੈ ਕਿ ਪੁਰਾਤਨ ਬੀੜਾਂ ਦੇ ਮੁਢਲੇ ਖੋਜੀ "ਸ: ਜੀ.ਬੀ. ਸਿੰਘ ਨੇ ਇਸ ਸ਼ਬਦ ਬਾਰੇ ਆਪਣੀ ਇਕ ਚਾਰ ਪੰਜ ਸਫਿਆਂ ਉਤੇ ਲਿਖੀ ਕਾਪੀ ਮੈਨੂੰ ੧੯੪੬ ਵਿੱਚ ਦਿੱਤੀ ਸੀ। ਉਸ ਵਿੱਚ ਉਨ੍ਹਾਂ ਸਿੱਧ ਕੀਤਾ ਸੀ ਕਿ ਅਸਲ ਵਿੱਚ ਇਹ ਸ਼ਬਦ ਕ੍ਰਿਸ਼ਨ ਭਗਤ ਸੂਰਦਾਸ ਦਾ ਹੀ ਹੈ। ਉਨ੍ਹਾਂ ਨੇ ਸੂਰਦਾਸ ਦੇ ਗ੍ਰੰਥ 'ਸੂਰ ਸਾਗਰ' ਵਿਚੋਂ ਪੂਰੇ ਵਿਸ਼ਨੂ ਪਦੇ ਦਾ ਇਕ ਹਿੱਸਾ ਇਸ ਕੱਟੀ ਹੋਈ ਤੁਕ ਨਾਲ ਮੇਲ ਕੇ ਭੀ ਦਸਿਆ ਸੀ। ਉਸ ਵਿਸ਼ਨੂ ਪਦੇ ਦਾ ਆਰੰਭ ਇਸ ਤਰ੍ਹਾਂ ਹੈ :-

ਚਰਨ ਕਮਲ ਬੰਦੋ ਹਰਿ ਰਾਇ।

ਜਾ ਕੀ ਕ੍ਰਿਪਾ ਪੰਗ ਗਿਰ ਲੰਘੈ ਅੰਧੇ ਕਉ ਸਭ ਕਿਛ ਦਰਸਾਏ। {ਪੰਨਾ ੩੨੮}

"ਸਾਰੰਗ ਮਹਲਾ ੫ ਸੂਰਦਾਸ ॥" ਦੀ ਵਿਆਖਿਆ ਕਰਦਿਆਂ ਸ਼ਬਦਾਰਥ ਲਿਖਦਾ ਹੈ :

(ਇਹ ਉਹ ਮਸ਼ਹੂਰ ਨੇਤ੍ਰਹੀਨ ਸੂਰਦਾਸ ਨਹੀਂ, ਜੋ ਵੈਸ਼ਨਾਵਾਂ ਦਾ ਮਹਾਤਮਾ ਭਗਤ ਹੋਇਆ ਹੈ।) ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ ਹੋਇਆ ਹੈ ਜੋ ਸੰਮਤ ੧੫੮੬ ਵਿੱਚ ਪੈਦਾ ਹੋਇਆ। ਇਹ ਸੰਸਕ੍ਰਿਤ, ਹਿੰਦੀ, ਫ਼ਾਰਸੀ ਦਾ ਪੂਰਨ ਵਿਦਵਾਨ ਅਤੇ ਅਕਬਰ ਦੇ ਵੇਲੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ ਪਰ ਪਿਛੋਂ ਵੈਰਾਗਵਾਨ ਹੋ ਕੇ ਤਿਆਗੀ ਹੋ ਗਿਆ। ਇਸ ਦੀ ਸਮਾਧ ਕਾਂਸ਼ੀ ਵਿੱਚ ਹੈ।

**ਫ਼ਰੀਦਕੋਟੀ ਟੀਕਾ ਲਿਖਦਾ ਹੈ :** ਇਹ ਸਬਦ ਸਾਰਾ ਕਿਉਂ ਨਾ ਉਚਾਰਾ ? ਇਸ ਵਿਕਲਪ ਕਾ ਉਤ੍ਰ ਇਹੁ ਹੈ : ਪ੍ਰੇਮ ਕਰ ਤੁਕ ਉਚਾਰੀ। ਪੁਨਾ ਵਹੁ ਸੂਰਦਾਸ ਪ੍ਰੇਮੀ ਸਮਾਧੀ ਇਸਥਿਤ ਹੋ ਗਯਾ। ਪੁਨਾ ਗੁਰੂ ਜੀ ਨੇ ਆਪ (ਸਾਰੰਗ ਮਹਲਾ ੫ ਸੂਰਦਾਸ ॥ ਹਰਿ ਕੇ ਸੰਗਿ…) ਸਬਦ ਉਚਾਰ ਕਰ ਅੰਕ ਕਉ ਸੂਰਦਾਸ ਦਾ ਨਾਮੁ ਲਿਖ ਕਰ ਤਿਸ ਕਉ ਸਿਰਪਾਉ ਦੀਆ ਹੈ। ਤੌ ਇਹ (ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ ਤੁਕ ਵਾਲਾ) ਸੂਰਦਾਸ ਜੀ ਕਾ ਸਾਰਾ ਸਬਦ ਭਾਈ ਬੰਨੋ ਦੀ ਬੀੜ ਮੇਂ ਹੈ।

'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਸੰਨ ੧੯੭੦) ਪੁਸਤਕ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਹੱਸਵਾਦੀ ਬਾਣੀਕਾਰ' ਸਿਰਲੇਖ ਹੇਠ ਪ੍ਰਾਚੀਨ ਸਹਿਤ ਦੇ ਖੋਜੀ ਪ੍ਰੋ. ਪਿਆਰਾ ਸਿੰਘ 'ਪਦਮ' ਨੇ ਸ਼ਬਦਾਰਥ-ਪੰਨਾ ੧੨੫੩ ਤੇ ਮਹਾਨਕੋਸ਼- ਪੰਨਾ ੧੬੯ 'ਤੇ ਅਧਾਰਿਤ ਭਗਤ ਸੂਰਦਾਸ ਬਾਰੇ ਆਪਣੇ ਵਿਚਾਰ ਇੰਝ ਦਿੱਤੇ ਹਨ :

ਕ੍ਰਿਸ਼ਨ-ਭਗਤ ਸੂਰਦਾਸ (੧੪੭੮-੧੫੮੫ ਈ.) ਦਾ ਨਾਮ ਹਿੰਦੀ ਸਹਿਤ ਵਿੱਚ ਸੂਰਜ ਵਾਂਗ ਰੌਸ਼ਨ ਹੈ। ਇਸ ਪ੍ਰੇਮੀ ਕਵੀ ਨੇ ਕ੍ਰਿਸ਼ਨ ਜੀ ਦੀ ਬਾਲ-ਲੀਲਾ ਨੂੰ

ਬਹੁਤ ਹੀ ਸੁੰਦਰ ਪਦਿਆਂ ਵਿੱਚ ਗਾਇਆ ਹੈ ਤੇ ਇਹ ਗੀਤ ਵੈਸ਼ਣਵ ਸਭਾਵਾਂ ਦਾ ਸ਼ਿੰਗਾਰ ਹਨ। ਪਰ ਸਿਖ ਵਿਦਵਾਨਾਂ ਦੀ ਰਾਇ ਹੈ ਕਿ 'ਆਦਿ ਗ੍ਰੰਥ' ਵਿੱਚ ਜਿਸ ਭਗਤ ਸੂਰਦਾਸ ਦੀ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਸੰਕਲਿਤ ਹੈ, ਇਹ ਹੋਰ ਸੂਰਦਾਸ- ਹੈ। ਜੋ ਦੂਜਾ ਪੂਰਾ ਸ਼ਬਦ "ਹਰਿ ਕੇ ਸੰਗ ਬਸੇ ਹਰਿ ਲੋਕ" ਸਾਰੰਗ ਮ: ੫, ਸੂਰਦਾਸ ਸਿਰਲੇਖ ਹੇਠ ਦਰਜ ਹੈ,... ਇਹ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ। ਪ੍ਰੰਤੂ "ਛਾਡਿ ਮਨ ਹਰਿ ਬਿਮੁਖਨ ਸੰਗੁ" 'ਸੂਰਸਾਗਰ' ਵਿੱਚ ਪ੍ਰਾਪਤ ਹੈ, ਇਸ ਕਰਕੇ ਦੂਜੇ ਸੂਰਦਾਸ ਦੀ ਕਲਪਨਾ ਸਾਰਥਿਕ ਨਹੀਂ। {ਪੰਨਾ ੭੫}

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ' ਦਾ ਵਿਸ਼ੇਸ਼ ਨੋਟ ਹੈ : ਪੰਜਾਬੀ ਵਿਸ਼ਵ ਕੋਸ਼ (ਭਾਸ਼ਾ ਵਿਭਾਗ ਪਟਿਆਲਾ) ਵਿੱਚ ਭਗਤ ਸੂਰਦਾਸ ਦੇ ਜੀਵਨ ਤੇ ਰਚਨਾਵਾਂ ਬਾਰੇ ਵਿਸਥਾਰ ਸਹਿਤ ਨੋਟ ਦਿੱਤਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਇਸ ਸ਼ਬਦ ਦਾ ਜ਼ਿਕਰ ਤਕ ਨਹੀਂ ਕੀਤਾ, ਜਿਸ ਨਾਲ ਕਿ ਭਗਤ ਜੀ ਦੀ ਪ੍ਰਤਿਭਾ ਵਿੱਚ ਹੋਰ ਵਾਧਾ ਹੋਣਾ ਸੀ।

ਭਗਤ ਸੂਰਦਾਸ ਜੀ ਬਾਰੇ ਵਿਦਵਾਨਾਂ ਦੀਆਂ ਭਾਵੇਂ ਵਖਰੇ ਵਖਰੇ ਰਾਵਾਂ ਹਨ, ਪਰ ਸੂਰਦਾਸ ਜੀ ਦੀ ਪ੍ਰਸਿੱਧ ਕ੍ਰਿਤ 'ਸੂਰ ਸਾਗਰ' ਵਿਚੋਂ ਹੇਠ ਲਿਖਿਆ ਪਦ ਸਾਹਮਣੇ ਰਖੀਏ ਤਾਂ ਨਿਰਣੈਜਨਕ ਗੱਲ ਪ੍ਰਗਟ ਹੁੰਦੀ ਹੈ :

'ਤਜੋ ਮਨ ਹਰਿ ਬਿਮੁਖਨ ਕੋ ਸੰਗੁ'

'ਸੂਰ ਸਾਗਰ' ਦੇ ਪਦਾਂ ਦੀ ਗਿਣਤੀ ਬਾਰੇ ਇਹ ਪ੍ਰਸਿੱਧ ਰਵਾਇਤ ਹੈ ਕਿ ਇਨ੍ਹਾਂ ਦੀ ਗਿਣਤੀ ਸਵਾ ਲਖ ਸੀ ਪਰ ਅਜ ਕਲ ਕੋਈ ੫੦੦੦ ਮਿਲਦੇ ਹਨ। 'ਕ੍ਰਿਸ਼ਨ ਲੀਲਾ' ਸੂਰ ਸਾਗਰ ਦਾ ਮੁਖ ਭਾਗ ਹੈ, ਬਾਕੀ ਬਿਨੈ ਦੇ ਪਦ ੨੨੩ ਹਨ ਤੇ ਰਾਮਕਥਾ ਦੇ ਪਦਾਂ ਦੀ ਗਿਣਤੀ ੧੫੬ ਹੈ। ਗੁਰੂ ਸਾਹਿਬ ਨੇ ਗੁਰਮਤਿ ਨਾਲ ਮੇਲ ਦੀ ਇਕ ਪੰਗਤੀ ਨੂੰ ਪ੍ਰਵਾਨ ਕੀਤਾ ਹੈ ਜੋ ਦਰਜ ਹੋ ਗਿਆ, ਇਸ ਤੇ ਕਿੰਤੂ ਕਰਨਾ ਠੀਕ ਨਹੀਂ। 'ਤਜੋ ਮਨ ਹਰਿ ਬਿਮੁਖਨ ਕੋ ਸੰਗੁ' ਅਤੇ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਸ਼ਬਦਾਵਲੀ ਵਿਚ ਰੂਪਕ ਅੰਤਰ ਹੈ, 'ਤਜੋ' 'ਛਾਡਿ' ਦਾ ਫਰਕ ਹੈ। ਹੋ ਸਕਦਾ ਹੈ ਕਿ ਭਗਤ ਜੀ ਨੇ 'ਛਾਡਿ ਮਨ' ਪਦ ਹੀ ਵਰਤਿਆ ਹੋਵੇ ਅਤੇ ਹਿੰਦੀ ਭਾਸ਼ਾ ਲਿਖਾਰੀ ਨੇ ਸ਼ੁੱਧੀਕਰਣ ਕਰ ਦਿੱਤਾ ਹੋਵੇ।"

'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਪੁਸਤਕ ਦਾ ਉਲੇਖ ਹੈ : ਇਸ ਪੰਨੇ ਤੇ 'ਛਡਿ ਮਨ ਹਰਿ ਬਿਮੁਖਨ ਕੋ ਸੰਗੁ' ਇਕੋ ਤੁਕ ਵਖਰੀ ਸਤਰ ਲਿਖੀ ਹੋਈ ਹੈ। ਅਗੇ ਚਾਰ ਸਤਰਾਂ ਦੀ ਥਾਂ ਖਾਲੀ ਹੈ। ਹੜਤਾਲ ਨਹੀਂ ਫੇਰੀ ਹੋਈ। ਉਸ ਤੋਂ ਪਿਛੋਂ "ਸਾਰੰਗ ਮਹਲਾ ੫ ਸੂਰਦਾਸ" ਸ਼ੁਰੂ ਹੁੰਦਾ ਹੈ।

ਛਾਪੇ ਦੀ ਬੀੜ ਵਿੱਚ ਉਪਰੋਕਤ ਤੁਕ ਦੇ ਨਾਲ ਕੋਈ ਪਦਿਆਂ ਜਾਂ ਸ਼ਬਦਾਂ ਦੀ ਗਿਣਤੀ ਦਾ ਅੰਕ ਨਹੀਂ ਦਿੱਤਾ। ਇਸ ਤੋਂ ਪਹਿਲਾਂ ਏਸ ਰਾਗ ਵਿੱਚ ਭਗਤ ਕਬੀਰ ਜੀ ਦੇ ਦੋ ਸ਼ਬਦ ਹਨ। ਨਾਮਦੇਵ ਜੀ ਦੇ ਤਿੰਨ। ਪਰਮਾਨੰਦ ਜੀ ਦਾ ਇੱਕ ਪਦਾ ਦਿੱਤਾ ਗਿਆ ਹੈ। 'ਸਾਰੰਗ ਮਹਲਾ ੫ ਸੂਰਦਾਸ ॥ ਹਰਿ ਕੇ ਸੰਗ... ॥" ਦੇ ਅੰਤ ਵਿੱਚ ਸਾਰੇ ਸ਼ਬਦਾਂ ਦਾ ਜੋੜ-ਅੰਕ ॥ ੮ ॥ ਦਿੱਤਾ ਹੈ। ਭਾਵ, 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥' ਇੱਕੋ ਤੁਕ ਨੂੰ ਸਤਵੇਂ ਸ਼ਬਦ ਵਜੋਂ ਗਿਣਿਆ ਹੋਇਆ ਹੈ। ਇਉਂ ਵੀ ਕਹਿ ਸਕਦੇ ਕਿ ਇਥੇ ਇੱਕ ਤੁਕ ਵੀ ਨੂੰ ਪੂਰੇ ਸ਼ਬਦ ਦੀ ਥਾਂ ਦਿੱਤੀ ਗਈ ਹੈ। ਸੂਚੀ ਮੁਤਾਬਿਕ ਸਾਰੰਗ ਭਗਤ ਬਾਣੀ ਦੇ ਅੰਤਲੇ ਸ਼ਬਦ 'ਸਾਰੰਗ ਮਹਲਾ ੫ ਸੂਰਦਾਸ ॥" ਦੀ ਥਾਂ ਅੱਗੇ ਲਿਖੀਆਂ ਹੱਥ ਲਿਖਤੀ ਬੀੜਾਂ ਨੰ. ੧, ੨੬/੫੫, ੨੯/੭੯, ੩੨/੬੨੮੧, ੩੭/੧੭੦ ਵਿੱਚ ਸੰਖੇਪ ਮੰਗਲ ਸੱਜੇ ਲਿਖ ਕੇ ਸਿਰਲੇਖ ਇਉਂ ਅੰਕਿਤ ਕੀਤਾ ਮਿਲਦਾ ਹੈ : 'ਰਾਗੁ ਸਾਰੰਗ ਸੂਰਦਾਸ ॥'ਬੀੜ ਨੰ. ੪੦/੨੩੬ ਵਿੱਚ ਸਿਰਲੇਖ ਨੂੰ ਹੋਰ ਸਪਸ਼ਟਤਾ ਸਹਿਤ ਇੰਞ ਲਿਖਿਆ ਹੈ : 'ਸਾਰੰਗ ਬਾਣੀ ਸੂਰਦਾਸ ਜੀਉ ਕੀ ॥' {ਸੂਚੀ ਪੰ. ੬੬੨}

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ ਤੁਕ ਸਬੰਧੀ 'ਪਾਠ-ਭੇਦ ਸੂਚੀ' ਦੇ ਪੰਨਾ ੬੬੧-੬੨ 'ਤੇ ਦੋ ਵਿਸ਼ੇਸ਼ ਨੋਟ ਇਸ ਪ੍ਰਕਾਰ ਹਨ :

ਨੋਟ :- (੧) ਇਹ ਬੇ ਸਿਰ-ਪੈਰ ਤੁਕ ਅਨੇਕਾਂ ਪੁਰਾਤਨ ਲਿਖਤੀ ਗ੍ਰੰਥਾਂ ਵਿੱਚ ਹੈ ਈ ਨਹੀਂ। ਕਿਸੇ ੨ ਵਿੱਚ ਮਗਰੋਂ ਪ੍ਰੇਮੀਆਂ ਪੂਰਾ ਸ਼ਬਦ ਖਾਲੀ ਥਾਂ ਜਾਂ ਹਾਸ਼ੀਏ 'ਤੇ ਲਿਖ ਦਿੱਤਾ ਹੈ। ਐਪਰ ਅਗਾੜੀ ਦੱਸੇ ਗ੍ਰੰਥਾਂ ਵਿੱਚ (ਬੀੜ ਨੂੰ. ੭, ੮/੮, ੨੬/੫੫ ੩੫/੧੧੬) ਮੁਖ ਲਿਖਾਰੀਆਂ ਦੇ ਹੱਥੀਂ ਲਿਖਿਆ ਮਿਲਦਾ ਹੈ। ਪੂਰਾ ਪਾਠ ਇਉਂ ਦਿੱਤਾ ਹੈ :-

ਸਾਰੰਗ ॥ ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ ਜਾ ਕੈ ਮਿਲੈ ਕਬੁਧਿ ਉਪਜਤ ਪਰਤ ਭਜਨ ਮੋ ਭੰਗੁ ॥੧ ॥ ਰਹਾਉ ॥ ਕਾਂਗਾ ਕਹਾ ਕਪੂਰ ਚਰਾਵਤ ਸੁਆਨ ਨਵਾਏ ਗੰਗ ॥ ਖਰ ਕਉ ਕਹਾ ਅਗੁਰਜਾ ਲੇਪਨ ਮਰਕਟ ਭੂਕਨ ਅੰਗ ॥੧ ॥ ਪਤਤ ਪਖਾਨ ਬਾਨ ਨਹੀਂ ਬੇਧੇ ਰੀਤੇ ਭਰੇ ਨਿਖੰਗ ॥ ਸੂਰਦਾਸ ਕਾਰੀ ਕਮਰੀਆ ਚਰਤ ਨ ਦੂਸਰ ਰੰਗ ॥੨ ॥੨ ॥ {ਬੀੜ ਨੰਬਰ ੩੬/੧੧੭ ਵਿੱਚ ਰਾਗ ਦੇ ਅੰਤਿ}

(੨) ਇਸ ਸ਼ਬਦ ਵਿੱਚ ਅਨੇਕਾਂ ਪਾਠ-ਭੇਦ ਤੇ ਵੱਧ ਘੱਟ ਤੁਕਾਂ ਭੀ ਹਨ। ਪੂਰਾ ਤੇ ਸ਼ੁਧ ਪਾਠ ਹਾਲਾਂ ਤੱਕ ਕਿਸੇ ਇਕ ਬੀੜ ਵਿੱਚ ਨਹੀਂ। ਬੀੜ ਨੰ: ੭, ੮/੮, ੨੬/੫੫, ੩੫/੧੧੬, ੩੯/੧੮੨, ੪੦/੨੩੬, ਤੇ ੫੪ ਵਿੱਚ ਰਹਾਉ ਦੀ ਦੂਜੀ ਤੁਕ- " ਕਹਾ ਭਏ ਪੈ ਪੀ ਪਿਆਏ ਬਿਖ ਨ ਤਜੈ ਭੁਇਅੰਗੁ ॥" ਹੈ। ਪਰ ਇਸ ਵਿੱਚ ਕਈ ਪਾਠ ਫਰਕ ਨਾਲ ਲਿਖੇ ਹਨ। ਜਿਵੇਂ ਕਿ 'ਪੈ ਪੀ' ਦੀ ਥਾਂ 'ਪੀ ਪਾਨ' ਤੇ 'ਪੀ ਪਾਇ' ਆਦਿ।

ਸੋ ਇਹ ਇਕੱਲੀ ਤੁਕ ਰਖਣੀ ਠੀਕ ਨਹੀਂ। ਮਿਲੇ ਤਾਂ ਸ਼ੁਧ ਪਾਠ ਵਾਲਾ ਸਾਰਾ ਸ਼ਬਦ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਇਹ ਸ਼ਬਦ ਦਸਵੇਂ ਪਾਤਸ਼ਾਹ ਦੇ ਦਰਬਾਰੀ ਲਿਖਾਰੀ ਭਾਈ ਫ਼ਤਹ ਚੰਦ 'ਬਾਲ ਗੋਬਿੰਦ' ਦੇ ਲਿਖੇ 'ਸੂਰ ਸਾਗਰ' ਵਿੱਚ ਹੈਗਾਇ। ਜਿਸ ਦਾ ਪਾਠ ਇਉਂ ਹੈ :-

ਸਾਰੰਗ ॥ ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ ਕਹਾ ਭਇਓ ਪੈ ਪਾਨ ਕਰਾਏ ਬਿਖ ਨਹੀਂ ਤਜਤ ਭੁਅੰਗ ॥੧ ॥ ਰਹਾਉ ॥ ਖਰ ਕਉ ਕਹਾ ਅਗਰਜਾ ਲੇਪਨ ਸੁਆਨ ਨ੍ਹਾ ਗੰਗ ॥ ਕਾਗੇਂ ਕਹਾ ਕਪੂਰ ਚਗਾਏ ਮਰਕਟ ਭੂਖਨ ਅੰਗ ॥੨ ॥ ਜਿਉ ਪਖਾਣ ਬਾਣ ਨਹੀਂ ਭੇਦਤ ਰੀਤੋ ਤ ਹੋਇ ਨਿਖੰਗ ॥ ਸੂਰਦਾਸ ਜੋ ਕਾਰੀ ਕਾਂਮਰਿ ਚੜ੍ਹੈ ਨ ਦੂਜੋ ਰੰਗ ॥ ੩ ॥੭੦੭ ॥ ('ਸੂਰ ਸਾਗਰ'_ ਪਤਿ ੭੪੩/੨੯੨੬/-੨, ਸਤ੍ਰ ੨੭ ਤੋਂ ੨੯ ਤੱਕ)

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੩੭ ਵਿੱਚ ੨੯ ਬੀੜਾਂ ਦਾ ਵੇਰਵਾ ਮਿਲਦਾ ਹੈ, ਜਿਨ੍ਹਾਂ ਵਿੱਚ ਉਪਰੋਕਤ ਤੁਕ ਦੀ ਥਾਂ ਦੁਪਦਾ ਦਰਜ ਹੈ। ਜਿਵੇਂ ਬੀੜ ਨੰ. ੧, ੨, ੧੧, ੧੨, ੧੪, ੧੫, ੧੬, ੧੮, ੧੯, ੨੨, ੨੩, ੨੪, ੨੫, ੩੧ ਤੇ ੩੩ ਆਦਿ ॥

**ਰਾਗਮਾਲਾ** ਪ੍ਰਤੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿਖੇ 'ਮੁੰਦਾਵਣੀ' ਬਾਰੇ ਵਿਸ਼ੇਸ਼ ਨੋਟ ਵਿੱਚ ਲਿਖਿਆ ਹੈ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੈ। ਰਾਗਮਾਲਾ ਦੇ ਕਿਸੇ ਵੀ ਲਫ਼ਜ਼ (ਸ਼ਬਦ) ਦਾ ਅਰਥ ਵੀ ਨਹੀਂ ਕੀਤਾ, ਕਿਉਂਕਿ ਉਹ ਮਹਾਨ ਵਿਦਵਾਨ ਰਾਗਮਾਲਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਗ ਨਹੀਂ ਸਨ ਮੰਨਦੇ। 'ਸਿੱਖ ਰਹਿਤ ਮਰਯਾਦਾ' ਅੰਦਰਲਾ ਪੰਥਕ ਫੈਸਲਾ ਵੀ ਬੜਾ ਸਪਸ਼ਟ ਹੈ। ਇਸ ਲਈ ਉਸ ਬਾਰੇ ਤਾਂ ਇਥੇ ਕੋਈ ਵਿਸ਼ੇਸ਼ ਤੇ ਵਿਸਥਾਰਤ ਵਿਚਾਰ ਕਰਨ ਦੀ ਲੋੜ ਨਹੀਂ ਜਾਪਦੀ। ਜਾਪਦਾ ਹੈ ਕਿ ਉਸ ਪੰਥਕ ਫੈਸਲੇ ਦੀ ਕਦਰ ਕਰਦਿਆਂ ਹੀ 'ਸਿੱਖ ਬੁੱਕ ਕਲੱਬ' ਨੇ ਰਾਗਮਾਲਾ ਨੂੰ ਬੀੜ ਦੇ ਅੰਤ ਵਿੱਚ ਪ੍ਰਕਾਸ਼ਤ ਕੀਤਾ ਹੈ। 'ਸ੍ਰੀ ਕਰਤਾਰਪੁਰੀ ਬੀੜ' ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਿਖਤ ਮੰਨੀ ਜਾਂਦੀ 'ਸੁਨਹਿਰੀ ਬੀੜ' (ਦਮਦਮੀ ਬੀੜ) ਵਿੱਚ ਵੀ ਰਾਗਮਾਲਾ ਨੂੰ ਮੁੰਦਾਵਣੀ ਨਾਲ ਜੁੜਵੇਂ ਰੂਪ ਵਿੱਚ

ਅੰਕਤ ਨਹੀਂ ਕੀਤਾ । ਕਰਤਾਰਪੁਰੀ ਬੀੜ ਵਿੱਚ ਲਗਭਗ ੧. ½ ਪੰਨਾ ਅਤੇ ਸੁਨਹਿਰੀ ਬੀੜ ਵਿੱਚ ਅੱਧਾ ਪੰਨਾ ਖਾਲੀ ਛੱਡ ਕੇ ਅਗਲੇ ਪੰਨੇ 'ਤੇ ਲਿਖੀ ਹੈ । ਯੂ.ਕੇ ਨਿਵਾਸੀ ਸ੍ਰ. ਹਰਬਖਸ਼ ਸਿੰਘ ਸਰਾਏ ਦੀ ਇੱਕ ਪਤ੍ਰਕਾ ਦੇ ਉੱਤਰ ਵਜੋਂ ਸ਼੍ਰੋਮਣੀ ਕਮੇਟੀ ਦੇ ਮੀਤ ਸਕਤ੍ਰ ਨੇ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਲਾਹ ਮੁਤਾਬਿਕ ਪਤ੍ਰਕਾ ਨੰਬਰ ੩੭੨੨੧, ਮਿਤੀ ੪-੪੯-੭੦ ਨੂੰ ਲਿਖਿਆ :

(੧) ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਤੇ ਨਾ ਹੀ ਰਾਗਮਾਲਾ ਤੇ ਕੋਈ ਮਹਲਾ ਆਦਿ ਹੈਡ ਲੇਖ ਵਜੋਂ ਦਿੱਤਾ ਗਿਆ ਹੈ । ਜਿਸ ਤੋਂ ਨਿਰਨਾ ਹੋ ਸਕੇ ਕਿ ਇਹ ਕਿਸ ਗੁਰੂ ਦੀ ਬਾਣੀ ਹੈ ।

(੨) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਉਪ੍ਰੰਤ ਰਾਗ ਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀਂ ।

(੩) ਆਦਿ ਬੀੜ ਕਰਤਾਰਪੁਰ ਸਾਹਿਬ ਵਾਲੀ ਵਿੱਚ ਰਾਗਮਾਲਾ ਹੈ, ਪਰ 'ਤੇਰਾ ਕੀਤਾ ਜਾਤੋ ਨਾਹੀ' ਸ਼ਬਦ ਦੇ ਪਿਛੋਂ ਹੈ । ਦਸਖਤਾਂ ਤੋਂ ਪਿਛੋਂ ਹੈ ।

ਪ੍ਰੰਤੂ, ਫਿਰ ਵੀ ਸ਼੍ਰੋਮਣੀ ਕਮੇਟੀ ਦੁਆਰਾ ਸੰਨ ੧੯੯੬ ਵਿੱਚ ਪਾਠ-ਭੇਦਾਂ ਦੀ ਖੋਜ ਤੇ ਨਿਰਣੈ ਸਬੰਧੀ ਸਥਾਪਤ ਕੀਤੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਪ੍ਰਮੁਖ ਮੈਂਬਰ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਨੇ ਗਿਆਨੀ ਗੁਰਦਿੱਤ ਸਿੰਘ ਜੀ ਦੀ ਰਚਿਤ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ **ਮੁੰਦਾਵਣੀ**' ਪੁਸਤਕ ਦੀ ਭੂਮਿਕਾ ਵਜੋਂ ਲਿਖੇ ਅਰੰਭਕ ਲੇਖ 'ਅਸਲੀਅਤ ਦੀ ਨਿਰਣਾਇਕ ਖੋਜ' ਵਿੱਚ ਪਾਠਕਾਂ ਨਾਲ ਜੋ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ, ਉਸ ਦਾ ਉਲੇਖ ਕਰਨਾ ਲਾਜ਼ਮੀ ਜਾਪਦਾ ਹੈ । ਉਹ ਲਿਖਦੇ ਹਨ : ਗੁਰਦੁਆਰਾ ਐਕਟ (ਸੰਨ ੧੯੨੫) ਦੇ ਹੋਂਦ ਵਿੱਚ ਆਉਣ ਮਗਰੋਂ, ਸ਼੍ਰੋਮਣੀ ਕਮੇਟੀ ਵਲੋਂ ਰਹਿਤ ਮਰਯਾਦਾ ਦਾ ਖਰੜਾ ਛਪਵਾ ਕੇ ਜਦੋਂ ਪਹਿਲੀ ਵਾਰ ਜਾਰੀ ਕੀਤਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ :

**"ਸ੍ਰੀ ਗੁਰੂ ਗ੍ਰੰਥ ਦੇ ਪਾਠ 'ਸਾਧਾਰਨ ਜਾਂ ਅਖੰਡ' ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ ।"** (ਇਸ ਗੱਲ ਬਾਬਤ ਪੰਥ ਵਿੱਚ ਅਜੇ ਤਕ ਮਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)

ਮਗਰੋਂ ਕੁਝ ਸਿਆਸੀ ਪ੍ਰਭਾਵਾਂ ਅਧੀਨ ਇਸ ਵਿੱਚ ਤਰਤੀਮ ਕੀਤੀ ਗਈ । ਪਰ ਇਹ ਅਟੱਲ ਸਚਾਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਥਕ ਪ੍ਰਬੰਧ ਹੇਠ ਆਉਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਣ ਦੀ ਪ੍ਰਥਾ ਹੀ ੧੯੭੮ ਤਕ ਜਾਰੀ ਰਹੀ । ਇਸ ਪ੍ਰਥਾ ਦੀ ਉਲੰਘਣਾ ਵੀ ਕੁਝ ਸਿਆਸੀ ਸੱਜਣਾਂ ਵੱਲੋਂ ਆਪਣੇ ਸਿਆਸੀ ਮੁਫ਼ਾਦ ਅਧੀਨ ਹੀ ਕੀਤੀ ਗਈ ।

'ਭੋਗ' ਬਾਰੇ ਸਿੱਖ ਰਹਿਤ ਰਹਿਤ ਮਰਯਾਦਾ ਵਿਚਲਾ (ਅਜੋਕਾ) ਪ੍ਰਚੱਲਤ ਨਿਰਣਾ ਇਹ ਹੈ :-

"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਿਕ ਰੀਤੀ ਅਨੁਸਾਰ ਹੀ ਪਾਇਆ ਜਾਵੇ ।"

ਉਪਰੋਕਤ ਨਿਰਣੇ ਦਾ ਸਪਸ਼ਟ ਭਾਵ ਹੈ ਕਿ ਕੋਈ ਰਾਗਮਾਲਾ ਪੜ੍ਹੇ ਜਾਂ ਨਾ ਪੜ੍ਹੇ, ਇਸ ਬਾਰੇ ਪਰਸਪਰ ਵਿਵਾਦ ਨਾ ਕੀਤਾ ਜਾਵੇ ।" ਕਾਰਣ ਹੈ ਕਿ ਜਿਹੜੇ ਸੰਪਰਦਾਈ ਵਿਦਵਾਨ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਮੰਨਦੇ ਹਨ, ਉਹ ਵੀ ਟੇਢੇ ਢੰਗ ਨਾਲ ਪ੍ਰਵਾਨ ਕਰਦੇ ਹਨ ਕਿ ਰਾਗਮਾਲਾ 'ਗੁਰਬਾਣੀ' ਨਹੀਂ । ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸਤਿਕਾਰ-ਯੋਗ ਪਿਤਾ ਡਾ. ਚਰਨ ਸਿੰਘ ਦੀ ਲਿਖਤ ਹੈ : "ਅੰਗਰੇਜ਼ੀ ਪੜ੍ਹਿਆਂ ਲਈ ਸੌਖੀ ਸਮਝ ਇਹ ਹੈ ਕਿ ਇੰਡੈਕਸ ਤਤਕਰਾ ਹੈ ਅਤੇ ਅੰਪੈਂਡੈਕਸ ਰਾਗ ਮਾਲਾ ਹੈ । ਜੀਕਰ ਤਤਕਰਾ ਬਾਣੀ ਨਾਲ ਕੋਈ ਸਬੰਧ ਨਹੀਂ ਰੱਖਦਾ, ਪਰੰਤੂ ਤਤਕਰਾ ਹੈ ਇਸੇ ਬਾਣੀ ਦਾ, ਤਿਵੇਂ ਹੀ ਰਾਗਮਾਲਾ ਦਾ ਬਾਣੀ ਨਾਲ ਕੋਈ ਸਬੰਧ ਨਹੀਂ ਰੱਖਦੀ, ਪਰੰਤੂ ਰਾਗਮਾਲਾ ਹੈ ਇਸੇ ਬਾਣੀ ਦੀ ।"{ਪੁਸਤਕ : ਬਾਣੀ ਬਿਉਰਾ, ਪੰ.੮੨}

ਇਸ ਪੱਖੋਂ ਜੇ ਹੋਰ ਵੀ ਵਿਸਥਾਰ ਪੂਰਵਕ ਜਾਣਕਾਰੀ ਚਾਹੀਦੀ ਹੋਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਰੀਸਰਚ ਸਕਾਲਰ ਰਹੇ ਮਰਹੂਮ ਸ੍ਰ. ਸਮਸ਼ੇਰ ਸਿੰਘ 'ਅਸ਼ੋਕ' ਦੁਆਰਾ ੧੯੯੧ ਵਿੱਚ ਸੰਪਾਦਤ ਕੀਤੀ ਪੁਸਤਕ 'ਰਾਗਮਾਲਾ ਨਿਰਣਯ' ਅਤੇ ਕੇਂਦਰੀ ਸਿੰਘ ਸਭਾ ਦੇ ਜਨਰਲ ਸਕਤਰ ਰਹੇ ਮਰਹੂਮ ਗਿਆਨੀ ਗੁਰਦਿੱਤ ਸਿੰਘ ਹੁਰਾਂ ਦੀ ਖੋਜ ਪੁਸਤਕ 'ਮੁੰਦਾਵਣੀ' ਪੜ੍ਹੀ ਜਾ ਸਕਦੀ ਹੈ, ਜੋ ਉਪਰੋਕਤ ਸੰਦਰਭ ਤੋਂ ਅਤਿਅੰਤ ਲੋੜੀਂਦਾ ਮੁਸਤਨਿਦ ਦਸਤਾਵੇਜ਼ ਹੈ । ਇਸ ਪੁਸਤਕ ਦੇ ਟਾਈਟਲ ਪੇਜ਼ 'ਤੇ ਬਾਬਾ ਰਾਮਰਾਇ ਵਾਲੀ (ਡੇਰਾਦੂਨ) ਬੀੜ ਦੀ ਉਹ ਫੋਟੋ ਲਗਾਈ ਹੋਈ ਹੈ, ਜਿਸ ਵਿੱਚ ਮੁੰਦਾਵਣੀ ਦੇ ਸ਼ਬਦ ਉਪਰੰਤ ਵਿਸ਼ੇਸ਼ ਨੋਟ ਲਿਖਿਆ ਹੈ : '**ਏਹੁ ਭੋਗੁ ਸ੍ਰੀ ਆਦ ਗਿਰੰਥ ਜੀ ਹੈ**' । ਇਸ ਬੀੜ ਦੀ ਡਿਜ਼ੀਟਲ ਕਾਪੀ ਹੁਣ ਇੰਟਰਨੈਟ 'ਤੇ ਵੀ ਉਪਲਬਧ ਹੈ ।

ਬਾਕੀ ਰਹੀ ਗੱਲ 'ਰਣ ਝੁੰਝਨੜਾ...' ਅਤੇ 'ਛਾਡਿ ਮਨ...' ਤੁਕਾਂ ਦੀ, ਉਨ੍ਹਾਂ ਬਾਰੇ ਕੁਝ ਵਿਦਵਾਨਾਂ ਦੀ ਐਸੀ ਮਨੌਤ ਯੋਗ ਨਹੀਂ ਜਾਪਦੀ ਕਿ ਕਿਸੇ ਰਚਨਾ ਦੀਆਂ ਇੱਕ ਜਾਂ ਦੋ ਉਹ ਤੁਕਾਂ ਗੁਰੂ ਸਾਹਿਬ ਜੀ ਨੇ ਪ੍ਰਵਾਨ ਕਰ ਲਈਆਂ, ਜਿਹੜੀਆਂ ਗੁਰਮਤਿ ਅਨੁਸਾਰੀ ਸਨ, ਬਾਕੀ ਛੱਡ ਦਿੱਤੀਆਂ । ਕਾਰਣ ਹੈ ਕਿ ਸਤਿਗੁਰਾਂ ਦੀ ਪਰਖ ਕਸਵੱਟੀ ਬਾਣੀਕਾਰ ਦੀ ਸਮੁੱਚੀ ਵਿਚਾਰਧਾਰਾ ਨੂੰ ਪਰਖਦੀ ਸੀ, ਨਾ ਕਿ ਕਿਸੇ ਰਚਨਾ ਦਾ ਕੋਈ ਇੱਕ ਭਾਗ ਜਾਂ ਉਸ ਦੀ ਕਾਵਿਕ ਸ਼ਬਦਾਵਲੀ । ਐਸੀਆਂ ਸੰਦਿਗਧ ਰਚਨਾਵਾਂ ਬਾਰੇ ਇਹ ਸੱਚ ਸਮਝਣ ਦੀ ਵੱਡੀ ਲੋੜ ਹੈ ਕਿ ਗੁਰਬਾਣੀ ਦੀ ਪਰਖ ਕਸਵੱਟੀ ਬਾਣੀਕਾਰ ਦੀ ਸਮੁੱਚੀ ਵਿਚਾਰਧਾਰਾ ਹੈ, ਨਾ ਕਿ ਉਹਦੀਆਂ ਕੇਵਲ ਇੱਕ ਦੋ ਕਾਵਿਕ-ਤੁਕਾਂ ਦੀ ਸ਼ਬਦਾਵਲੀ ਜਾਂ ਉਨ੍ਹਾਂ ਦਾ ਗੁਰਮਤਿ ਅਨੁਸਾਰੀ ਹੋਣਾ । ਜੇ ਇਹ ਸੂਰਦਾਸ ਓਹੀ ਵੈਸ਼ਨਵ ਭਗਤ ਹੈ, ਜਿਹੜਾ ਸ੍ਰੀ ਕਿਸ਼ਨ ਜੀ ਦਾ ਉਪਾਸ਼ਕ ਸੀ, ਤਾਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰਲੇ ਨਿਰੰਕਾਰ ਦੇ ਉਪਾਸ਼ਕ ਭਗਤਾਂ ਵਾਲਾ ਸਥਾਨ ਮਿਲ ਸਕਣਾ ਅਸੰਭਵ ਹੈ । 'ਸਿੱਖ ਬੁੱਕ ਕਲਬ' ਵਾਲੇ ਖਰੜੇ ਵਿੱਚ ਵੀ ਉਪਰੋਕਤ ਰਚਨਾਵਾਂ ਮੌਜੂਦ ਹਨ । ਪੰਥ ਨੂੰ ਇਨ੍ਹਾਂ ਦੇ ਸਾਰੇ ਪੱਖ ਬਹੁਤ ਗੰਭੀਰਤਾ ਸਹਿਤ ਵਿਚਾਰਨ ਦੀ ਲੋੜ ਹੈ ।

(...ਚੱਲਦਾ)

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

**ਕਾਵਿ ਕਿਆਰੀ**

# ਗੁਰੂ ਗੋਬਿੰਦ ਸਿੰਘ


ਚਰਨ ਸਿੰਘ ਸਫ਼ਰੀ

ਜੱਗ ਵਿਚ ਆਏ ਗੁਰੂ ਗੋਬਿੰਦ ਸਿੰਘ ਜੱਗ ਵਿਚ ਜਗਮਗ ਜਗਮਗ ਹੋਈ।
ਅੱਜ ਪਟਨੇ ਦੀਆਂ ਗਲੀਆਂ ਅੰਦਰ ਖ਼ੁਸ਼ੀਆਂ ਦੀ ਖਿੰਡ ਗਈ ਖ਼ੁਸ਼ਬੋਈ।
ਚੰਨ ਸਿਤਾਰੇ ਖਿੜ ਖਿੜ ਹੱਸੇ ਅੰਬਰ ਨੇ ਲੱਖ ਸ਼ਗਨ ਮਨਾਇਆ।
ਧਰਤੀ ਮਾਤਾ ਆਪਣੀ ਕੁੱਖੋਂ ਆਪਣਾ ਦਰਦੀ ਆਪੇ ਜਾਇਆ।
ਸਤਿਗੁਰ ਤੇਗ਼ ਬਹਾਦਰ ਦੇ ਘਰ ਵੱਜਣ ਵਾਜੇ ਤੇ ਸ਼ਹਿਨਾਈਆਂ।
ਦੂਰ ਦੂਰ ਤੋਂ ਸੰਗਤਾਂ ਆਈਆਂ ਗੁਜਰੀ ਜੀ ਨੂੰ ਮਿਲਣ ਵਧਾਈਆਂ।
ਅੱਜ ਦਾ ਸਾਨੂੰ ਵਾਰ ਸੁਭਾਗਾ ਅੱਜ ਦੀ ਸਾਨੂੰ ਘੜੀ ਸੁਲੱਖਣੀ
ਖ਼ੁਸ਼ੀਆਂ 'ਨਾ ਭਰਪੂਰ ਹੋਈ ਏ ਭਾਰਤ ਮਾਂ ਦੀ ਝੋਲੀ ਸੱਖਣੀ।
ਧਰਮ ਰਾਜ ਵੀ ਅੰਬਰ ਉਤੇ ਏਸ ਤਰ੍ਹਾਂ ਦੀ ਖ਼ੁਸ਼ੀ ਮਨਾਈ।
ਦੋਜ਼ਖ਼ ਦੇ ਵੀ ਹਰ ਕੈਦੀ ਨੂੰ ਅੱਧੀ ਦਿੱਤੀ ਗਈ ਰਿਹਾਈ।
ਅੱਜ ਪੂਰਬ ਦੀਆਂ ਵਾਵਾਂ ਵਿਚੋਂ ਖ਼ੁਸ਼ੀਆਂ ਭਰੀ ਸੁਗੰਧੀ ਆਏ।
ਅੱਜ ਪਟਨੇ ਦੀ ਧਰਤੀ ਉਤੇ ਦੇਵਤਿਆਂ ਨੇ ਫੁੱਲ ਬਰਸਾਏ।
ਸਯਦ ਭੀਯਮ ਸ਼ਾਹ ਪੀਰ ਵੀ ਇਕ ਅਨੋਖੀ ਬਾਤ ਵਿਚਾਰੀ।
ਲਹਿੰਦਾ ਪਾਸਾ ਛੱਡ ਕੇ ਉਸਨੇ ਚੜ੍ਹਦੇ ਵੱਲ ਨਮਾਜ਼ ਗੁਜ਼ਾਰੀ।
ਨੀਲੇ ਦੇ ਕਦਮਾਂ ਨਾਲ ਛੋਹ ਕੇ ਮਿੱਟੀ ਦੀ ਤਾਸੀਰ ਬਦਲ ਗਈ।
ਕਲਗੀ ਦੀ ਇਕ ਝਲਕ ਪੈਂਦਿਆਂ ਭਾਰਤ ਦੀ ਤਕਦੀਰ ਬਦਲ ਗਈ।
ਮੋਈ ਹੋਈ ਮਨੁੱਖਤਾ ਜਾਗੀ ਧਰਤੀ ਤੇ ਆਕਾਸ਼ ਜਾਗਿਆ।
ਹਿੰਮਤ ਜਾਗੀ ਸਾਹਸ ਜਾਗਿਆ ਨਿਰਬਲ ਦਾ ਧਰਵਾਸ ਜਾਗਿਆ।
ਸੰਖਾਂ ਦੀ ਆਵਾਜ਼ ਜਾਗ ਪਈ ਮੋਏ ਹੋਏ ਘੜਿਆਲ ਜਾਗ ਪਏ।
ਬੋਲੇ ਸੋ ਨਿਹਾਲ ਜਾਗ ਪਏ ਸਤਿ ਸ੍ਰੀ ਅਕਾਲ ਜਾਗ ਪਏ।
ਸੰਧਿਆ ਜਾਗੀ ਪੂਜਾ ਜਾਗੀ ਪੂਜਾ ਦਾ ਸਾਮਾਨ ਜਾਗਿਆ।
ਮੂਰਤੀਆਂ ਦੇ ਵਿਚ ਲੁਕ ਕੇ ਸੁੱਤਾ ਪੱਥਰ ਦਾ ਭਗਵਾਨ ਜਾਗਿਆ।
ਬੇ ਓਟੇ ਸਨ ਲੋਕੀਂ ਜਿਹੜੇ ਲੈ ਕੇ ਉਹਦੀ ਓਟ ਜਾਗ ਪਏ।
ਗੁਰੂ ਗੋਬਿੰਦ ਸਿੰਘ ਆਇਆ ਸੁਣ ਕੇ ਆਲ੍ਹਣਿਆਂ ਵਿਚ ਬੋਟ ਜਾਗ ਪਏ।
ਪੰਡਤ ਜੀ ਨੇ ਤਿਲਕ ਲਗਾਇਆ ਬਾਟੇ ਵਿਚ ਸੰਧੂਰ ਘੋਲਿਆ।
ਸਦੀਆਂ ਮਗਰੋਂ ਪਹਿਲੀ ਵਾਰੀ ਪੱਥਰ ਦਾ ਭਗਵਾਨ ਬੋਲਿਆ।
ਓ ਕਸ਼ਮੀਰ ਦੇ ਦੁਖੀ ਪੰਡਤੋ ਧਰਮ ਦਾ ਝੰਡਾ ਝੁੱਲ ਪਵੇਗਾ।
ਅੱਜ ਤੁਹਾਡੇ ਮਿੱਧੇ ਹੋਏ ਅੱਥਰੂਆਂ ਦਾ ਮੁੱਲ ਪਵੇਗਾ।
ਸਤਿਗੁਰ ਸ਼ਕਤੀ ਪੈਦਾ ਕੀਤੀ ਤੇਜ਼ ਧਾਰ ਕਿਰਪਾਨ ਦੇ ਵਿਚੋਂ।
ਪੁੱਟ ਦਿੱਤੇ ਉਨ ਪਾਪ ਦੇ ਤੰਬੂ ਸਾਰੇ ਹਿੰਦੋਸਤਾਨ ਦੇ ਵਿਚੋਂ।
ਬਾਈਧਾਰ ਦੇ ਲੋਭੀ ਰਾਜੇ ਜੀਊਂਦੇ ਸਨ ਜ਼ਮੀਰੋਂ ਮੋਏ।
ਆਪਣੀਆਂ ਗੱਦੀਆਂ ਦੀ ਖ਼ਾਤਿਰ ਹੈਸਨ ਪੰਥ ਵਿਰੋਧੀ ਹੋਏ।
ਬਾਈਧਾਰ ਦੇ ਲੋਭੀ ਰਾਜੇ ਧਰਮ ਯੁੱਧ ਵਿਚ ਧਾ ਕੇ ਮਾਰੇ।
ਖ਼ਾਨ ਵਜ਼ੀਦੇ ਵਰਗੇ ਪਾਪੀ ਬੰਦੇ ਨੇ ਪਟਕਾ ਕੇ ਮਾਰੇ।
ਐਸੀ ਮਾਰ ਸਿੰਘਾਂ ਨੇ ਮਾਰੀ ਐਸੇ ਤੀਰ ਟਿਕਾ ਕੇ ਮਾਰੇ।
ਕਬਰਾਂ ਦੇ ਵਿਚ ਸੁੱਤੇ ਦੁਸ਼ਮਣ ਦੋਹਰੀ ਵਾਰ ਜਗਾ ਕੇ ਮਾਰੇ।
ਲੋੜ ਪੈਣ 'ਤੇ ਹਰ ਇਕ ਸੂਰਾ ਸੀਸ ਤਲੀ 'ਤੇ ਧਰ ਸਕਦਾ ਹੈ।
ਕੌਣ ਗੁਰੂ ਗੋਬਿੰਦ ਸਿੰਘ ਵਰਗੀ ਪਰ ਕੁਰਬਾਨੀ ਕਰ ਸਕਦਾ ਹੈ। -0-

# ਗੁਜਰੀ ਦੀਏ ਪੋਤਰੀਏ

ਹਰਪ੍ਰੀਤ ਕੌਰ

ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ,
ਨਾਮ ਜਪਣੇ ਨੂੰ ਆਈ ਸੀ ਕੀਤੇ ਵਾਅਦੇ ਭੁੱਲ ਗਈ ਸਾਰੇ।
ਭੁੱਲਕੇ ਉਸ ਦਾਤੇ ਨੂੰ ਕਰਦੀ ਜੱਗ ਤੇ ਕੰਮ ਨਿਆਰੇ,
ਗੁਰੂ ਘਰ ਵੀ ਆਉਣਾ ਨੀ, ਅੱਜ ਤਾਂ ਫੈਸ਼ਨ ਬਣ ਗਿਆ ਤੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਨਾਮ ਜਪਣਾ ਭੁੱਲ ਗਈਉਂ, ਘਰ ਫੈਸ਼ਨ ਨੇ ਡੇਰੇ ਲਾਏ,
ਕੰਮ ਚੋਰ ਤੂੰ ਹੋ ਗਈਉਂ, ਕਿਉਂ ਬੱਚਿਆਂ ਦੇ ਕੇਸ ਕਟਾਏ,
ਇਹ ਬੂਟਾ ਸਿੱਖੀ ਦਾ, ਸਾਂਭਣਾ ਕੰਮ ਸਿੰਘਣੀਏ ਤੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਟੱਕੇ ਟੱਕੇ ਨੂੰ ਵਿਕਦੀ ਸੈਂ ਗੋਬਿੰਦ ਤੈਨੂੰ ਧੀ ਬਣਾਇਆ
ਜਦ ਸਿੰਘ ਸਾਜਿਆ ਸੀ, ਤੈਨੂੰ ਸਿੰਘਣੀ ਨਾਲ ਸਜਾਇਆ
ਔਰਤ ਮਰਦ-ਬਰਾਬਰ ਆ, ਕਹਿ ਗਿਆ ਬਾਜਾ ਵਾਲਾ ਮੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਬਿਊਟੀ ਪਾਰਲਰ ਵੀ ਜਾਂਦੀ ਐਂ ਇਹ ਨਹੀਂ ਕੰਮ ਸਿੰਘਣੀਏਂ ਤੇਰਾ,
ਗੁਜਰੀ ਦੀਏ ਸ਼ੇਰਨੀਏਂ ਸਾਂਭ ਲੈ ਘਰ ਨਾ ਉਜੜ ਜੇ ਤੇਰਾ,
ਸਾਂਭ ਸਿੱਖੀ ਦਾ ਬੂਟਾ ਨੀ, ਅਸਲੀ ਕੰਮ ਸਿੰਘਣੀਏਂ ਤੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਮਾਂ ਪਹਿਲਾ ਗੁਰੂ ਹੁੰਦੀ, ਇਹ ਕੁੱਲ ਸਿਆਣੇ ਕਹਿੰਦੇ,
ਮਾਂ ਦੇਵੇ ਜੋ ਸਿਖਿਆ, ਬੱਚੇ ਪੱਕੇ ਉਸ ਵਿਚ ਰਹਿੰਦੇ।
ਸਿੱਖ ਇਤਿਹਾਸ ਸੁਣਾਇਆ ਨਹੀਂ, ਤਾਹੀਉਂ ਪੁੱਤ ਵਿਗੜਿਆ ਤੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਹਾਲੇ ਵਕਤ ਸਾਂਭ ਲੈ ਨੀ, ਨਾਹੀਉਂ ਕਿਸੇ ਵੀ ਸਿੰਘਣੀ ਕਹਿਣਾ,
ਨਰਕਾਂ ਨੂੰ ਜਾਵੇਗੀ, ਨਾਹੀਉਂ ਮੁੱਲ ਵੀ ਕੌੜੀ ਪੈਣਾ,
ਭੁਲਿਆ ਨੂੰ ਬਖਸ਼ ਦੇਵੇ, ਬਖਸ਼ਣਹਾਰ ਗੁਰੂ ਜੋ ਮੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ।
ਵੀਰ ਭਲਾ ਕਰੇ ਤੇਰਾ, ਭੈਣੇ ਭੁੱਲ੍ਹ ਇਤਿਹਾਸ ਨਾ ਜਾਵੀਂ,
ਦਾਤੇ ਦੀਆਂ ਮੋਹਰਾਂ ਨੇ, ਨਾ ਬੱਚਿਆਂ ਦੇ ਕੇਸ ਕਟਾਵੀ
ਹੱਥ ਜੋੜ ਕੇ ਕਹਿੰਦੇ ਹਾਂ, ਦਾਤਾ ਭਲਾ ਕਰੇਗਾ ਤੇਰਾ,
ਗੁਜਰੀ ਦੀਏ ਪੋਤਰੀਏ ਉਜੜ ਚਲਿਆ ਬਾਗ ਨੀ ਤੇਰਾ। -0-



# गुरू हरि राय साहिब जी

-गुरमत विरसा ब्यूरो

गुरू हरि राय साहिब जी का प्रकाश कीरतपुर साहिब में 31 जनवरी 1630 को बाबा गुरदित्ता जी के घर हुआ। गुरू जी की माता जी का नाम निहाल कौर जी था। बाबा गुरदित्ता जी गुरू हरिगोबिन्द साहिब जी के सब से बड़े साहिबजादे थे। कीरतपुर नगर गुरू हरि गोबिन्द जी के हुक्म से मई 1624 में बाबा श्री चन्द जी ने नींव रखी थी और बाबा गुरदित्ता जी ने इसे बसाया था। इसी जगह पर गुरू नानक साहिब जी के बरोसाये सिक्ख साई बाबा बुढ़ण शाह जी रहते थे। गुरू हरि राय जी का आनन्द कारज माता कृष्ण कौर जी (सुलखनी जी) के साथ संन् 1640 में हुआ। जिनसे दो साहिबजादे राम राय जी और (गुरू) हरिकृष्ण साहिब जी और एक पुत्री बीबी अनूप कौर जी हुए। गुरू हरिगोबिन्द साहिब 14 मार्च 1644 को गुरयाई की बखशिश और सिक्ख कौम की अगुवाई की जिम्मेवारी गुरू हरिराय जी को सौंप कर 19 मार्च 1644 को ज्योति–जोत समा गये।



गुरूद्वारा पतालपुरी, कीरतपुर साहिब

संन् 1646 में पंजाब में अकाल पड़ गया तीन साल बड़ी औढ़ (सूखा) लगी रही। लोग रोटी के एक एक टुकडे के लिए तरसने लगे। मनुष्य मनुष्य को लूट कर खाने लगा। जिस दसवंध ने गुरू अर्जन साहिब और गुरू हरिगोबिन्द जी के समय गरीबों को सहारा दिया था वही दसवंध अब भी अकाल पीड़ितों की सहायता के लिए प्रयोग किया गया। पांचवे और छठे पातशाह जी की तरह भी गुरू हरिरास साहिब जी ने अकाल के समय भी मेहनत करने का जज्बा भरने के लिए और पानी की समस्या को दूर करने के लिए कूंऐं भी खुदवाये। सिक्खों की गिनती भी बढ़ चुकी थी। दूसरे प्रांतों से सुखी बसते सिक्खों ने अकाल पीड़ितों कि लिए दिल खोलकर माया (राशि) दी। इस उद्यम (यत्न) का सबसे गहरा असर दारा शिकोह पर पड़ा जो पंजाब का गवर्नर था। दारा शिकोह के अन्दर गुरू घर का सत्कार (आदर) बहुत बढ़ गया। अवसर मिलने पर दारा शिकोह गुरू हरि राय साहिब जी को मिलता भी रहा। उसने एक बार गुरू के लंगर के लिए जागीर देने की पेशकश की पर सतिगुरू जी ने यह कह कर इन्कार कर दिया कि यह लंगर सिक्खों के प्यार और कुर्बानी द्वारा ही चलता है।

जब शाहजहान ने हुक्म दिया कि सब नये बने मन्दिर गिरा दिये जायें और पुराने मन्दिरों की मरम्मत भी न होने दी जाये तो हिन्दू जनता डर गई। चाहे यह हुक्म सिक्खों के धर्म स्थानों पर लागु नहीं था क्योंकि सिक्ख मूर्ति पूजा नहीं करते थे, पर गुरू हरि राय साहिब जी के सामने तो सिक्खी का यह उसूल था कि किसी से डरो न और न ही किसी को डराओ। इस लिए आपने डरे हुए हिन्दुओं को सहारा देने कि लिए कीरतपुर साहिब के आस–पास के इलाके में प्रचार किया। इस उपरान्त गुरू जी ने एक बड़ा प्रचार दौरा माझे, दुआबे और मालवे की तरफ किया।

गुरू अर्जन साहिब ने तरनतारन में एक बड़ा दवाखाना खोला जहां रोगियों के रोग दूर होते थे। बेसहारों को सहारा मिलता था। गुरू हरिगोबिन्द साहिब के समय भी यह दवाखाना चलता रहा। गुरू हरिराय जी ने इसका और विस्तार किया। इसमें बहुत कीमती दुर्लभ दवाईयां मंगवा कर रखी। हर रोगी को हर समय मुफत दवाई और खुराक मिलती थी। एक बार दारा शिकोह बीमार पड़ गया। बीमारी भी खतरनाक बन गई। हकीमों ने खास किस्म के वनज के लौंग, हरड़ और गजमोती दवाईयों की तजवीज़ की। यह चीजें आपके दवाखाने के बिना और कही से भी न मिली। दारा शिकोह ठीक हो गया। उसने कीरतपुर साहिब पहुँच कर गुरू जी का धन्यवाद किया और नजराने भेंट किये।

गुरू हरिगोबिन्द साहिब जी की आज्ञा के अनुसार आप जी

गुरू अर्जन साहिब ने तरनतारन में एक बड़ा दवाखाना खोला जहां रोगियों के रोग दूर होते थे। बेसहारों को सहारा मिलता था। गुरू हरिगोबिन्द साहिब के समय भी यह दवाखाना चलता रहा। गुरू हरिराय जी ने इसका और विस्तार किया। इसमें बहुत कीमती दुर्लभ दवाईयां मंगवा कर रखी। हर रोगी को हर समय मुफत दवाई और खुराक मिलती थी। एक बार दारा शिकोह बीमार पड़ गया। बीमारी भी खतरनाक बन गई। हकीमों ने खास किस्म के वनज के लौंग, हरड़ और गजमोती दवाईयों की तजवीज़ की। यह चीजें आपके दवाखाने के बिना और कही से भी न मिली। दारा शिकोह ठीक हो गया। उसने कीरतपुर साहिब पहुँच कर गुरू जी का धन्यवाद किया और नजराने भेंट किये।

अपनी अरदल में 2200 घोड़सवार हमेशा रखते थे। जब शाह जहान के पुत्रों में दिल्ली तख्त के लिए लड़ाई हुई तो इस समय गुरू जी को अपनी फौज मैदान में लानी पड़ी। दारा शिकोह औरंगजेब से हार कर लाहौर की तरफ दौड़ा। उसे पकड़ने के लिए औरंगजेब ने उसके पीछे फौज भेजी। दारा शिकोह ने गुरू हरिराय जी से सहायता मांगी, बिनती की। शरण आए जरूरतमंद की सहायता (बांह पकड़नी) गुरू नानक के घर का पहला उसूल रहा है। गुरू जी ने उसे धैर्य दिया। प्रसाद छकाया और विदा किया। फिर अपने 2200 घोड़ सवार लेकर ब्यास दरिया के किनारे जाकर खड़े हुए और सब बेड़ियां काबू कर ली। इस तरह उन्होने औरंगजेब की फौज को एक दिन दरिया पार करने से रोक लिया। उतनी देर में दारा शिकोह लाहौर जा पहुँचा। इसके बाद गुरू साहिब जी गोईंदवाल से काश्मीर के दौरे पर गये, इस बात का पता औरंगजेब को भी लग गया। जब वह भाईयों को मार कर और पिता को कैद करके बादशाह बना, उसने तख्त पर बैठने के बाद जल्दी ही गुरू हरि राय साहिब जी को संदेशा भेजा। गुरू जी आप तो नहीं गये पर अपने बड़े बेटे बाबा राम राय जी के साथ भाई दरिया (भाई मनी सिंघ जी के दादा जी का भाई) भाई दरघाह मल्ल (भाई मती दास जी के ताया जी) भाई गुरदास जी (भाई बहलो का पुत्र) और सिक्खों को भेजा। जाते समय शिक्षा दी कि हरेक काम में गुरू आसरे (भरोसे) रहना। गुरू को अंग संग समझना। बाबा राम राय जी बड़े प्रवीन और हाज़िर जवाब थे। उनकी विद्वता का औरंगजेब पर बहुत असर हुआ। औरंगजेब ने पूछा कि गुरू हरिराय जी ने दारा शिकोह की सहायता क्यों की? राम राय जी ने उत्तर दिया कि गुरू जी ने उसे जरूरतमंद और दुखी जानकर मदद की। किसी वैर भाव को धार कर नहीं। औरंगजेब ने फिर सिक्ख धर्म के बारे और कई सवाल पूछे जिनका उत्तर बाबा जी ने गुरू नानक साहिब जी के आशय अनुसार दिया। हर एक परीक्षा में बाबा रामराय जी सफल रहे। औरंगजेब पक्का मुसलमान था, वह प्यार और सत्कार से बाबा राम राय जी का दिल जीत कर अपने दीन (धर्म) में लाना चाहता था। उसने काज़ियों की प्रेरणा से बाबा राम राय जी से पूछा, आपके ग्रंथ में लिखा है:–

मिटी मुसलमान की, पेड़ै पई कुम्हिआर।।
घड़ि भांडे इटा कीआ, जलदी करे पुकार।। (पृष्ठ 466)
**हिन्दी उच्चारणः** मिट्टी मुसलमान की, पेड़े पई कुम्हार॥
घड़ भांडे इट्टा कीआ, जलदी करे पुकार।।

इसके अर्थ क्या है? क्या यह हमारे धर्म की निन्दा नहीं है? बादशाह के साथ बना रसूख कायम रखने के लिए राम राय जी निशाने से बहक गये और कह दिया कि मिट्टी मुसलमान की नहीं, मिट्टी बेईमान की लिखा है। यह सुनकर बादशाह खुश हो गया।

शाही रसूख की खातिर गुरू आदर्श बदल देना सिक्ख धर्म के निशाने से एक गलती थी, इस लिए गुरू हरिराय साहिब जी ने बाबा राम राय जी को कह भेजा कि अब तुमने हमारे पास नहीं आना, क्योंकि तुमने गुरू नानक जी की बाणी का निरादर किया है। शाही दरबार की चाल किसी हद तक कामयाब हो गई, औरंगजेब ने फूट बढ़ाने के लिए बाबा राम राय जी को इन इलाके की जागीर दे दी पर सिक्ख कौम में फूट डालने में कामयाब न हो सका। सिक्खों की श्रद्धा अपने गुरू, गुरू हरिराय साहिब पर आडोल रही।

गुरू जी ने सिक्खी के प्रचार के लिए तीन केन्द्र कायम किये। यह गुरसिक्ख थे, सुथरे शाह जी, भगत भगवान और भाई फेरू जी। आप जी के पिता बाबा गुरदित्ता जी ने पहले से सिक्खी प्रचार के लिए बहुत सारे धुऐं व धुहनियां (छोटे, बड़े प्रचार केन्द्र) कायम किये थे।

गुरू हरि राय साहिब जी ने गुरूयाई की बखशिश अपने छोटे पुत्र (गुरू) हरिकृष्ण साहिब जी को की और 20 अक्तूबर 1661 में कीरतपुर साहिब में ज्योति जोत समा गये।

—.0—

# ਗੁਰੂ ਹਰਿ ਰਾਇ ਜੀ

ਕੀਰਤਪੁਰ ਵਿਚ ਰਹਿ ਕੇ ਕੀਰਤੀ ਹਰਿ ਕੀ ਗਾਉਂਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁਖ ਵੰਡਾਉਂਦੇ ਰਹੇ।
ਤਨ ਦੇ ਰੋਗ ਗਵਾਉਂਦੇ ਹੱਥੀਂ ਦੇ ਕੇ ਆਪ ਦਵਾਈ,
ਮਨ ਦੇ ਰੋਗ ਮਿਟਾਵਣ ਖ਼ਾਤਿਰ ਬਾਣੀ ਜਾਣ ਪੜ੍ਹਾਈ,
ਅਸਲੀ ਵੈਦ ਹੈ ਗੁਰੂ ਗੋਬਿੰਦਾ ਸੰਗਤਾਂ ਨੂੰ ਸਮਝਾਉਂਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁਖ ਵੰਡਾਉਂਦੇ ਰਹੇ।
ਕੋਮਲ ਹਿਰਦੇ ਦੇ ਮਾਲਕ ਨਾ ਕਿਸੇ ਨੂੰ ਠੇਸ ਪਹੁੰਚਾਉਂਦੇ,
ਅਣਜਾਣੇ ਹੋਈ ਭੁੱਲ ਉਪਰ ਵੀ ਸਨ ਡਾਢਾ ਪਛਤਾਉਂਦੇ,
ਪੱਤੇ ਪੱਤੇ ਰੱਬ ਦਾ ਵਾਸਾ ਮੁੱਖ ਤੋਂ ਸੀ ਫ਼ੁਰਮਾਉਂਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁਖ ਵੰਡਾਉਂਦੇ ਰਹੇ।
ਸਤਵੇਂ ਨਾਨਕ ਗੁਰਬਾਣੀ ਦਾ ਸੀ ਪੂਰਨ ਸਤਿਕਾਰ ਕੀਤਾ,
ਰਾਮ ਰਾਇ ਤੁੱਕ ਬਦਲੀ ਜਦ ਝਟ ਗੁੱਸੇ ਦਾ ਇਜ਼ਹਾਰ ਕੀਤਾ,
ਮੌਕਾਪ੍ਰਸਤ ਮਨੁੱਖਾਂ ਨੂੰ ਮੱਥੇ ਨਹੀਂ ਲਾਉਂਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁਖ ਵੰਡਾਉਂਦੇ ਰਹੇ।
ਗੁਰੂ ਕੇ ਲੰਗਰ ਵਿਚੋਂ ਨਾ ਕੋਈ ਮੁੜੇ ਨਿਰਾਸ਼ ਪ੍ਰਾਣੀ,
ਲੋੜ ਪੈਣ 'ਤੇ ਲੋੜਵੰਦਾਂ ਨੂੰ ਛਕਾਓ ਪ੍ਰਸ਼ਾਦਾ ਪਾਣੀ,
ਲਾਂਗਰੀਆਂ ਨੂੰ ਲੋਹ ਲੰਗਰ ਦੇ ਨਿਯਮ ਸਿਖਾਉਂਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁਖ ਵੰਡਾਉਂਦੇ ਰਹੇ।
ਸੇਵਾ ਤੇ ਸਿਮਰਨ ਨੂੰ ਆਧਾਰ ਬਣਾਇਆ ਜੀਵਨ ਦਾ,
ਇਸ ਨੂੰ ਹੀ ਬਸ ਮੰਨਿਆ ਸੀ ਸਰਮਾਇਆ ਜੀਵਨ ਦਾ,
'ਚੋਹਲੇ' ਵਾਲੇ ਵਰਗੇ ਤਾਹੀਂਉਂ ਸਿਫ਼ਤ ਸਲਾਹੁੰਦੇ ਰਹੇ।
ਗੁਰੂ ਹਰਿ ਰਾਇ ਜੀ ਦੁਖੀ ਲੋਕਾਂ ਦੇ ਦੁੱਖ ਵੰਡਾਉਂਦੇ ਰਹੇ।

–0–

# Guru Har Rai Sahib ji

**-Gurmat Virsa Bureau**

Guru Har Rai Sahib Ji was born at Kiratpur Sahib on 31.01.1630. He was the son of Baba Gurditta JI and grandson of Guru Hargobdind Sahib JI. Mata Nihal Kaur Ji was his mother. Baba Gurditta Ji (his father) was the eldest son of Guru Hargobind Sahib Ji. The city of Kiratpur Sahib was founded by Baba Gurditta Ji and Baba Sri Chand Ji laid the foundation of this city in May 1624. At this place of Kiratpur sahib there dwelled Baba Budhan Shah ji, a Sikh of Guru Nanak Sahib Ji. Guru Har Rai Sahib ji was married to Bibi Krishan Kaur Ji (Sulakhani Ji) in 1640. She gave birth to two sons - Baba Ram Rai and (Guru) Harkrishan Sahib Ji. On 19th March, 1644 Guru Hargobind Sahib Ji while leaving for his heavenly abode enthroned Guru Har Rai Sahib Ji as 7th Guru of Sikhs.

There was a big famine in Punjab in 1646. This famine lasted for about three years when people felt acute scarcity of food and water. To meet their necessities people were looting each other. Guru Har Rai Sahib Ji utilised the offerings of Dasvandh of Sikhs at this time for the welfare of people like Guru Arjan Sahib and Guru Hargobind Sahib Ji did during their times. Like Guru Arjan Sahib Ji and Guru Hargobind Sahib Ji, he started constructing wells to provide employment to the people and teach them about dignity of labour. The Sikhs from other states also donated whole heartedly to meet this calamity of famine. Dara Shikoh (Son of Emperor Shahajahan and elder brother of Emperor Aurangzeb), the governor of Punjab was impressed the most with this social welfare project of Guru Sahib. He started respecting the philosophy of Sikhism and visited Guru Sahib from time to time. He even offered a Jagir for Langar once but Guru Sahib declined the offer politely pleading that Sikhs offer their Dasvandh out of their honest earnings for social work like langar.

When emperor Shahajahan banned the construction of new Hindu temples and repair / renovation of old temples, the Hindus got scared of this order. Sikhism doesn't believe in idol worship like Hindus, hence this order of ban was not imposed on Sikh Shrines. To boost the moral of scared Hindus Guru Sahib conducted a preaching tour in the region including Majha, Malwa and Doaba in the Punjab.

Sri Guru Arjan Sahib had established a clinic in Tarn Taran where patients were treated for their disease. This clinic, apart from the treatment of patients, provided shelter too for the helpless people. This clinic continued to run during the period of Guru Hargobind Sahib also. Guru Har Rai Sahib further extended it and made rare herbs / medicines available in this clinic during this period. Each patient was served free medicine and food there. Once, Dara Shikoh, the prince, fell seriously ill. Royal Hakim (doctor of that period) recommended certain rare HERBS to be mixed in the medicine like – LONG (ਲੌਂਗ) OF CERTAIN WEIGHT, HARAD and GAJMOTI for the treatment of Dara Shikoh. All these rare herbs could not be arranged from any other source other than the clinic of Guru Sahib. After administering these herbs Dara Shikoh got cured, who in turn visited Kiratpur Sahib for thanking Guru Sahib and presented his offerings.

Following the instructions of Guru Hargobind Sahib Ji, Guru Har Rai Sahib raised a cavalry of 2200 soldiers. When open war broke out among the sons of Shahajahan for occupying the Delhi Throne. Dara Shikoh was defeated at the hands of his brother Aurangzeb and he ran towards Lahore. Aurangzeb sent his army to chase and arrest him. Dara Shikoh requested Guru Har Rai Sahib for help. Ultimately Guru Sahib had to come in the field with his 2200 soldiers for helping Dara Shikoh. He captured the bank of river Beas and took over all the boats in his control. Thus, Guru Sahib hindered the army of Aurangzeb for one day to cross the river and by that time Dara Shikoh could reach Lahore safely. After this Guru Sahib left for Kashmir on his preaching tour. Later Aurangzeb came to know about the help Guru Sahib extended to Dara Shikoh. When Aurangzeb won over his brothers and killed them all, he occupied the Delhi throne and established himself as 6th Emperor of Mughal dynasty, soon he sent a message for Guru Sahib to visit him at Delhi. Guru Sahib sent his elder son Baba Ram Rai to Delhi royal court along with other prominent Sikhs – Bhai Daria (brother of grandfather of Bhai Mani Singh), Bhai Darghah Mal, uncle of Bhai Mati Das), and Bhai Gurdas Ji (son of Bhai Behlo) and other Sikhs. Before their leaving for Delhi, Guru Sahib preached them to remain in the Will and Wish of Waheguru for every act and consider Guru always with them. Baba Ram Rai was a very intelligent person. Emperor Aurangzeb was impressed with his wisdom and ability. Aurangzeb enquired him why Guru Sahib Ji helped Dara Shikoh? Baba Ram Rai replied that Guru Sahib helped him considering him needy and distressed and not for any enmity with the Royal throne. Aurangzeb further asked several other questions about Sikhism, which Baba Ram Rai replied considering him Guru Nanak Sahib with him. Baba Ram Rai replied all the questions of Aurangzeb to the

entire satisfaction of the emperor. Emperor Aurangzeb was a fanatic Sunni Muslim and planned to convert Baba Ram Rai to Islam. On persuasion of Quazis, Aurangzeb enquired from Baba Ram Rai that in your holy book, it is written as:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ।**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥.**

(Page 466)

The emperor asked what does it mean? Was it not an insult to his religion? With this sudden question, Baba Ram Rai's confidence got deviated and in order to maintain his rapport with the emperor, falsely he told that it is not written there "MITTI MUSALMAAN KI RATHER IT IS WRITTEN. MITTI BE-IMAAN. KI" **"ਮਿਟੀ ਬੇਈਮਾਨ ਕੀ"**. On hearing this the emperor was satisfied.

Deviation from the principle of Sikh Philosophy was a moral crime which was not expected from Baba Ram Rai. Hence Guru Har Rai Sahib Ji conveyed him not to come back to him as he had insulted the Gurbani of Guru Nanak Sahib Ji. To some extent the trick of the emperor of Aurangzeb worked and in order to widen the gap between Guru Sahib and his son Baba Ram Rai, he allotted a Jagir (big land) in Doon Region (near Dehradun). But the emperor could not succeed in creating differences among the Sikh masses and the devotion of Sikhs for their Guru.

For preaching Sikhism extensively, Guru Sahib established three centres, headed by Bhai Suthray Shah, Bhagat Bhawan and Bhai Feru Ji. Baba Gurditta Ji, the father of Guru Har Rai Sahib Ji had already established several preaching centres in the area.

Guru Har Rai Sahib Ji enthroned his younger son Guru Har Krishan Sahib as his successor ( $8^{th}$ Guru of Sikhs) and left for his heavenly abode on $20^{th}$ October, 1661 AD.

-0-

**ਸਿਹਤ ਸੰਭਾਲ**

# ਕਿਉਂ ਜ਼ਰੂਰੀ ਹੈ ਪ੍ਰੋਟੀਨ ਮਨੁੱਖੀ ਸਿਹਤ ਲਈ

**-ਵਿਨੋਦ ਕੁਮਾਰ ਸਿੰਘ ਤੋਮਰ**

ਪ੍ਰੋਟੀਨ ਪਾਚਣ ਰਸਾਂ, ਹਾਰਮੋਨਸ ਅਤੇ ਅੰਜਾਈਮ ਦਾ ਨਿਰਮਾਣ ਕਰਦਾ ਹੈ। ਇਹ ਸਰੀਰ ਦੇ ਅਨੇਕਾਂ ਤੰਤੂਆਂ, ਪੇਸ਼ੀਆਂ ਅਤੇ ਹੋਰ ਅੰਤਰਿਕ ਅੰਗਾਂ ਦਾ ਨਿਰਮਾਣ ਅਤੇ ਉਨ੍ਹਾਂ ਦੀ ਟੁੱਟ-ਭੱਜ ਦੀ ਸਥਿਤੀ ਵਿਚ ਮੁਰੰਮਤ ਦਾ ਕੰਮ ਵੀ ਕਰਦਾ ਹੈ। ਜ਼ਿਆਦਾ ਮਾਤਰਾ ਵਿਚ ਪ੍ਰੋਟੀਨ ਦੀ ਵਰਤੋਂ ਕਰਨ 'ਤੇ ਇਹ ਚਰਬੀ ਦੇ ਰੂਪ ਵਿਚ ਸਰੀਰ ਵਿਚ ਇਕੱਠਾ ਹੁੰਦਾ ਹੈ।

ਮਨੁੱਖੀ ਸਰੀਰ ਵਿਚ ਜਦੋਂ ਕਦੇ ਚਰਬੀ ਜਾਂ ਕਾਰਬੋਜ਼ ਦੀ ਕਮੀ ਹੁੰਦੀ ਹੈ ਤਾਂ ਚਰਬੀ ਦੇ ਰੂਪ ਵਿਚ ਸੰਚਿਤ ਇਹੀ ਪ੍ਰੋਟੀਨ ਊਰਜਾ ਅਤੇ ਗਰਮੀ ਉਤਪਾਦਨ ਵਿਚ ਸਹਾਇਤਾ ਕਰਦਾ ਹੈ।

ਪ੍ਰੋਟੀਨ ਦੀ ਲੋੜ ਤੋਂ ਜ਼ਿਆਦਾ ਵਰਤੋਂ ਨਾਲ ਨੁਕਸਾਨ ਵੀ ਹੁੰਦਾ ਹੈ। ਊਸ਼ਣ ਪ੍ਰਧਾਨ ਦੇਸ਼ਾਂ ਵਿਚ ਇਸ ਦੇ ਪਾਚਣ ਵਿਚ ਮੁਸ਼ਕਿਲ ਪੈਦਾ ਹੁੰਦੀ ਹੈ। ਸਰੀਰ ਵਿਚ ਗਰਮੀ ਵੀ ਜ਼ਿਆਦਾ ਪੈਦਾ ਹੁੰਦੀ ਹੈ। ਪ੍ਰੋਟੀਨ ਦੀ ਬਹੁਤਾਤ ਦਾ ਸਭ ਤੋਂ ਘਾਤਕ ਅਸਰ ਜਿਗਰ ਅਤੇ ਗੁਰਦਿਆਂ 'ਤੇ ਪੈਂਦਾ ਹੈ, ਕਿਉਂਕਿ ਪ੍ਰੋਟੀਨ ਦੇ ਪਾਚਣ ਤੋਂ ਬਾਅਦ ਪੈਦਾ ਹੋਏ ਪਦਾਰਥਾਂ ਨੂੰ ਉਤਸਰਜਨ ਕਰਨ ਵਿਚ ਇਨ੍ਹਾਂ ਨੂੰ ਆਪਣੀ ਸਮਰੱਥਾ ਨਾਲੋਂ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਇਨ੍ਹਾਂ ਦੇ ਨੁਕਸਾਨੇ ਜਾਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਪ੍ਰੋਟੀਨ ਦੀ ਕਮੀ ਨਾਲ ਵੀ ਨੁਕਸਾਨ ਹੁੰਦਾ ਹੈ। ਇਸ ਦੀ ਕਮੀ ਨਾਲ ਸਰੀਰ ਦਾ ਲੋੜੀਂਦਾ ਵਿਕਾਸ ਨਹੀਂ ਹੁੰਦਾ ਅਤੇ ਸਰੀਰ ਦੁਰਬਲ ਹੋ ਜਾਂਦਾ ਹੈ, ਜਿਸ ਨਾਲ ਮਨੁੱਖ ਸ਼ਕਤੀਹੀਣਤਾ ਦਾ ਅਹਿਸਾਸ ਕਰਨ ਲਗਦਾ ਹੈ। ਰੋਗਾਂ ਨਾਲ ਲੜਨ ਦੀ ਸਮਰੱਥਾ ਵਿਚ ਕਮੀ ਆ ਜਾਂਦੀ ਹੈ, ਜਿਸ ਨਾਲ ਮਨੁੱਖ ਸੰਕ੍ਰਾਮਕ ਰੋਗਾਂ ਦਾ ਆਸਾਨੀ ਨਾਲ ਸ਼ਿਕਾਰ ਹੋ ਸਕਦਾ ਹੈ। ਵਾਲ ਭੂਰੇ ਹੋ ਕੇ ਝੜਨ ਲਗਦੇ ਹਨ ਅਤੇ ਖੂਨ ਵਿਚ ਵੀ ਕਮੀ ਆ ਜਾਂਦੀ ਹੈ। ਇਸ ਦੀ ਕਮੀ ਨਾਲ ਖੂਨ ਦਾ ਦਬਾਅ ਘੱਟ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਚਮੜੀ 'ਤੇ ਚਿੱਤੀਆਂ ਪੈ ਜਾਂਦੀਆਂ ਹਨ। ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਹੋਰ ਬਿਮਾਰੀ ਹੈ ਕਵੈਸ਼ੀਆਕਾਰ। ਬੱਚਿਆਂ ਦੇ ਭੋਜਨ ਵਿਚ ਪ੍ਰੋਟੀਨ ਦੀ ਕਮੀ ਨਾਲ ਇਹ ਪੈਦਾ ਹੁੰਦੀ ਹੈ। ਭਾਰ ਵਿਚ ਕਮੀ, ਪੇਟ ਅਤੇ ਪੈਰਾਂ ਵਿਚ ਸੋਜ ਅਤੇ ਮਾਨਸਿਕ ਦੁਰਬਲਤਾ ਇਸ ਬਿਮਾਰੀ ਦੇ ਵਿਸ਼ੇਸ਼ ਲੱਛਣ ਹਨ। ਸਰੀਰ ਖੁਸ਼ਕ, ਸੁਭਾਅ ਚਿੜਚਿੜਾ ਅਤੇ ਮਾਸਪੇਸ਼ੀਆਂ ਢਿੱਲੀਆਂ ਹੋ ਜਾਂਦੀਆਂ ਹਨ। ਇਸ ਰੋਗ ਦੇ ਸ਼ਿਕਾਰ ਬੱਚਿਆਂ ਵਿਚ ਕਦੇ-ਕਦੇ ਪੇਟ ਵਿਚ ਖਰਾਬੀ ਵੀ ਪੈਦਾ ਹੋ ਜਾਂਦੀ ਹੈ।

**ਮੇਰਾਸਮਸ :** ਇਹ ਬਿਮਾਰੀ ਉਨ੍ਹਾਂ ਬੱਚਿਆਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਆਪਣੀ ਮਾਂ ਦੇ ਦੁੱਧ ਦੀ ਬਜਾਏ ਜੋ ਆਹਾਰ ਦਿੱਤਾ ਜਾਂਦਾ ਹੈ, ਉਸ ਵਿਚ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਚਰਬੀ ਦੀ ਕਮੀ ਹੁੰਦੀ ਹੈ। ਸਰੀਰ ਦੁਬਲਾ-ਪਤਲਾ, ਦਸਤ ਜ਼ਿਆਦਾ, ਚਮੜੀ ਝੁਰੜੀਦਾਰ ਅਤੇ ਚਿਹਰੇ ਦਾ ਪੀਲਾ ਪੈ ਜਾਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ।

**ਪ੍ਰੋਟੀਨ ਪ੍ਰਾਪਤੀ ਦੇ ਸਰੋਤ :** ਮੱਛੀ, ਆਂਡਾ, ਗੋਸ਼ਤ, ਹਰੀਆਂ ਸਬਜ਼ੀਆਂ, ਬਦਾਮ, ਮੂੰਗਫਲੀ, ਕਾਜੂ, ਛੋਲੇ, ਮਟਰ, ਹਰਹਰ, ਸੋਇਆਬੀਨ, ਦੁੱਧ, ਪਨੀਰ ਆਦਿ ਪ੍ਰੋਟੀਨ ਦੇ ਚੰਗੇ ਸਰੋਤ ਹਨ।

ਪ੍ਰੋਟੀਨ ਦੀਆਂ ਵੀ ਦੋ ਕਿਸਮਾਂ ਹੁੰਦੀਆਂ ਹਨ।

ਪਸ਼ੂਆਂ ਤੋਂ ਪ੍ਰਾਪਤ ਪ੍ਰੋਟੀਨ ਨੂੰ 'ਏ' ਵਰਗ ਦਾ ਪ੍ਰੋਟੀਨ ਕਿਹਾ ਜਾਂਦਾ ਹੈ ਅਤੇ ਬਨਸਪਤੀ ਤੋਂ ਪ੍ਰਾਪਤ ਪ੍ਰੋਟੀਨ ਨੂੰ 'ਬੀ' ਵਰਗ ਦਾ ਪ੍ਰੋਟੀਨ ਕਿਹਾ ਜਾਂਦਾ ਹੈ।

ਇਨ੍ਹਾਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਪ੍ਰੋਟੀਨ ਦੇ ਨਾਂਅ ਵੀ ਵੱਖ-ਵੱਖ ਹੁੰਦੇ ਹਨ, ਜਿਵੇਂ ਆਂਡੇ ਵਿਚ ਇਲਬਿਊਮਿਨ, ਗੋਸ਼ਤ ਵਿਚ ਮਾਓਸਿਨ, ਮੁਰਗੀਆਂ ਦੀਆਂ ਹੱਡੀਆਂ ਵਿਚ ਕੋਲਾਜੇਨ, ਦੁੱਧ ਵਿਚ ਕੇਸੀਨ, ਮਨੁੱਖ ਦੀ ਲਾਰ ਵਿਚ ਐੱਮ.ਯੂ.ਸੀ.-7, ਭੇਡ ਦੇ ਦੁੱਧ ਵਿਚ ਅਲਫਾ-1 ਇੰਟੀਟ੍ਰੀਪਿਸਨ (ਏ.ਏ.ਟੀ.), ਮਟਰ ਅਤੇ ਹੋਰ ਦਾਲਾਂ ਵਿਚ ਲੇਗਿਊਮਿਨ, ਕਣਕ ਵਿਚ ਗਲੂਟਿਨ, ਪਾਲਕ ਦੇ ਪੱਤਿਆਂ ਵਿਚ ਫੋਟੋ ਸਿਸਟਮ-1 ਆਦਿ। ਇਨ੍ਹਾਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਪ੍ਰੋਟੀਨ ਨਾਲ ਵੀ ਵੱਖ-ਵੱਖ ਲਾਭ ਮਿਲਦਾ ਹੈ, ਜਿਵੇਂ ਮੁਰਗੀਆਂ ਦੀਆਂ ਹੱਡੀਆਂ ਤੋਂ ਪ੍ਰਾਪਤ ਕੋਲੋਜਨ ਨਾਲ ਇਹ ਨਵਾਂ ਤੱਥ ਪ੍ਰਕਾਸ਼ ਵਿਚ ਆਇਆ ਹੈ ਕਿ ਇਹ ਗਠੀਆ ਰੋਗ ਤੋਂ ਪੀੜਤ ਲੋਕਾਂ ਨੂੰ ਵਿਸ਼ੇਸ਼ ਲਾਭ ਪਹੁੰਚਾਉਂਦਾ ਹੈ। ਇਸੇ ਤਰ੍ਹਾਂ ਭੇਡ ਦੇ ਦੁੱਧ ਤੋਂ ਪ੍ਰਾਪਤ ਪ੍ਰੋਟੀਨ ਅਲਫਾ-ਇੰਟੀਟ੍ਰੀਪਿਸਨ ਨਾਲ ਮਨੁੱਖ ਵਿਚ ਹੋਣ ਵਾਲੀ ਇੰਫੀਸੇਮਾ ਨਾਮਕ ਫੇਫੜੇ ਦੀ ਬਿਮਾਰੀ ਦਾ ਖ਼ਤਰਾ ਪੂਰੀ ਤਰ੍ਹਾਂ ਟਲ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖ ਦੀ ਲਾਰ ਵਿਚ ਪਾਈ ਜਾਣ ਵਾਲੀ ਪ੍ਰੋਟੀਨ ਨਾਲ ਭੋਜਨ ਦੇ ਪਾਚਣ ਅਤੇ ਰੋਗ ਨਿਵਾਰਕ ਸਮਰੱਥਾ ਵਿਚ ਵਾਧਾ ਹੁੰਦਾ ਹੈ।

ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਪਦਾਰਥਾਂ ਵਿਚ ਪ੍ਰੋਟੀਨ ਦੀ ਫੀਸਦੀ ਮਾਤਰਾ ਕ੍ਰਮਵਾਰ ਘਟਦੇ ਕ੍ਰਮ ਵਿਚ ਇਸ ਤਰ੍ਹਾਂ ਹੈ-ਸੋਇਆਬੀਨ (42 ਫੀਸਦੀ), ਮੂੰਗਫਲੀ (25 ਫੀਸਦੀ), ਮਟਰ (22 ਫੀਸਦੀ), ਛੋਲੇ (21 ਫੀਸਦੀ), ਆਂਡਾ (21 ਫੀਸਦੀ)।

-0-

# ਆਲੂ-ਪਿਆਜ਼ ਉਗਾਵੋ, ਆਮਦਨ ਵਧਾਵੋ



ਡਾ. ਰਣਜੀਤ ਸਿੰਘ

ਆਲੂ ਅਤੇ ਪਿਆਜ਼ ਰੋਕੜੀ ਸਬਜ਼ੀਆਂ ਹਨ ਆਲੂਆਂ ਹੇਠ ਪੰਜਾਬ ਵਿਚ ਸਭ ਤੋਂ ਵੱਧ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੋਈ 1,07,000 ਹੈਕਟਰ ਧਰਤੀ ਵਿਚ ਕੀਤੀ ਜਾਂਦੀ ਹੈ। ਆਲੂਆਂ ਦੀ ਬਿਜਾਈ ਅਗਲੇ ਮਹੀਨੇ ਹੋਣੀ ਹੈ। ਇਸ ਫ਼ਸਲ ਦੀ ਸਫ਼ਲਤਾ ਬੀਜ ਉੱਤੇ ਨਿਰਭਰ ਕਰਦੀ ਹੈ। ਇਸ ਕਰਕੇ ਸਿਫਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪਹਿਲਾਂ ਹੀ ਪ੍ਰਬੰਧ ਕਰ ਲੈਣਾ ਜ਼ਰੂਰੀ ਹੈ। ਜੇਕਰ ਬਹੁਤੇ ਰਕਬੇ ਵਿਚ ਕਾਸ਼ਤ ਕਰਨੀ ਹੈ ਤਾਂ ਕੁਝ ਅਗੇਤੀਆਂ ਤੇ ਕੁਝ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਵਿਚ ਕੁਫ਼ਰੀ ਸੂਰਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ, ਕੁਫ਼ਰੀ ਪੁਖਰਾਜ ਅਗੇਤੀਆਂ ਕਿਸਮਾਂ ਹਨ। ਕੁਫ਼ਰੀ ਗੰਗਾ, ਕੁਫ਼ਰੀ ਜਯੋਤੀ, ਕੁਫ਼ਰੀ ਪੁਸ਼ਕਰ ਅਤੇ ਕੁਫ਼ਰੀ ਬਹਾਰ ਮੁੱਖ ਮੌਸਮ ਦੀਆਂ ਕਿਸਮਾਂ ਹਨ। ਜਦੋਂ ਕਿ ਕੁਫ਼ਰੀ ਸੰਧੂਰੀ ਤੇ ਕੁਫ਼ਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਇਨ੍ਹਾਂ ਤੋਂ ਇਲਾਵਾ ਕੁਫ਼ਰੀ ਚਿਪਸੋਨਾ-1, ਕੁਫ਼ਰੀ ਚਿਪਸੋਨਾ-3 ਅਤੇ ਕੁਫ਼ਰੀ ਫਰਾਈਸੋਨਾ ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਦੇ ਆਲੂਆਂ ਨੂੰ ਚਿਪਸ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਹੁਣ ਪੁੱਟਿਆ ਜਾ ਰਿਹਾ ਆਲੂ ਵੀ ਬੀਜ ਲਈ ਵਰਤਿਆ ਜਾ ਸਕਦਾ ਹੈ ਪਰ ਇਸ ਦੀ ਨੀਂਦ ਤੋੜਨੀ ਚਾਹੀਦੀ ਹੈ। ਇਹ ਨੀਂਦ ਤੋੜਨ ਲਈ ਕੱਟੇ ਹੋਏ ਆਲੂਆਂ 1% (10 ਗ੍ਰਾਮ) ਥਾਇਓਯੂਰੀਆ ਅਤੇ ਇਕ ਮਿਲੀਗ੍ਰਾਮ ਪ੍ਰਤੀ ਲਿਟਰ ਗਿਬਰੈਲਿਕ ਏਸਿਡ ਦੇ ਘੋਲ ਵਿਚ ਇਕ ਘੰਟੇ ਲਈ ਡੁਬੋ ਕੇ ਰੱਖੋ। ਇਨ੍ਹਾਂ ਆਲੂਆਂ ਨੂੰ 24 ਘੰਟੇ ਛਾਵੇਂ ਖਿਲਾਰ ਕੇ ਸੁਕਾਇਆ ਜਾਵੇ। ਆਲੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬੀਜ ਵਾਲੇ ਆਲੂਆਂ ਨੂੰ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ਵਿਚ 10 ਮਿੰਟ ਤਾਂਈ ਡੁਬੋ ਕੇ ਰੱਖੋ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 80 ਕਿਲੋ ਯੂਰੀਆ, 155 ਕਿੱਲੋ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਡ੍ਰਿਲ ਕੀਤੀ ਜਾਵੇ। ਏਨਾ ਹੀ ਯੂਰੀਆ ਮਿੱਟੀ ਚਾੜ੍ਹਨ ਸਮੇਂ ਪਾਇਆ ਜਾਵੇ। ਰੂੜੀ ਜਾਂ ਹਰੀ ਖਾਦ ਦੀ ਵਰਤੋਂ ਜ਼ਰੂਰੀ ਹੈ। ਇਕ ਏਕੜ ਵਿਚ ਕੋਈ 15 ਕੁਇੰਟਲ ਬੀਜ ਪੈਂਦਾ ਹੈ। ਬਿਜਾਈ ਪਲਾਂਟਰ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਵਿਚ ਲਾਈਨਾਂ ਲਗਾਈਆਂ ਜਾਣ। ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 20 ਸੈ. ਮੀਟਰ ਦਾ ਫਾਸਲਾ ਰੱਖਿਆ ਜਾਵੇ। ਬਿਜਾਈ ਕਰਨ ਤੋਂ ਤੁਰੰਤ ਪਿਛੋਂ ਪਹਿਲਾ ਪਾਣੀ ਦਿੱਤਾ ਜਾਵੇ। ਪਾਣੀ ਲਾਉਂਦੇ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਉਤੋਂ ਦੀ ਨਾ ਲੰਘੇ। ਇਸ ਕਰਕੇ ਹਲਕਾ ਪਾਣੀ ਦੇਣਾ ਚਾਹੀਦਾ ਹੈ। ਅਗੇਤੀਆਂ ਕਿਸਮਾਂ ਤਿੰਨ ਮਹੀਨਿਆਂ ਵਿਚ ਤਿਆਰ ਹੋ ਜਾਂਦੀਆਂ ਹਨ, ਜਦੋਂ ਕਿ ਦੂਜੀਆਂ ਕਿਸਮਾਂ 10-15 ਦਿਨ ਵੱਧ ਲੈਂਦੀਆਂ ਹਨ। ਆਲੂ ਬੀਜਣ ਸਮੇਂ ਕਨਸ਼ੋਰਮੀਅਮ ਜੈਵਿਕ ਖਾਦ ਚਾਰ ਕਿਲੋ ਪ੍ਰਤੀ ਏਕੜ ਮਿੱਟੀ ਵਿਚ ਰਲਾ ਕੇ ਪਾਉਣੀ ਚਾਹੀਦੀ ਹੈ। ਖੇਤ ਵਿਚ 25 ਕੁਇੰਟਲ ਪ੍ਰਤੀ ਏਕੜ ਵਿਛਾਉਣ ਨਾਲ ਯੂਰੀਏ ਦੀ ਮਾਤਰਾ ਘੱਟ ਕੀਤੀ ਜਾ ਸਕਦੀ ਹੈ।







ਆਲੂਆਂ ਵਾਂਗ ਪਿਆਜ਼ ਵੀ ਇਕ ਹੋਰ ਰੋਕੜੀ ਫ਼ਸਲ ਹੈ। ਜਿਨ੍ਹਾਂ ਦੀ ਵਰਤੋਂ ਸਾਰੀਆਂ ਸਬਜ਼ੀਆਂ ਵਿਚ ਕੀਤੀ ਜਾਂਦੀ ਹੈ। ਪਿਆਜ਼ ਦਾ ਝਾੜ ਵੀ ਆਲੂਆਂ ਦੇ ਬਰਾਬਰ ਹੀ ਹੈ ਪਰ ਖਰਚਾ ਘੱਟ ਆਉਂਦਾ ਹੈ, ਮਿਹਨਤ ਵੀ ਘੱਟ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਪਿਆਜ਼ ਦੀ ਕੀਮਤ ਆਲੂਆਂ ਨਾਲੋਂ ਹਮੇਸ਼ਾ ਵੱਧ ਹੀ ਰਹਿੰਦੀ ਹੈ। ਪਰ ਪਿਆਜ਼ ਹੇਠ ਮਸਾਂ 10 ਕੁ ਹਜ਼ਾਰ ਹੈਕਟਰ ਧਰਤੀ ਹੀ ਹੈ। ਇਸ ਵਾਰ ਕੁਝ ਰਕਬੇ ਵਿਚ ਪਿਆਜ਼ ਜਰੂਰ ਲਗਾਉਣੇ ਚਾਹੀਦੇ ਹਨ। ਜੇਕਰ ਪਨੀਰੀ ਤਿਆਰ ਹੈ ਤਾਂ ਇਸ ਨੂੰ ਪੁੱਟ ਕੇ ਹੁਣ ਖੇਤ ਵਿਚ ਲਗਾਇਆ ਜਾ ਸਕਦਾ ਹੈ। ਪੰਜਾਬ ਵਿਚ ਕਾਸ਼ਤ ਲਈ ਪੀ. ਓ. ਐਚ.-1, ਪੀ ਆਰ. ਓ.-7, ਪੀ. ਆਰ. ਓ.-1, ਪੀ. ਆਰ. ਓ.-6, ਪੰਜਾਬ ਵਾਈਟ ਅਤੇ ਪੰਜਾਬ ਨਰੋਆ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਜੇਕਰ ਆਪ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਢੁਕਵੀਂ ਉਮਰ ਦੀ ਅਤੇ ਸਿਫਾਰਸ਼ ਕੀਤੀ ਕਿਸਮ ਪਨੀਰੀ ਲੈਣੀ ਚਾਹੀਦੀ ਹੈ। ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਪਨੀਰੀ ਲਗਾਈ ਜਾਵੇ। ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 15 ਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਦੇ ਪ੍ਰਤੀ ਏਕੜ ਪਾਏ ਜਾਣ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 35 ਕਿੱਲੋ ਮੂਰੀਏਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਛੋਟੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਲੂ ਤੇ ਪਿਆਜ਼ ਦੀ ਕਾਸ਼ਤ ਵੱਲ ਧਿਆਨ ਦੇਣ। ਇਹ ਦੋਵੇਂ ਫ਼ਸਲਾਂ ਜਿਥੇ ਆਮਦਨ ਵਿਚ ਵਾਧਾ ਕਰਦੀਆਂ ਹਨ ਉਥੇ ਟੱਬਰ ਦੇ ਮੈਂਬਰਾਂ ਨੂੰ ਕਾਰੇ ਵੀ ਲਗਾਉਂਦੀਆਂ ਹਨ। ਮੰਡੀ ਵਿਚ ਆਲੂ ਅਤੇ ਪਿਆਜ਼ ਦੀ ਕੀਮਤ ਨੂੰ ਵੇਖਦੇ ਹੋਇਆਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਾਰ ਭਾਅ ਠੀਕ ਹੀ ਰਹਿਣਗੇ।

-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਨਵੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪੱਟੀ ਸ਼ਹਿਰ ਅਤੇ ਪਿੰਡ ਵਣਿੰਗ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**2. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ। ਪੰਜਾਬ ਪੱਧਰ ਦੇ ਹੋਏ ਗੁਰਮਤਿ ਮੁਕਾਬਲਿਆਂ ਵਿਚ 30 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਪੁਜੀਸ਼ਨਾਂ ਹਾਸਲ ਕੀਤੀਆਂ।

**ਮਾਲਵਾ:-**

**3. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਵਿਖੇ ਹਰ ਰੋਜ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। ਰੋਜਾਨਾ ਬੱਚਿਆਂ ਦੀ ਦਸਤਾਰ ਸਿਖਲਾਈ, ਬਾਣੀ ਸੰਥਿਆ ਅਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**4. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਦੀਆਂ ਕਲਾਸਾਂ ਤੋਂ ਇਲਾਵਾ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਕੀਤੀ ਜਾਂਦੀ ਹੈ। ਕਲਾਸਾਂ ਵਿਚ ਬੱਚਿਆਂ ਨੂੰ ਕੇਸਾਂ ਦੀ ਸੰਭਾਲ, ਬਾਣੀ ਨਾਲ ਜੁੜਨਾ ਅਤੇ ਐਲੀਮੈਂਟਰੀ ਕੋਰਸ ਸੰਬੰਧੀ ਜਾਣਕਾਰੀ ਦਿਤੀ ਜਾਂਦੀ ਹੈ। ਹਰ ਰੋਜ ਵਿਦਿਆਰਥੀਆਂ ਨੂੰ ਦਸਤਾਰ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸੰਬੰਧੀ ਕਰਵਾਏ ਗਏ ਸਮਾਗਮ ਵਿੱਚ ਬੱਚਿਆਂ ਵਲੋਂ ਸਹਿਜ ਪਾਠ ਦੀ ਸਮਾਪਤੀ ਕੀਤੀ ਗਈ। ਬੱਚਿਆਂ ਦੇ ਸ਼ੁੱਧ ਗੁਰਬਾਣੀ ਕੰਠ ਮੁਕਾਬਲੇ, ਵਾਰਤਾਲਾਪ ਅਤੇ ਲੈਕਚਰ ਮੁਕਾਬਲੇ ਵੀ ਕਰਵਾਏ ਗਏ। ਗੁਰਗੱਦੀ ਦਿਵਸ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ ਦੇ ਸੰਬੰਧ ਵਿਚ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸ੍ਰੀ ਸਹਿਜ ਪਾਠ ਵੀ ਕਰਵਾਏ ਜਾਂਦੇ ਹਨ। 129 ਬੱਚੇ ਸਹਿਜ ਪਾਠ ਕਰ ਰਹੇ ਹਨ, 26 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

6. **ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਸੀਆਂ ਸਕੂਲ ਵਿਖੇ ਕਰਵਾਏ ਗੁਰਮਤਿ ਸਮਾਗਮ ਦੌਰਾਨ ਇਤਿਹਾਸਕ ਵਿਚਾਰ ਸਾਂਝੇ ਕੀਤੇ ਗਏ। 9 ਨਵੰਬਰ ਨੂੰ ਪਿੰਡ ਕੁਲਾਰ ਵਿਖੇ ਹੋਏ ਪੰਜਾਬ ਪੱਧਰੀ ਮੁਕਾਬਲਿਆਂ ਦੌਰਾਨ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ। 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਪਿੰਡ ਸਰਾਭਾ ਵਿਖੇ ਲੈਕਚਰ ਦੁਆਰਾ ਸਾਂਝ ਕੀਤੀ ਗਈ ਅਤੇ ਫਰੀ ਲਿਟਰੇਚਰ ਵੰਡਿਆ ਗਿਆ। 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵੱਖ-ਵੱਖ ਸਕੂਲਾਂ ਵਿਚ ਲੈਕਚਰ ਦੁਆਰਾ ਸਾਂਝ ਕੀਤੀ ਗਈ। ਪਿੰਡ ਫਰਵਾਲੀ ਵਿਖੇ ਗੁਰਮਤਿ ਮੁਕਾਬਲਿਆਂ ਦੌਰਾਨ ਕੇਂਦਰ ਲਤਾਲਾ ਦੇ 11 ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਲ ਕੀਤੀਆਂ। 10 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਅਤੇ 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**7. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਸ.ਸ.ਸ.ਸ. ਦਾਖਾ, ਸ. ਹਾਈ ਸਕੂਲ ਗੁੱਜਰਵਾਲ, ਸ.ਸ.ਸ.ਸ. ਕਿਲ੍ਹਾ ਰਾਏਪੁਰ, ਸ.ਸ.ਸ.ਸ. ਡੇਹਲੋਂ, ਦਸ਼ਮੇਸ਼ ਖਾਲਸਾ ਸ.ਸ.ਸ. ਹੇਰਾਂ, ਸ.ਸ.ਸ.ਸ. ਸਰਾਭਾ, ਸ.ਸ.ਸ.ਸ. ਨਾਰੰਗਵਾਲ, ਸ਼ਹੀਦ ਕਰਤਾਰ ਸਿੰਘ ਸਰਾਭਾ ਨਰਸਿੰਗ ਕਾਲਜ, ਡਾ: ਮਨਮੋਹਨ ਕੌਰ ਨਰਸਿੰਗ ਕਾਲਜ ਦਾਖਾ, ਖਾਲਸਾ ਸਕੂਲ ਅਹਿਮਦਗੜ੍ਹ (ਲੜਕੀਆਂ), ਜੀ.ਐਚ.ਜੀ. ਪੱਖੋਵਾਲ ਵਿਖੇ ਗੁਰਮਤਿ ਕਲਾਸਾਂ ਲਗਾਈਆਂ ਗਈਆਂ।

**ਦੁਆਬਾ**

**8. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਇਸ ਮਹੀਨੇ ਬਾਬਾ ਦੀਪ ਸਿੰਘ ਸਕੂਲ ਰੁੜਕਾ ਖੁਰਦ ਵਿਖੇ ਅਤੇ ਪੰਜਾਬ ਅਕੈਡਮੀ ਸਕੂਲ ਬੜਾ ਪਿੰਡ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਏ ਗਏ। ਵਧੀਆ ਭਾਸ਼ਣ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਰਟੈਂਡਾ ਵਿਖੇ ਦੋ ਸਹਿਜ ਪਾਠ ਆਰੰਭ ਕੀਤੇ ਗਏ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**9. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮੀ (ਸਕੂਲ) ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। 9 ਨਵੰਬਰ ਨੂੰ ਪਿੰਡ ਕੁਲਾਰ ਵਿਖੇ ਪੰਜਾਬ ਪੱਧਰ ਦੇ ਕਰਵਾਏ ਗਏ ਗੁਰਮਤਿ ਮੁਕਾਬਲੇ ਅਤੇ ਨਰੋਈ ਸਿਹਤ ਮੁਕਾਬਲੇ ਵਿੱਚ ਕੇਂਦਰ ਚੱਕ ਕਲਾਂ ਦੇ ਬੱਚਿਆਂ ਨੇ ਭਾਗ ਲੈ ਕੇ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। 15 ਨਵੰਬਰ ਨੂੰ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੇ ਸੰਬੰਧ ਵਿਚ ਪਿੰਡ ਚੱਕ ਖੁਰਦ ਵਿਖੇ ਹੋਏ ਗੁਰਮਤਿ ਸਮਾਗਮ ਵਿਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਦੀ ਸਾਂਝ

ਪਾਈ ਗਈ ਅਤੇ ਦਾਸ ਵਲੋਂ ਕਥਾ-ਵਿਚਾਰਾਂ ਵੀ ਕੀਤੀਆਂ ਗਈਆਂ। 23 ਨਵੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸੰਬੰਧ ਵਿੱਚ ਕੇਂਦਰ ਚੱਕ ਕਲਾਂ ਵਿਖੇ 5 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਤੇ ਆਰੰਭਤਾ ਵੀ ਕੀਤੀ ਗਈ। 2 ਗੁਰਦੁਆਰਿਆਂ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਕਲਾਸ, ਗਤਕੇ ਦੀ ਕਲਾਸ ਅਤੇ ਤਬਲੇ ਦੀ ਕਲਾਸ ਵੀ ਲਗਾਈ ਜਾਂਦੀ ਹੈ।

**10. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਜੈ ਭਾਰਤ ਸਕੂਲ ਸਮੁੰਦੜਾ ਅਤੇ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ 3 ਸੈਮੀਨਾਰ ਕੀਤੇ ਗਏ। 3 ਪਿੰਡਾਂ ਵਿਚ ਹਰ ਐਤਵਾਰ ਗੁਰਮਤਿ ਕਲਾਸ ਲਗਾਈ ਜਾਂਦੀ ਹੈ।



**11. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿਚ ਕਥਾ-ਵਿਚਾਰ ਕੀਤੀ ਗਈ।

**12. ਕਾਲੇਵਾਲ ਲਲੀਆਂ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਰੋਜਾਨਾ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ-ਵੀਚਾਰ ਕੀਤੀ ਜਾਂਦੀ ਹੈ। 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇੱਕ ਪ੍ਰਾਣੀ ਨੇ ਨਸ਼ਾ ਛੱਡ ਕੇ ਕੇਸ ਰੱਖੇ ਹਨ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**13. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਵੀਰਵਾਰ ਨੂੰ ਮਾਤਾਵਾਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਨੀਵਾਰ ਨੂੰ ਸਕੂਲ ਵਿਚ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**14. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**16. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**17. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**18. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**19. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਫਾ 9 ਦਾ ਬਾਕੀ**

ਦੀ ਅਸਲੀਅਤ ਨੂੰ ਸਮਝ ਲਿਆ ਹੈ। ਸਭ ਤੋਂ ਅਹਿਮ ਨੁਕਤਾ ਹੈ ਕਿ ਅਸੀਂ ਕਿਉਂ ਆਪਣੇ ਆਪ ਨੂੰ ਨਿਤਾਣਾ ਸਮਝਦੇ ਹਾਂ? ਜ਼ਿੰਦਗੀ ਵਿੱਚ ਕਦੇ ਵੀ ਹਾਰ ਨਹੀਂ ਮੰਨਣੀ ਚਾਹੀਦੀ। ਹਾਰ ਮੰਨਣ ਵਾਲਾ ਆਤਮਿਕ ਮੌਤੇ ਮਰ ਜਾਂਦਾ ਹੈ-- ੪

1. ਸਵਾਲ ਕੇਵਲ ਬੁੱਢੇ ਹੋਣ ਦਾ ਨਹੀਂ ਹੈ।ਸਵਾਲ ਅਹਿਸਾਸ ਕਰਨ ਦਾ ਹੈ।
2. ਮੌਤ ਨੇੜੇ ਆ ਰਹੀ ਹੈ। ਜਦੋਂ ਦੈਵੀ ਗੁਣਾਂ ਵਲੋਂ ਪੱਲਾ ਝਾੜ ਲਵਾਂਗੇ ਤਾਂ ਆਤਮਿਕ ਮੌਤ ਨੇੜੇ ਹੀ ਖਲੋਤੀ ਦਿਸੇਗੀ।
3. ਉਸ ਬਜ਼ੁਰਗ ਦੀ ਉਦਾਹਰਣ ਦਿੱਤੀ ਹੈ, ਜਿਹੜਾ ਸਰੀਰਕ ਪੱਖੋਂ ਤੁਰ ਫਿਰ ਨਹੀਂ ਸਕਦਾ। ਜੇ ਕਰ ਨੌਜਵਾਨ ਦਲਿੱਦਰ ਦੀ ਪੰਡ ਹੋਵੇ, ਚੰਗਾ ਭਲਾ ਸਰੀਰ ਹੋਵੇ ਤੇ ਕਰੇ ਕੁਝ ਨਾ ਤਾਂ ਇਹ ਬਜ਼ੁਰਗਾਂ ਨਾਲੋਂ ਵੀ ਗਿਆ ਗੁਜ਼ਰਿਆ ਹੈ।
4. ਉਹ ਹਰੇਕ ਮਨੁੱਖ ਬਾਵਰਾ ਹੈ ਜਿਹੜਾ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਸਮਝਦਾ—ਕੇਵਲ ਆਪਣੀ ਹੀ ਨੌਬਤ ਵਜਾਉਂਦਾ ਹੈ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥*

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਦੇ ਸਰਕਾਰੀ ਹਾਈ ਸਕੂਲ ਵਿਖੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ।



ਕੇਂਦਰ ਇੰਦਨਾ ਕਲਾਸਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਵਲੋਂ ਪਿੰਡ ਸੈਂਟ ਜੌਂਸ ਅਕੈਡਮਿਕ ਸਕੂਲ ਰੁੜਕਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਚਾਰਾਂ ਦੀ ਸਾਂਝ ਪਾਈ ਗਈ।



ਕੇਂਦਰ ਚੱਕ ਕਲਾਂ ਵਲੋਂ ਦੇ ਪਿੰਡ ਹੇਰਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਇਕ ਸਾਂਝੀ ਤਸਵੀਰ ਦੌਰਾਨ



ਕੇਂਦਰ ਚੱਕ ਕਲਾਂ ਵਲੋਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਇਕ ਸਾਂਝੀ ਤਸਵੀਰ ਦੌਰਾਨ



ਬਾਬਾ ਦੀਪ ਸਿੰਘ ਪਬਲਿਕ ਸਕੂਲ ਰੁੜਕਾ ਖੁਰਦ (ਜਲੰਧਰ) ਵਿਖੇ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੌਰਾਨ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।



ਕੇਂਦਰ ਅੱਪਰਾ ਦੇ ਪਿੰਡ ਥਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਦੇ ਪਿੰਡ ਲੁਹਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ



ਆਸਟ੍ਰੇਲੀਆ ਵਿਚ ਸਿੱਖ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਣ ਦਾ ਉਪਰਾਲਾ ਕਰਨ ਵਾਲੇ ਸ. ਬਹਾਦਰ ਸਿੰਘ ਜੀ ਨੂੰ ਕਾਲਜ ਆਉਣ 'ਤੇ ਸਨਾਮਨਤ ਕੀਤਾ ਗਿਆ।



ਕੇਂਦਰ ਖਨਾਲ ਖੁਰਦ ਦੇ ਪਿੰਡ ਖੋਤਲਾ (ਸੰਗਰੂਰ) ਦੇ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਵੀਰਾਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।





20 ਦਸੰਬਰ 2025 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਸ਼ਾਹੀ ਇਮਾਮ ਮੌਲਾਣਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਆਪਣੇ ਜਥੇ ਸਮੇਤ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਉਪਰੰਤ ਉਨ੍ਹਾਂ ਨਾਲ ਸਿੱਖ-ਇਸਲਾਮ ਧਰਮ ਦੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਵਿਚਾਰ ਗੋਸ਼ਟੀ ਵੀ ਕੀਤੀ ਗਈ।





16 ਦਸੰਬਰ 2025 ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਹਰ ਸਾਲ ਦੀ ਤਰ੍ਹਾਂ ਸੀਨੀਅਰ ਵਿਦਿਆਰਥੀਆਂ ਦੇ ਮਾਪਿਆਂ ਦੀ ਇਕੱਤਰਤਾ ਕੀਤੀ ਗਈ। ਜਿਸ ਵਿਚ ਬੱਚਿਆਂ ਦੇ ਮਾਪਿਆਂ ਅਤੇ ਕਾਲਜ ਦੇ ਪ੍ਰਬੰਧਕ ਸਾਹਿਬਾਨਾਂ ਨੇ ਆਪਣੇ ਕੀਮਤੀ ਵਿਚਾਰਾਂ ਸੰਗਤ ਵਿਚ ਸਾਂਝੇ ਕੀਤੇ।